@Qpatrika @qaumipatrikapunjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 7 June 2025

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ਨੀਵਾਰ 7 ਜੂਨ 2025, 24 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 207. qpatrika@gmail.com ਫੋਨ : 9971359517 www.qaumipatrika.org

## ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੂੰ ਧਮਕੀ ਭਰੀ ਕਾਲ ਖੁਫੀਆ ਏਜੰਸੀਆਂ ਤੁਰੰਤ ਕਾਰਵਾਈ ਕਰਨ

**ਵਿਸ਼ੇਸ਼ ਰਿਪੋਰਟ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 6 ਜੂਨ: ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੂੰ ਮਿਲੀ ਗੰਭੀਰ ਧਮਕੀ ਭਰੀ ਕਾਲ ਨੇ ਸੁਰੱਖਿਆ ਸੰਬੰਧੀ ਚਿੰਤਾਵਾਂ ਨੂੰ ਵਧਾ ਦਿੱਤਾ ਹੈ। ਕੌਮੀ ਪਤ੍ਰਿਕਾ ਇਸ ਕਾਇਰਾਨਾ ਹਰਕਤ ਦੀ ਕੜੀ ਨਿੰਦਾ ਕਰਦਾ ਹੈ। ਸ੍ਰੀਮਤੀ ਰੇਖਾ ਗੁਪਤਾ ਨੀਡਰ ਤੇ ਦ੍ਰਿੜ ਨੈਤਿਕਤਾ ਵਾਲੀ ਆਗੂ ਹਨ ਜੋ ਦਿੱਲੀ ਦੇ ਆਮ ਲੋਕਾਂ ਦੀ ਭਲਾਈ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ ਉਹ ਆਪਣੀ ਕਾਬਿਲ ਕਮਾਨੀ ਤੇ ਇਮਾਨਦਾਰ ਅਦਾਕਾਰੀ ਰਾਹੀਂ ਭ੍ਰਿਸ਼ਟਾਚਾਰ, ਗੁੰਡਾਗਰਦੀ ਅਤੇ ਮਾਫੀਆ ਸੰਸਕ੍ਰਿਤੀ ਨੂੰ ਲਲਕਾਰ ਰਹੀ ਹੈ। ਇਹੀ ਕਾਰਨ ਹੈ ਕਿ ਕਈ ਗੈਰਕਾਨੂੰਨੀ ਤੱਤ ਤੇ ਅਪਰਾਧੀ ਗਿਰੋਹ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹਨ। ਇਹ ਸਿਰਫ ਇੱਕ ਨੇਤਾ ਦੇ ਖਿਲਾਫ ਧਮਕੀ ਨਹੀਂ, ਸਗੋਂ ਲੋਕਤੰਤਰਕ ਪਰੰਪਰਾਵਾਂ ਅਤੇ ਰਾਜਨੀਤਿਕ ਸੁਰੱਖਿਆ ਉੱਤੇ ਹਮਲਾ ਹੈ। ਇਹ ਘਟਨਾ ਸਾਰਥਕ ਰੂਪ ਵਿੱਚ ਇਹ ਦਰਸਾਉਂਦੀ ਹੈ ਕਿ ਭ੍ਰਿਸ਼ਟ ਅਤੇ ਅਪਰਾਧੀ ਤੱਤ ਸੱਚੀ ਆਵਾਜ਼ ਅਤੇ ਸਾਫ਼ ਸ਼ਾਸਨ ਤੋਂ ਡਰਦੇ ਹਨ। ਅਸੀਂ ਕੇਂਦਰ ਸਰਕਾਰ, ਗ੍ਰਹਿ ਮੰਤਰਾਲਾ ਅਤੇ ਰਾਸ਼ਟਰੀ ਖੁਫੀਆ ਅਤੇ ਕਾਨੂੰਨ ਵਿਵਸਥਾ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਵੇ। ਧਮਕੀ ਦੇ ਸਰੋਤ ਦੀ ਪਛਾਣ ਕਰਕੇ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੂੰ ਉੱਚਤਮ ਜ਼ੈਡ ਪਲੱਸ ਸੁਰੱਖਿਆ ਦਿੱਤੀ ਜਾਵੇ। ਇਕ ਇਮਾਨਦਾਰ ਤੇ ਸਮਰਪਿਤ ਆਗੂ ਦੀ ਸੁਰੱਖਿਆ ਦਿੱਲੀ ਦੀ ਜਨਤਾ ਹੀ ਨਹੀਂ, ਸਗੋਂ ਪੂਰੇ ਦੇਸ਼ ਦੀ ਲਾਜ਼ਮੀ ਜ਼ਰੂਰਤ ਹੈ। ਕਿਉਂਕਿ ਸ਼੍ਰੀਮਤੀ ਰੇਖਾ ਗੁਪਤਾ ਨੇ ਕੁਝ ਦਿਨਾਂ ਦੇ ਵਿੱਚ ਹੀ ਦਿੱਲੀ ਦਾ ਰੁਖ ਬਦਲ ਦਿੱਤਾ ਹੈ ।



## ਸਰਦਾਰ ਅੰਮ੍ਰਿਤ ਸਿੰਘ ਦੇ ਮੂੰਹ ਉੱਤੇ ਪਿਸ਼ਾਬ ਕਰਨ ਵਾਲੇ ਦਿੱਲੀ ਪੁਲਿਸ ਦੇ ਕਰਮਚਾਰੀ ਖੁੱਲੇ ਆਮ ਘੁੰਮ ਰਹੇ ਹਨ

**ਵਿਸ਼ੇਸ਼ ਰਿਪੋਰਟ**
**ਗੁਰਚਰਨ ਸਿੰਘ ਬੱਬਰ**

ਨਵੀਂ ਦਿੱਲੀ, 6 ਜੂਨ । ਨਵੰਬਰ 1984 ਦੰਗਾ ਪੀੜਤ ਪਰਿਵਾਰਾਂ ਦੀ ਅਵਾਸੀ ਕਲੋਨੀ, ਸਰਦਾਰ ਕਲੋਨੀ ਸੈਕਟਰ 16 ਰੋਹਿਣੀ ਦਿੱਲੀ ਦੇ ਰਹਿਣ ਵਾਲੇ ਇਕ ਨੌਜਵਾਨ ਸਿੱਖ ਸਰਦਾਰ ਅੰਮ੍ਰਿਤ ਸਿੰਘ ਨਾਲ ਦਿੱਲੀ ਪੁਲਿਸ ਵੱਲੋਂ ਹੋਈ ਬਰਬਰਤਾ ਨੇ ਪੂਰੇ ਸਿੱਖ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਾਣਕਾਰੀ ਮੁਤਾਬਕ, 1 ਜੂਨ 2025 ਦੀ ਸ਼ਾਮ ਨੂੰ ਬਿਨਾਂ ਕਿਸੇ ਵਾਰੰਟ ਦੇ ਕਰੀਬ 6 ਪੁਲਿਸ ਵਾਲਿਆਂ ਨੇ ਸਰਦਾਰ ਅੰਮ੍ਰਿਤ ਸਿੰਘ ਨੂੰ ਜ਼ਬਰਦਸਤੀ ਇਕ ਜਿਪਸੀ ਗੱਡੀ ਵਿੱਚ ਪਾ ਕੇ ਥਾਣਾ ਕੇ.ਐੱਨ. ਕਾਟਜੂ ਮਾਰਗ ਰੋਹਿਣੀ ਲੈ ਜਾ ਕੇ ਹਿਰਾਸਤ ਵਿੱਚ ਰੱਖਿਆ। ਉਥੇ ਸ਼ਰਾਬ ਦੇ ਨਸ਼ੇ ਵਿੱਚ ਚੂਰ ਪੁਲਿਸ ਕਰਮਚਾਰੀਆਂ ਨੇ ਉਨ੍ਹਾਂ ਨੂੰ ਸਾਰੀ ਰਾਤ ਬੇਰਹਿਮੀ ਨਾਲ ਮਾਰਿਆ-ਪੀਟਿਆ । ਅੰਮ੍ਰਿਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪੁਲਿਸ ਦੇ ਕੁਝ ਅਧਿਕਾਰੀਆਂ ਨੇ ਨਸ਼ੇ ਦੀ ਹਾਲਤ ਵਿੱਚ ਉਨ੍ਹਾਂ ਦੇ ਮੂੰਹ ਉੱਤੇ ਪਿਸ਼ਾਬ ਵੀ ਕੀਤਾ ਅਤੇ ਹੱਸਦੇ ਹੋਏ ਉਨ੍ਹਾਂ ਦੀ ਤੌਹਿਨ ਕੀਤੀ। ਇਹ ਸਿਰਫ਼ ਇਕ ਨੌਜਵਾਨ ਦੀ ਪਿੱਟਾਈ ਨਹੀਂ, ਸਗੋਂ ਮਨੁੱਖਤਾ, ਸਿੱਖ ਅਸਮਿਤਾ ਅਤੇ ਆਇਨੀ ਹੱਕਾਂ ਉੱਤੇ ਸਿੱਧਾ ਹਮਲਾ ਹੈ । ਇਹ ਘਟਨਾ ਆਮ ਨਹੀਂ , ਇਹ ਸਿੱਖ ਕੌਮ ਦੇ ਮਾਨ-ਸਨਮਾਨ ਨਾਲ ਜੁੜੀ ਹੋਈ ਗੰਭੀਰ ਅਤੇ ਵਿਅਕਤਿਗਤ ਜ਼ਿਆਤੀ ਹੈ । ਅੰਮ੍ਰਿਤ ਸਿੰਘ ਦੀ ਮਾਂ ਵੱਲੋਂ ਦਿੱਲੀ ਪੁਲਿਸ ਕਮਿਸ਼ਨਰ, ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਲੈਫਟੀਨੈਂਟ ਗਵਰਨਰ, ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੂੰ ਲਿਖਤੀ ਸ਼ਿਕਾਇਤ ਭੇਜੀ ਗਈ ਹੈ । ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਹੁਣ ਤੱਕ ਦੋਸ਼ੀ ਪੁਲਿਸ ਕਰਮਚਾਰੀਆਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ ਅਤੇ ਉਹ ਅਜੇ ਵੀ ਖੁੱਲ੍ਹੇਆਮ ਘੁੰਮ ਰਹੇ ਹਨ । ਇੱਕ ਇਨਸਾਨ ਦੇ ਮੂੰਹ ਉੱਤੇ ਪਿਸ਼ਾਬ ਕਰਨਾ, ਇਹ ਨਾ ਸਿਰਫ਼ ਅਪਮਾਨਕਾਰੀ ਹੈ, ਸਗੋਂ ਗੰਭੀਰ ਅਪਰਾਧ ਵੀ ਹੈ ਜੋ ਕਿਸੇ ਵੀ ਸਵੈਸ਼ਾਸਿਤ ਲੋਕਤੰਤਰ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਕੌਮੀ ਪਤ੍ਰਿਕਾ ਕੇਂਦਰ ਸਰਕਾਰ ਤੋਂ ਮੰਗ ਕਰਦਾ ਹੈ ਕਿ ਬਿਨਾਂ ਕਿਸੇ ਹੋਰ ਦੇਰੀ ਦੇ, ਦੋਸ਼ੀ ਪੁਲਿਸ ਕਰਮਚਾਰੀਆਂ ਨੂੰ ਤੁਰੰਤ ਗਿਰਫ਼ਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ । ਇਹ ਮਾਮਲਾ ਸਿਰਫ਼ ਇੱਕ ਵਿਅਕਤੀ ਜਾਂ ਪਰਿਵਾਰ ਦਾ ਨਹੀਂ, ਸਗੋਂ ਪੂਰੀ ਸਿੱਖ ਕੌਮ ਦੇ ਆਤਮ-ਗੌਰਵ ਅਤੇ ਨਿਆਂ ਨਾਲ ਜੁੜਿਆ ਹੋਇਆ ਹੈ। ਪੀੜਤ ਪਰਿਵਾਰ ਨੇ ਇਸ਼ਾਰਾ ਦਿੱਤਾ ਹੈ ਕਿ ਜੇ ਅਦਾਲਤੀ ਕਾਰਵਾਈ ਨਾ ਹੋਈ ਤਾਂ ਉਹ ਜਲਦ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਇਸ ਮਾਮਲੇ ਵਿੱਚ ਨਿਆਂ ਲਈ ਅਪੀਲ ਕਰਨਗੇ ।



### ਅਦਾਲਤ ਨੇ ਤਹੱਵੁਰ ਰਾਣਾ ਦੀ ਨਿਆਂਇਕ ਹਿਰਾਸਤ 9 ਜੁਲਾਈ ਤੱਕ ਵਧਾਈ

ਨਵੀਂ ਦਿੱਲੀ 6 ਜੂਨ। ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨੂੰ 26/11 ਮੁੰਬਈ ਅੱਤਵਾਦੀ ਹਮਲੇ ਦੇ ਮੁਲਜ਼ਮ ਤਹੱਵੁਰ ਹੁਸੈਨ ਰਾਣਾ ਦੀ ਨਿਆਂਇਕ ਹਿਰਾਸਤ 9 ਜੁਲਾਈ ਤੱਕ ਵਧਾ ਦਿੱਤੀ। ਵਿਸ਼ੇਸ਼ ਜੱਜ ਚੰਦਰਜੀਤ ਸਿੰਘ ਨੇ ਇਹ ਹੁਕਮ ਉਦੋਂ ਦਿੱਤਾ ਜਦੋਂ ਰਾਣਾ ਨੂੰ ਉਸਦੀ ਨਿਆਂਇਕ ਹਿਰਾਸਤ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਰਾਣਾ ਦੇ ਵਕੀਲ ਨੇ ਉਸਦੀ ਸਿਹਤ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਸਨ, ਜਿਸ 'ਤੇ ਅਦਾਲਤ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਤੋਂ ਉਸਦੀ ਸਿਹਤ ਦੀ ਸਥਿਤੀ ਬਾਰੇ 9 ਜੂਨ ਤੱਕ ਰਿਪੋਰਟ ਮੰਗੀ ਹੈ। ਰਾਣਾ 26/11 ਮੁੰਬਈ ਅੱਤਵਾਦੀ ਹਮਲੇ ਦੇ ਮੁੱਖ ਸਾਜ਼ਿਸ਼ਕਰਤਾ ਅਤੇ ਅਮਰੀਕੀ ਨਾਗਰਿਕ ਡੇਵਿਡ ਕੋਲਮੈਨ ਹੈਡਲੀ ਉਰਫ ਦਾਊਦ ਗਿਲਾਨੀ ਦਾ ਕਰੀਬੀ ਸਾਥੀ ਹੈ। ਅਮਰੀਕੀ ਸੁਪਰੀਮ ਕੋਰਟ ਵੱਲੋਂ 4 ਅਪ੍ਰੈਲ ਨੂੰ ਭਾਰਤ ਨੂੰ ਉਸਦੀ ਹਵਾਲਗੀ ਵਿਰੁੱਧ ਦਾਇਰ ਕੀਤੀ ਗਈ ਉਸਦੀ ਸਮੀਖਿਆ ਪਟੀਸ਼ਨ ਨੂੰ ਰੱਦ ਕਰਨ ਤੋਂ ਬਾਅਦ ਉਸਨੂੰ ਭਾਰਤ ਲਿਆਂਦਾ ਗਿਆ ਸੀ। ਪਿਛਲੇ ਮਹੀਨੇ, ਅਦਾਲਤ ਨੇ ਉਸਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਸੀ।

### ਰਾਹੁਲ ਗਾਂਧੀ ਨੂੰ ਦੇਸ਼ ਕਦੇ ਮੁਆਫ਼ ਨਹੀਂ ਕਰੇਗਾ : ਅਨਿਲ ਵਿਜ

ਚੰਡੀਗੜ੍ਹ 6 ਜੂਨ। ਹਰਿਆਣਾ ਦੇ ਊਰਜਾ, ਟਰਾਂਸਪੋਰਟ ਤੇ ਕਿਰਤ ਮੰਤਰੀ ਅਨਿਲ ਵਿਜ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੇ 'ਨਰਿੰਦਰ ਸਰੰਡਰ' ਵਾਲੀ ਟਿੱਪਣੀ 'ਤੇ ਵੀਰਵਾਰ ਨੂੰ ਕਿਹਾ ਕਿ ਸ਼?ਰੀ ਗਾਂਧੀ ਨੂੰ ਦੇਸ਼ ਕਦੇ ਮੁਆਫ਼ ਨਹੀਂ ਕਰੇਗਾ। ਵਿਜ ਨੇ ਇੱਥੇ ਜਾਰੀ ਬਿਆਨ 'ਚ ਦੋਸ਼ ਲਗਾਇਆ ਕਿ ਸ਼?ਰੀ ਗਾਂਧੀ ਨੇ ਦੇਸ਼ ਦੀਆਂ ਸੈਨਾਵਾਂ ਅਤੇ ਦੇਸ਼ ਦਾ ਅਪਮਾਨ ਕੀਤਾ ਹੈ ਅਤੇ ਉਨ੍ਹਾਂ ਨੂੰ ਆਪਣੇ ਬਿਆਨ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼?ਰੀ ਗਾਂਧੀ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਰੇ ਇਸ ਤਰ੍ਹਾਂ ਦੀ ਸ਼ਬਦਾਵਲੀ ਦਾ ਇਸਤੇਮਾਲ ਕਰਨਾ ਕਿਸੇ ਗੱਦਾਰੀ ਨਾਲੋਂ ਘੱਟ ਨਹੀਂ ਹੈ ਅਤੇ ਸ਼?ਰੀ ਗਾਂਧੀ ਨੂੰ ਇਸ ਅਪਰਾਧ ਲਈ ਦੇਸ਼ ਦੀ ਜਨਤਾ ਨੂੰ ਕਦੇ ਵੀ ਮੁਆਫ਼ ਨਹੀਂ ਕਰਨਾ ਚਾਹੀਦਾ। ਦੱਸਣਯੋਗ ਹੈ ਕਿ ਕਾਂਗਰਸ ਆਗੂ ਨੇ ਭੋਪਾਲ 'ਚ ਪਾਰਟੀ ਦੇ ਇਕ ਪ੍ਰੋਗਰਾਮ 'ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੰਗਬੰਦੀ ਦੇ ਦਾਅਵਿਆਂ ਦੇ ਹਵਾਲੇ ਤੋਂ 'ਨਰਿੰਦਰ, ਸਰੰਡਰ' ਕਹਿ ਕੇ ਤੰਜ਼ ਕੱਸਿਆ ਸੀ। ਪਿਛਲੀ 25 ਦਿਨਾਂ 'ਚ ਸ਼?ਰੀ ਟਰੰਪ 10 ਤੋਂ ਵੱਧ ਵਾਰ ਦੋਹਰਾ ਚੁੱਕੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਉਨ੍ਹਾਂ ਨੇ ਕਰਵਾਈ ਅਤੇ ਅਜਿਹਾ ਉਨ੍ਹਾਂ ਨੇ ਵਪਾਰ ਬੰਦ ਕਰਨ ਦੀ ਧਮਕੀ ਦੇ ਕੇ ਕਰਵਾਇਆ।

### ਜੰਮੂ-ਕਸ਼ਮੀਰ ਨੂੰ ਦੁਬਾਰਾ ਰਾਜ ਬਣਨ ਦਾ ਮਿਲੇਗਾ ਦਰਜਾ

ਨਵੀਂ ਦਿੱਲੀ 6 ਜੂਨ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸ਼ੁੱਕਰਵਾਰ ਨੂੰ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦਾ ਮੁੱਦਾ ਉਠਾਇਆ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਕਸ਼ਮੀਰ ਲਈ ਪਹਿਲੀ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਅਬਦੁੱਲਾ ਨੇ ਕਿਹਾ, ÷ਇਸ ਮੰਚ 'ਤੇ ਚਾਰ ਵਿਅਕਤੀ ਹਨ, ਜੋ ਕਟੜਾ ਰੇਲਵੇ ਸਟੇਸ਼ਨ ਦੇ ਉਦਘਾਟਨ ਸਮੇਂ (2014 ਵਿੱਚ) ਮੌਜੂਦ ਸਨ। ਤੁਸੀਂ ਚੋਣ ਜਿੱਤ ਕੇ ਆਏ ਸਨ, ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸੀ। ਉਸ ਸਮੇਂ ਰਾਜ ਮੰਤਰੀ ਜਤਿੰਦਰ ਸਿੰਘ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਮੌਜੂਦ ਸਨ ਅਤੇ ਸਾਡੇ ਉਪ ਰਾਜਪਾਲ ਮਨੋਜ ਸਿਨਹਾ ਸਾਹਿਬ ਰੇਲਵੇ ਰਾਜ ਮੰਤਰੀ ਵਜੋਂ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਸਨ ਅਤੇ ਮੈਂ ਇੱਥੇ ਮੁੱਖ ਮੰਤਰੀ ਵਜੋਂ ਸੀ।÷ ਉਨ੍ਹਾਂ ਕਿਹਾ, ÷ਜੇ ਤੁਸੀਂ ਦੇਖੋ, ਤਾਂ ਮਾਤਾ (ਵੈਸ਼ਨੋ ਦੇਵੀ) ਦੇ ਆਸ਼ੀਰਵਾਦ ਨਾਲ ਸਿਨਹਾ ਨੂੰ ਤਰੱਕੀ ਮਿਲੀ ਹੈ ਅਤੇ ਮੈਨੂੰ ਪਦ-ਉਨਤੀ। ਮੈਂ ਪਹਿਲਾਂ ਇੱਕ ਰਾਜ ਦਾ ਮੁੱਖ ਮੰਤਰੀ ਸੀ ਅਤੇ ਹੁਣ ਮੈਂ ਇੱਕ ਕੇਂਦਰ ਸ਼ਾਸਤ ਪ੍ਰਦੇਸ਼ ਦਾ ਮੁੱਖ ਮੰਤਰੀ ਹਾਂ। ਹਾਲਾਂਕਿ, ਮੇਰਾ ਮੰਨਣਾ ਹੈ ਕਿ ਇਸਨੂੰ ਠੀਕ ਕਰਨ ਵਿੱਚ ਜ਼ਿਆਦਾ ਸਮਾਂ ਨਹੀਂ ਲੱਗੇਗਾ... ਤੁਹਾਡੇ ਕਾਰਜਕਾਲ ਦੌਰਾਨ ਜੰਮੂ-ਕਸ਼ਮੀਰ ਨੂੰ ਦੁਬਾਰਾ ਇੱਕ ਰਾਜ ਦਾ ਦਰਜਾ ਮਿਲੇਗਾ।÷ ਅਗਸਤ 2019 ਵਿੱਚ ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਪੁਰਾਣੇ ਰਾਜ ਨੂੰ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਪੁਨਰਗਠਿਤ ਕੀਤਾ ਗਿਆ ਸੀ। ਅਬਦੁੱਲਾ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਨੇ ਕਸ਼ਮੀਰ ਵਿੱਚ ਰੇਲ ਚਲਾਉਣ ਦਾ ਸੁਫ਼ਨਾ ਦੇਖਿਆ ਸੀ। ਉਨ੍ਹਾਂ ਕਿਹਾ, ÷ਕਸ਼ਮੀਰ ਨੂੰ ਰੇਲ ਨਾਲ ਜੋੜਨ ਦਾ ਸੁਫ਼ਨਾ ਤਾਂ ਅੰਗਰੇਜ਼ਾਂ ਨੇ ਵੀ ਦੇਖਿਆ ਸੀ ਪਰ ਉਹ ਸਫਲ ਨਹੀਂ ਹੋ ਸਕੇ। ਉਨ੍ਹਾਂ ਦੀ ਯੋਜਨਾ ਜੇਹਲਮ ਦੇ ਕੰਢੇ ਉੜੀ ਤੋਂ ਰੇਲਗੱਡੀ ਲਿਆ ਕੇ ਦੇਸ਼ ਨਾਲ ਜੋੜਨ ਦੀ ਸੀ। ਜੋ ਕੰਮ ਅੰਗਰੇਜ਼ ਨਹੀਂ ਕਰ ਸਕੇ, ਉਹ ਤੁਹਾਡੇ (ਮੋਦੀ) ਜੀ ਨੇ ਕਰ ਦਿੱਤਾ ਅਤੇ ਕਸ਼ਮੀਰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੁੜ ਗਿਆ।÷ ਅਬਦੁੱਲਾ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਕਸ਼ਮੀਰ ਲਈ ਰੇਲਗੱਡੀ ਨੂੰ ਰਾਸ਼ਟਰੀ ਮਹੱਤਵ ਵਾਲਾ ਪ੍ਰਾਜੈਕਟ ਐਲਾਨਣ ਲਈ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ, ÷ਇਹ ਇੱਕ ਵੱਡੀ ਗਲਤੀ ਹੋਵੇਗੀ ਜੇਕਰ ਮੈਂ ਸਾਬਕਾ ਪ੍ਰਧਾਨ ਮੰਤਰੀ ਵਾਜਪਾਈ ਦਾ ਧੰਨਵਾਦ ਨਹੀਂ ਕਰਦਾ। ਇਹ ਪ੍ਰਾਜੈਕਟ ਬਿਨਾਂ ਸ਼ੱਕ 1983-84 ਵਿੱਚ ਸ਼ੁਰੂ ਕੀਤਾ ਗਿਆ ਸੀ... ਪਰ ਇਹ ਉਦੋਂ ਹੀ ਪੂਰਾ ਹੋਇਆ ਜਦੋਂ ਵਾਜਪਾਈ ਨੇ ਇਸਨੂੰ ਰਾਸ਼ਟਰੀ ਮਹੱਤਵ ਵਾਲਾ ਪ੍ਰਾਜੈਕਟ ਘੋਸ਼ਿਤ ਕੀਤਾ

## ਪਲਵਲ ਵਿਧਾਨਸਭਾ ਖੇਤਰ ਦੇ ਵਿਕਾਸ ਕੰਮਾਂਲਈ 5 ਕਰੋੜ ਰੁਪਏ ਦਾ ਐਲਾਨ

**ਪਤਰ ਪਰੇਰਕ**

ਚੰਡੀਗੜ੍ਹ, 6 ਜੂਨ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪਲਵਲ ਵਾਸੀਆਂ ਨੂੰ ਵਿਕਾਸ ਪਰਿਯੋਜਨਾਵਾਂ ਦੀ ਵੱਡੀ ਸੌਗਾਤ ਦਿੰਦੇ ਹੋਏ ਵਿਧਾਨਸਭਾ ਖੇਤਰ ਲਈ ਅਨੈਕ ਐਲਾਨ ਕੀਤੇ।ਉਨ੍ਹਾਂ ਨੇ ਕਿਹਾ ਕਿ ਪਲਵਲ ਵਿੱਚ ਕੌਮਾਂਤਰੀ ਪੱਧਰ ਦਾ ਮਾਡਰਨ ਸਪੋਰਟਸ ਕੰਪਲੈਕਸ ਬਣਾਇਆ ਜਾਵੇਗਾ। ਨਾਲ ਹੀ, 55 ਲੱਖ ਰੁਪਏ ਦੀ ਲਾਗਤ ਨਾਲ ਪਲਵਲ ਵਿੱਚ ਇਨਡੋਰ ਸਟੇਡੀਅਮ ਨੂੰ ਸਾਊਂਡਪਰੂਫ ਬਣਾਇਆ ਜਾਵੇਗਾ। ਇਸ ਤੋਂ ਇਲਾਵਾ, ਸੈਕਟਰ -21 ਟ?ਰਾਂਸਪੋਰਟ ਨਗਰ ਵਿੱਚ ਬੁਨਿਆਦੀ ਸਹੂਲਤਾਂ ਜਿਵੇਂ ਪਾਰਕਿੰਗ, ਬਰਸਾਤੀ ਪਾਣੀ ਦੀ ਨਿਕਾਸੀ, ਡ?ਰੇਨੇਜ ਸਿਸਟਮ, ਜਲ੍ਹ ਸਪਲਾਈ ਆਦਿ ਦੇ ਵਿਕਾਸ ਲਈ 50 ਕਰੋੜ ਰੁਪਏ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਅੱਜ ਪਲਵਲ ਵਿੱਚ ਪ੍ਰਬੰਧਿਤ ਧੰਨਵਾਦ ਰੈਲੀ ਨੂੰ ਸੰਬੋਧਿਤ ਕਰਦੇ ਹੋਏ ਉਪਰੋਕਤ ਐਲਾਨ ਕੀਤੇ। ਇਸ ਤੋਂ ਪਹਿਲਾਂ, ਮੁੱਖ ਮੰਤਰੀ ਨੇ 40 ਕਰੋੜ 39 ਲੱਖ ਰੁਪਏ ਦੀ ਲਾਗਤ ਦੀ 7 ਪਰਿਯੋਜਨਾਵਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇੰਨ੍ਹਾਂ ਵਿੱਚ 15 ਕਰੋੜ 68 ਲੱਖ ਰੁਪਏ ਦੀ ਲਾਗਤ ਦੀ 3 ਪਰਿਯੋਜਨਾਵਾਂ ਦਾ ਉਦਘਾਟਨ ਅਤੇ 24 ਕਰੋੜ 71 ਲੱਖ ਰੁਪਏ ਲਾਗਤ ਦੀ 4 ਪਰਿਯੋਜਨਾਵਾਂ ਦਾ ਨੀਂਹ ਪੱਥਰ ਸ਼ਾਮਿਲ ਹਨ। ਸ੍ਰੀ ਨਾਇਬ ਸਿੰਘ ਸੈਣੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਪਲਵਲ ਵਿਧਾਨਸਭਾ ਖੇਤਰ ਵਿੱਚ 152 ਕਿਲੋਮੀਟਰ ਦੀ 75 ਸੜਕਾਂ, ਜੋ ਹੁਣੀ ਗਾਰੰਟੀ ਪੀਰੀਅਡ ਵਿੱਚ ਹਨ, ਸਬੰਧਿਤ ਏਜੰਸੀਆਂ ਰਾਹੀਂ ਇੰਨ੍ਹਾਂ ਸੜਕਾਂ ਦੀ ਮੁਰੰਮਤ ਕਰਵਾਈ ਜਾਵੇਗੀ। ਨਾਲ ਹੀ, 37.5 ਕਿਲੋਮੀਟਰ ਦੀ 8 ਸੜਕਾਂ ਦੀ ਮੁਰੰਮਤ ਲਈ 37 ਕਰੋੜ 57 ਲੱਖ ਰੁਪਏ ਅਤੇ 54.5 ਕਿਲੋਮੀਟਰ ਲੰਬਾਈ ਦੀ 26 ਸੜਕਾਂ ਦੇ ਨਵੀਨੀਕਰਣ ਲਈ 40 ਕਰੋੜ 18 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਜਨੌਲੀ ਡਿਸਟਰੀਬਿਊਟਰੀ ਦੀ ਰਿਮਾਡਲਿੰਗ ਲਈ 50 ਲੱਖ ਰੁਪਏ ਅਤੇ 5 ਪਿੰਡਾਂ ਵਿੱਚ ਵੀਆਰ ਬ੍ਰਿਜ ਲਈ 13 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਜਮੀਨ ਉਪਲਬਧ ਹੋਣ 'ਤੇ ਮੁਸਤਫਾਬਾਦ ਵਿੱਚ 66 ਕੇਵੀ ਅਤੇ ਪਲਵਲ ਵਿੱਚ ਲਾਇਨ ਪਾਰ ਖੇਤਰ ਵਿੱਚ 220 ਕੇਵੀ ਦਾ ਸਬ-ਸਟੇਸ਼ਨ ਬਣਾਇਆ ਜਾਵੇਗਾ।ਪਲਵਲ ਸ਼ਹਿਰ ਵਿੱਚ ਭੂਮੀ ਉਪਲਬਧ ਹੋਣ 'ਤੇ ਵਿਭਾਗ ਦੇ ਮਾਨਦੰਡਾਂ ਦੇ ਅਨੁਰੂਪ ਦੋ ਨਵੇਂ ਸਕੂਲ ਖੋਲਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪਲਵਲ ਸ਼ਹਿਰ ਤੋਂ ਬਾਹਰ ਭੂਮੀ ਉਪਲਬਧ ਹੋਣ 'ਤੇ ਨਵੀਂ ਅਨਾਜ ਮੰਡੀ ਦਾ ਨਿਰਮਾਣ ਕੀਤਾ ਜਾਵੇਗਾ। ਵਾਰਡ ਨੰਬਰ 1 ਤੋਂ 10 ਵਿੱਚ ਕਲੋਨੀਆਂ ਵਿੱਚ ਕੱਚੀ ਗਲੀਆਂ ਨੂੰ ਪੱਕਾ ਕੀਤਾ ਜਾਵੇਗਾ। ਉਨ੍ਹਾਂ ਨੇ ਪਲਵਲ ਵਿਧਾਨਸਭਾ ਖੇਤਰ ਦੇ ਪਿੰਡਾਂ ਵਿੱਚ ਕਮਿਊਨਿਟੀ ਕੇਂਦਰਾਂ ਲਈ 5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਪਲਵਲ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਤਹਿਤ ਡੇ?ਰਨੇਜ ਸਿਸਟਮ ਵਿੱਚ ਸੁਧਾਰ ਕੀਤਾ ਜਾਵੇਗਾ।ਬੜੌਲੀ ਨੂੰ ਸਬ ਤਹਿਸੀਲ ਬਨਾਉਣ ਲਈ ਇਸ ਸਬੰਧ ਵਿੱਚ ਗਠਨ ਕਮੇਟੀ ਨੂੰ ਪ੍ਰਸਤਾਵ ਭੇਜਿਆ ਜਾਵੇਗਾ। ਇਸ ਤੋਂ ਇਲਾਵਾ, ਹੋਰ ਮੰਗਾਂ ਦੀ ਫਿਜੀਬਿਲਿਟੀ ਚੈਕ ਕਰਵਾ ਕੇ, ਉਨ੍ਹਾਂ ਨੂੰ ਵੀ ਪੂਰਾ ਕਰਵਾਇਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਆਗਰਾ ਨਹਿਰ ਦੀ ਪਟਰੀ 'ਤੇ ਸੜਕ ਦੇ ਵਿਸਤਾਰ ਦੇ ਡਿਜੀਬਿਲਿਟੀ ਚੈਕ ਕਰਵਾ ਕੇ ਇਸ ਨੂੰ ਬਨਾਉਣ ਦਾ ਕੰਮ ਕੀਤਾ ਜਾਵੇਗਾ। ਪਲਵਲ ਵਿਧਾਨਸਭਾ ਖੇਤਰ ਦੇ ਗ੍ਰਾਮੀਣ ਖੇਤਰ ਦੇ ਵਿਕਾਸ ਕੰਮਾਂ ਲਈ ਵੀ ਵੱਖ ਤੋਂ 5 ਕਰੋੜ ਰੁਪਏ ਦਾ ਐਲਾਨ ਕੀਤਾ।

## "ਏਕ ਚੁਟਕੀ ਸਿੰਧੂਰ ਕੀ ਕੀਮਤ ਤੁਮ ਕਿਆ ਜਾਨੋ ਨਰੇਂਦਰ": ਮੁੱਖ ਮੰਤਰੀ ਮਾਨ

**ਪਤਰ ਪਰੇਰਕ ਵਿਸ਼ੇਸ਼**

ਲੁਧਿਆਣਾ , 6 ਜੂਨ: ਪਾਕਿਸਤਾਨ 'ਚ ਅੱਤਵਾਦੀਆਂ ਖ਼?ਲਾਫ਼ ਕੀਤੇ ਗਏ ਆਪ੍ਰੇਸ਼ਨ ਸਿੰਧੂਰ ਨੂੰ ਲੈ ਕੇ ਭਾਜਪਾ ਅਤੇ ਦੂਜੀ ਵਿਰੋਧੀ ਪਾਰਟੀ ਦੇ ਆਗੂਆਂ ਵਿਚਾਲੇ ਸ਼ੁਰੂ ਹੋਈ ਜ਼ਬਾਨੀ ਜੰਗ ਦਿਨ-ਬ-ਦਿਨ ਤੇਜ਼ ਹੁੰਦੀ ਜਾ ਰਹੀ ਹੈ, ਜਿਸ ਦੇ ਤਹਿਤ ਪੰਜਾਬ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਮੋਦੀ 'ਤੇ ਤੰਜ ਕੱਸਿਆ 'ਇਕ ਚੁਟਕੀ ਸਿੰਧੂਰ ਦੀ ਕੀਮਤ ਤੁਮ ਕਿਆ ਜਾਨੋ ਨਰੇਂਦਰ।' ਇਸ ਲੜਾਈ ਦੀ ਸ਼ੁਰੂਆਤ ਭਾਜਪਾ ਵੱਲੋਂ ਪਾਕਿਸਤਾਨ ਖ਼?ਲਾਫ਼ ਕੀਤੇ ਗਏ 'ਆਪ੍ਰੇਸ਼ਨ ਸਿੰਧੂਰ' ਦੀ ਸਫ਼ਲਤਾ ਨੂੰ ਚੋਣ ਮੁੱਦਾ ਬਣਾਉਣ ਦੇ ਨਾਲ ਹੀ ਹਰ ਘਰ ਸਿੰਧੂਰ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਨਾਲ ਹੋਈ ਹੈ, ਜਿਸ 'ਤੇ 3$ ਮਾਨ ਨੇ ਪਿਛਲੇ ਦਿਨੀਂ 'ਵਨ ਨੇਸ਼ਨ, ਵਨ ਹਸਬੈਂਡ' ਦੀ ਟਿੱਪਣੀ ਕੀਤੀ ਗਈ ਸੀ, ਜਿਸ ਨੂੰ ਲੈ ਕੇ ਭਾਜਪਾ ਦੇ ਆਗੂਆਂ ਵੱਲੋਂ ਕਾਫੀ ਨਾਰਾਜ਼ਗੀ ਜ਼ਾਹਿਰ ਕੀਤੀ ਜਾ ਰਹੀ ਹੈ। ਇਸ ਦੇ ਜਵਾਬ ਵਿਚ ਭਗਵੰਤ ਮਾਨ ਨੇ ਕਿਹਾ ਕਿ ਅਸੀਂ ਫੌਜਾਂ ਦਾ ਬਹੁਤ ਸਨਮਾਨ ਕਰਦੇ ਹਾਂ ਅਤੇ ਪੰਜਾਬ ਨੇ ਹਮੇਸ਼ਾ ਬਾਰਡਰ 'ਤੇ ਲੜਾਈ ਲੜੀ ਹੈ ਪਰ ਫੌਜ ਦੇ ਨਾਂ 'ਤੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਜਿਥੋਂ ਤੱਕ ਸਿੰਧੂਰ ਦਾ ਸਵਾਲ ਹੈ, ਇਹ ਸਿਰਫ ਪਤੀ ਹੀ ਪਤਨੀ ਦੀ ਮਾਂਗ 'ਚ ਲਗਾ ਸਕਦਾ ਹੈ। ਜੇਕਰ ਕਿਸੇ ਨੂੰ ਭਾਜਪਾ ਵਾਲਿਆਂ ਤੋਂ ਸਿੰਧੂਰ ਲਗਵਾਉਣਾ ਹੈ ਤਾਂ ਉਸ ਦੀ ਮਰਜ਼ੀ, ਜਦਕਿ ਪੀ. ਐੱਮ. ਮੋਦੀ ਲਈ ਤਾਂ ਇਹ ਕਿਹਾ ਜਾ ਸਕਦਾ ਹੈ ਕਿ 'ਇਕ ਚੁਟਕੀ ਸਿੰਧੂਰ ਦੀ ਕੀਮਤ ਤੁਮ ਕਿਆ ਜਾਨੋ ਨਰੇਂਦਰ।' ਮਾਨ ਨੇ ਕਿਹਾ ਕਿ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਕੇਂਦਰੀ ਬਿੱਟੂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਭਾਜਪਾ 'ਚ ਕਾਂਗਰਸ ਦੇ ਵਿੰਗ ਵਜੋਂ ਕੰਮ ਕਰ ਰਹੇ ਹਨ, ਕਿਉਂਕਿ ਜਦ ਇਹ ਨੇਤਾ ਕਾਂਗਰਸ 'ਚ ਸਨ



ਤਾਂ ਭਾਜਪਾ ਦੇ ਖਿਲਾਫ ਬੋਲ ਰਹੇ ਸਨ ਅਤੇ ਹੁਣ ਭਾਜਪਾ 'ਚ ਜਾ ਕੇ ਪੰਜਾਬ ਦੇ ਮੁੱਦਿਆਂ 'ਤੇ ਚੁੱਪੀ ਧਾਰ ਲਈ ਹੈ। ਸੀ. ਐੱਮ. ਮਾਨ ਨੇ ਕਿਹਾ ਕਿ ਉਕਤ ਤਿੰਨਾਂ ਆਗੂਆਂ ਨੂੰ ਕੇਂਦਰ ਦੀ ਮੋਦੀ ਸਰਕਾਰ ਕੋਲ ਪੰਜਾਬ ਦੇ ਆਰ. ਡੀ. ਐੱਫ. ਦਾ ਕਈ ਹਜ਼ਾਰ ਕਰੋੜ ਰਿਲੀਜ਼ ਲਈ ਸਿਫਾਰਿਸ਼ ਕਰਨੀ ਚਾਹੀਦੀ ਹੈ।

## ਕੋਰੋਨਾ ਮਾਮਲਿਆਂ ਦੀ ਗਿਣਤੀ 5,000 ਪਾਰ

ਨਵੀਂ ਦਿੱਲੀ 6 ਜੂਨ। ਦੇਸ਼ 'ਚ ਕੋਵਿਡ-19 ਦੇ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 5,000 ਨੂੰ ਪਾਰ ਕਰ ਗਈ ਹੈ ਅਤੇ ਕੇਰਲ ਸਭ ਤੋਂ ਵੱਧ ਪ੍ਰਭਾਵਿਤ ਰਾਜ ਬਣਿਆ ਹੋਇਆ ਹੈ, ਇਸ ਤੋਂ ਬਾਅਦ ਗੁਜਰਾਤ, ਪੱਛਮੀ ਬੰਗਾਲ ਤੇ ਦਿੱਲੀ ਦਾ ਨੰਬਰ ਆਉਂਦਾ ਹੈ। ਇਹ ਜਾਣਕਾਰੀ ਸਿਹਤ ਮੰਤਰਾਲੇ ਵੱਲੋਂ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਤੋਂ ਪ੍ਰਾਪਤ ਹੋਈ ਹੈ। ਸੰਕਰਮਿਤ ਮਰੀਜ਼ਾਂ ਦੀ ਗਿਣਤੀ ਵਿੱਚ ਵਾਧੇ ਦੇ ਮੱਦੇਨਜ਼ਰ, ਕੇਂਦਰ ਹਸਪਤਾਲਾਂ 'ਚ ਕੋਵਿਡ-19 ਨਾਲ ਸਬੰਧਤ ਤਿਆਰੀਆਂ ਦੀ ਜਾਂਚ ਕਰਨ ਲਈ 'ਮੌਕ ਡ੍ਰਿਲ' ਕਰ ਰਿਹਾ ਹੈ। ਸਾਰੇ ਰਾਜਾਂ ਨੂੰ ਕੋਵਿਡ-19 ਮਾਮਲਿਆਂ ਵਿੱਚ ਵਾਧੇ ਦੇ ਮੱਦੇਨਜ਼ਰ ਆਕਸੀਜਨ, ਆਈਸੋਲੇਟਡ ਬੈੱਡ, ਵੈਂਟੀਲੇਟਰਾਂ ਅਤੇ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਭਾਰਤ ਵਿੱਚ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 5,364 ਹੈ ਅਤੇ ਪਿਛਲੇ 24 ਘੰਟਿਆਂ ਵਿੱਚ ਲਾਗ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਅਧਿਕਾਰਤ ਸੂਤਰਾਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਮਰੀਜ਼ਾਂ ਵਿੱਚ ਲਾਗ ਦੇ ਹਲਕੇ ਲੱਛਣ ਹਨ ਅਤੇ ਘਰ ਵਿੱਚ ਇਲਾਜ ਤੋਂ ਬਾਅਦ ਠੀਕ ਹੋ ਗਏ ਹਨ। ਇਸ ਸਾਲ ਜਨਵਰੀ ਤੋਂ ਦੇਸ਼ ਵਿੱਚ ਕੋਵਿਡ-19 ਨਾਲ 55 ਲੋਕਾਂ ਦੀ ਮੌਤ ਹੋਣ ਦੀ ਰਿਪੋਰਟ ਹੈ। 22 ਮਈ ਤੱਕ, ਦੇਸ਼ ਵਿੱਚ ਸਰਗਰਮ ਮਾਮਲਿਆਂ ਦੀ ਗਿਣਤੀ 257 ਸੀ। ਮੌਜੂਦਾ 3®੭94-19 ਸਥਿਤੀ ਅਤੇ ਤਿਆਰੀ ਦੇ ਉਪਾਵਾਂ ਦਾ ਮੁਲਾਂਕਣ ਕਰਨ ਲਈ, 2 ਜੂਨ ਅਤੇ 3 ਜੂਨ ਨੂੰ ਸਿਹਤ ਸੇਵਾਵਾਂ ਦੇ ਡਾਇਰੈਕਟਰ ਜਨਰਲ ਡਾ. ਸੁਨੀਤਾ ਸ਼ਰਮਾ ਦੀ ਪ੍ਰਧਾਨਗੀ ਹੇਠ ਆਫ਼ਤ ਪ੍ਰਬੰਧਨ ਸੈੱਲ, ਐਮਰਜੈਂਸੀ ਪ੍ਰਬੰਧਨ ਪ੍ਰਤੀਕਿਰਿਆ ਸੈੱਲ, ਰਾਸ਼ਟਰੀ ਰੋਗ ਨਿਯੰਤਰਣ ਕੇਂਦਰ ਭਾਰਤੀ ਮੈਡੀਕਲ ਖੋਜ ਪ੍ਰੀਸ਼ਦ ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ ਅਤੇ ਦਿੱਲੀ ਦੇ ਕੇਂਦਰ ਸਰਕਾਰ ਦੇ ਹਸਪਤਾਲਾਂ ਦੇ ਪ੍ਰਤੀਨਿਧੀਆਂ ਅਤੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਤੀਨਿਧੀਆਂ ਨਾਲ ਤਕਨੀਕੀ ਸਮੀਖਿਆ ਮੀਟਿੰਗਾਂ ਦੀ ਇੱਕ ਲੜੀ ਆਯੋਜਿਤ ਕੀਤੀ ਗਈ। 4 ਜੂਨ ਨੂੰ, ਅਧਿਕਾਰਤ ਸੂਤਰਾਂ ਨੇ ਕਿਹਾ ਕਿ IDSP ਅਧੀਨ ਰਾਜ ਅਤੇ ਜ਼ਿਲ੍ਹਾ ਨਿਗਰਾਨੀ ਇਕਾਈਆਂ ਇਨਫਲੂਐਂਜ਼ਾ ਵਰਗੀਆਂ ਬਿਮਾਰੀਆਂ (9*9) ਅਤੇ ਗੰਭੀਰ ਸਾਹ ਦੀਆਂ ਬਿਮਾਰੀਆਂ (SARI) ਦੀ ਨੇੜਿਓਂ ਨਿਗਰਾਨੀ ਕਰ ਰਹੀਆਂ ਹਨ। ਇੱਕ ਅਧਿਕਾਰਤ ਸਰੋਤ ਨੇ ਕਿਹਾ ਸੀ ਕਿ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ, ਸਾਰੇ SARI ਮਾਮਲਿਆਂ ਵਿੱਚ ਜਾਂਚ ਦੀ ਸਿਫਾਰਸ਼ ਕੀਤੀ ਜਾਂਦੀ ਹੈ ਅਤੇ ILI-ਸਬੰਧਤ ਮਾਮਲਿਆਂ ਅਤੇ SARI ਵਜੋਂ ਪੁਸ਼ਟੀ ਕੀਤੇ ਗਏ ਨਮੂਨਿਆਂ ਦੇ ਪੰਜ ਪ੍ਰਤੀਸ਼ਤ ICMR VRDL ਨੈੱਟਵਰਕ ਰਾਹੀਂ ਪੂਰੇ ਜੀਨੋਮ ਸੀਕਵੈਂਸਿੰਗ ਲਈ ਭੇਜੇ ਜਾ ਰਹੇ ਹਨ।

## ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਵਿਖੇ ਪੈਟ ਸਕੈਨ ਸਹੂਲਤ ਸ਼ੁਰੂ

**ਪਤਰ ਪਰੇਰਕ**

ਨਵੀਂ ਦਿੱਲੀ, 6 ਜੂਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਗੁਰੂ ਹਰਿਕ੍ਰਿਸ਼ਨ ਪੋਲੀ ਕਲੀਨਿਕ ਵਿਖੇ ਅੱਜ ਪੈਟ ਸਕੈਨ ਟੈਸਟ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ। ਇਸ ਟੈਸਟ ਰਾਹੀਂ ਸਰੀਰ ਵਿਚ ਕੈਂਸਰ ਰੋਗ ਦਾ ਪਤਾ ਲੱਗਦਾ ਹੈ। ਅੱਜ ਕਾਰ ਸੇਵਾ ਵਾਲੇ ਬਾਬਾ ਬਚਨ ਸਿੰਘ ਜੀ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਅਰਦਾਸ ਉਪਰੰਤ ਕੀਤਾ। ਇਸ ਮੌਕੇਵਦਿੱਲੀ ਸਰਕਾਰ ਵਿੱਚ ਕੈਬਿਨੇਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਰਹੇ। ਇਸ ਮੌਕੇ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜਿਥੇ ਮਾਰਕੀਟ ਵਿਚ ਪੈਟ ਸਕੈਨ ਟੈਸਟ 25 ਹਜ਼ਾਰ ਰੁਪਏ ਵਿਚ ਹੁੰਦਾ ਹੈ, ਉਥੇ ਹੀ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਵਿਚ ਇਹ ਟੈਸਟ ਸਿਰਫ 7 ਹਜ਼ਾਰ ਰੁਪਏ ਵਿਚ ਹੋਵੇਗਾ। ਉਹਨਾਂ ਦੱਸਿਆ ਕਿ ਇਸ ਸਹੂਲਤ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਵਿਚ ਸਿਰਫ 50 ਰੁਪਏ ਵਿਚ ਐਮ ਆਰ ਆਈ ਅਤੇ ਸੀ ਟੀ ਸਕੈਨ ਦੀ ਸਹੂਲਤ ਮਿਲ ਰਹੀ ਹੈ ਤੇ ਅੱਜ ਤੱਕ ਇਕ ਲੱਖ ਤੋਂ ਜ਼ਿਆਦਾ ਲੋਕਾਂ ਨੇ ਇਸ ਸਹੂਲਤ ਦਾ ਲਾਭ ਲਿਆ ਹੈ। ਉਹਨਾਂ ਦੱਸਿਆ ਕਿ ਇਸੇ ਤਰੀਕੇ ਬਾਲਾ ਸਾਹਿਬ ਹਸਪਤਾਲ ਵਿਚ ਮੁਫਤ ਡਾਇਲਸਿਸ ਸਹੂਲਤ ਦਾ ਵੀ ਸੰਗਤਾਂ ਲਾਭ ਲੈ ਰਹੀਆਂ ਹਨ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦਿੱਲੀ ਗੁਰਦੁਆਰਾ




ਕਮੇਟੀ ਜਿਥੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਚਲਾਉਣ ਦੀ ਆਪਣੀ ਮੁੱਢਲੀ ਜ਼ਿੰਮੇਵਾਰੀ ਨਿਭਾ ਰਹੀ ਹੈ, ਉਥੇ ਹੀ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਵੀ ਵੱਡੀਆਂ ਸੇਵਾਵਾਂ ਦੇ ਰਹੀ ਹੈ। ਉਹਨਾਂ ਕਿਹਾ ਕਿ ਜਿਥੇ ਸਿੱਖਿਆ ਦੇ ਖੇਤਰ ਵਿਚ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਚਲਾਈਆਂ ਜਾ ਰਹੀਆਂ ਹਨ, ਉਥੇ ਹੀ ਸਿਹਤ ਦੇ ਖੇਤਰ ਵਿਚ ਗੁਰੂ ਹਰਿਕ੍ਰਿਸ਼ਨ ਪੋਲੀਕਲੀਨਿਕ ਤੇ ਬਾਲਾ ਸਾਹਿਬ ਹਸਪਤਾਲ ਵਿਚ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਇਹ ਸਾਰੀਆਂ ਸੇਵਾਵਾਂ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜਿਸ ਵਾਸਤੇ ਉਹ ਹਮੇਸ਼ਾ ਸੰਗਤਾਂ ਦੇ ਧੰਨਵਾਦੀ ਹਨ। ਇਸ ਮੌਕੇ 'ਤੇ ਪੈਟ ਸਕੈਨ ਮਸ਼ੀਨ ਦੇਣ ਵਾਲੇ ਟੀ ਸੀਰੀਜ਼ ਪਰਿਵਾਰ ਤੋਂ ਸ੍ਰੀਮਤੀ ਸੁਦੇਸ਼ ਅਤੇ ਕੁਮਾਰੀ ਤੁਲਸੀ ਉਚੇਚੇ ਤੌਰ 'ਤੇ ਹਾਜ਼ਰ ਸਨ। ਕਮੇਟੀ ਵੱਲੋਂ ਇਹਨਾਂ ਨੂੰ ਅਤੇ ਬਾਬਾ ਬਚਨ ਸਿੰਘ ਨੂੰ ਸਨਮਾਨਤ ਕੀਤਾ ਗਿਆ। ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਪੈਟ ਸਕੈਨ ਸਹੂਲਤ ਸ਼ੁਰੂ ਕਰਨਾ ਸ਼ਲਾਘਾਯੋਗ: ਮਨਜਿੰਦਰ ਸਿੰਘ ਸਿਰਸਾ ਇਸ ਦੌਰਾਨ ਦਿੱਲੀ ਦੇ ਕੈਬਨਿਟ ਮੰਤਰੀ ਤੇ ਕਮੇਟੀ ਦੇ ਸਾਬਕਾ ਪ੍ਰਧਾਨ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਪੈਟ ਸਕੈਨ ਸਹੂਲਤ ਸ਼ੁਰੂ ਕਰਨ 'ਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸ਼ਲਾਘਾ ਕੀਤੀ ਅਤੇ ਇਹਨਾਂ ਦੇ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਇਹ ਸਹੂਲਤ ਮਾਰਕੀਟ ਨਾਲੋਂ ਬਹੁਤ ਘੱਟ ਲਾਗਤ 'ਤੇ ਕਮੇਟੀ ਨੇ ਉਪਲਬਧ ਕਰਵਾਈ ਹੈ ਜਿਸਦਾ ਸੰਗਤ ਨੂੰ ਵੱਡਾ ਫਾਇਦਾ ਹੋਵੇਗਾ।

# ''ਮਾਂ, ਮੈਂ ਚੋਰ ਨਹੀਂ ਹਾਂ... !'' ਦੁਕਾਨਦਾਰ ਨੇ ਚੋਰੀ ਦੇ ਇਲਜ਼ਾਮ ਲਾ ਕੇ ਕੀਤੀ ਕੁੱਟਮਾਰ, ਮਗਰੋਂ ਮੁੰਡੇ ਨੇ ਜੋ ਕੀਤਾ

ਕੋਲਕਾਤਾ 6 ਜੂਨ। ਪੱਛਮੀ ਬੰਗਾਲ ਦੇ ਪੱਛਮੀ ਮੇਦਿਨੀਪੁਰ ਜ਼ਿਲ੍ਹੇ ਦੇ ਪਾਂਸਕੁਰਾ ਇਲਾਕੇ 'ਚ ਇਕ ਦੁਕਾਨਦਾਰ ਵੱਲੋਂ ਚੋਰੀ ਦਾ ਦੋਸ਼ ਲਗਾਏ ਜਾਣ ਅਤੇ ਜਨਤਕ ਤੌਰ 'ਤੇ ਸਜ਼ਾ ਦੇਣ ਤੋਂ ਬਾਅਦ ਇਕ 12 ਸਾਲਾ ਮੁੰਡੇ ਨੇ ਕੀਟਨਾਸ਼ਕ ਖਾ ਕੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਇਕ ਪੁਲਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਕ੍ਰਿਸ਼ਨੇਂਦੂ ਦਾਸ ਨਾਮ ਦਾ ਇਹ ਬੱਚਾ 7ਵੀਂ ਜਮਾਤ 'ਚ ਪੜ੍ਹਦਾ ਸੀ। ਅਧਿਕਾਰੀ ਨੇ ਕ੍ਰਿਸ਼ਨੇਂਦੂ ਦੀ ਮਾਂ ਦੇ ਹਵਾਲੇ ਨਾਲ ਕਿਹਾ ਕਿ ਵੀਰਵਾਰ ਸ਼ਾਮ ਨੂੰ ਉਹ (ਕ੍ਰਿਸ਼ਨੇਂਦੂ) ਗੋਸਾਈਬਰ ਬਾਜ਼ਾਰ 'ਚ ਇਕ ਦੁਕਾਨ 'ਤੇ ਚਿਪਸ ਖਰੀਦਣ ਗਿਆ ਸੀ। ਉਸ ਨੇ ਦੁਕਾਨਦਾਰ ਸ਼ੁਭੰਕਰ ਦੀਕਸ਼ਿਤ ਨੂੰ ਕਈ ਵਾਰ ਆਵਾਜ਼ ਮਾਰੀ, ਅੰਕਲ, ਮੈਂ ਚਿਪਸ ਖਰੀਦਣਾ ਚਾਹੁੰਦਾ ਹਾਂ ਪਰ ਕੋਈ ਜਵਾਬ ਨਹੀਂ ਮਿਲਿਆ। ਕਾਫ਼ੀ ਦੇਰ ਇੰਤਜ਼ਾਰ ਕਰਨ ਤੋਂ ਬਾਅਦ, ਉਸ ਨੇ ਚਿਪਸ ਦਾ ਇਕ ਪੈਕੇਟ ਚੁੱਕਿਆ ਅਤੇ ਚਲਾ ਗਿਆ। ਪੁਲਸ ਅਧਿਕਾਰੀ ਨੇ ਪਰਿਵਾਰ ਦੀ ਸ਼ਿਕਾਇਤ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਦੀਕਸ਼ਿਤ ਨੇ ਬੱਚੇ ਦਾ ਪਿੱਛਾ ਕੀਤਾ ਅਤੇ ਉਸ ਨੂੰ ਫੜ ਲਿਆ। ਇਸ ਤੋਂ ਬਾਅਦ ਉਸ ਨੇ ਬੱਚੇ ਨੂੰ ਥੱਪੜ ਮਾਰਿਆ ਅਤੇ ਉਸ ਨੂੰ ਸੜਕ 'ਤੇ ਸਾਰਿਆਂ ਦੇ ਸਾਹਮਣੇ ਉਠਕ-ਬੈਠਕ ਲਈ ਕਿਹਾ। ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ। ਅਧਿਕਾਰੀ ਅਨੁਸਾਰ ਦਾਸ ਦੀ ਮਾਂ ਨੂੰ ਮੌਕੇ 'ਤੇ ਬੁਲਾਇਆ ਗਿਆ ਅਤੇ ਉਨ੍ਹਾਂ ਨੇ ਵੀ ਉਸ ਨੂੰ ਝਿੜਕਿਆ ਅਤੇ ਥੱਪੜ ਮਾਰਿਆ, ਜਦੋਂ ਕਿ ਬੱਚੇ ਨੇ ਦਾਅਵਾ ਕੀਤਾ ਕਿ ਉਸ ਨੇ ਦੁਕਾਨ ਦੇ ਸਾਹਮਣੇ ਢੇਰ 'ਚ ਪਏ 'ਜੰਕ ਫੂਡ' ਦੇ ਪੈਕੇਟ ਨੂੰ ਚੁੱਕਿਆ ਸੀ ਅਤੇ ਉਹ ਬਾਅਦ 'ਚ ਭੁਗਤਾਨ ਕਰਨ ਆਉਂਦਾ। ਦਾਸ ਨੇ ਦੁਕਾਨ ਤੋਂ ਬਿਨਾਂ ਪੁੱਛੇ ਪੈਕੇਟ ਚੁੱਕਣ ਲਈ ਮੁਆਫ਼ੀ ਮੰਗਦੇ ਹੋਏ ਤੁਰੰਤ ਭੁਗਤਾਨ ਕਰਨ ਨੂੰ ਵੀ ਕਿਹਾ ਪਰ ਦੁਕਾਨਦਾਰ ਨੇ ਬੱਚੇ 'ਤੇ ਝੂਠ ਬੋਲਣ ਦਾ ਦੋਸ਼ ਲਗਾਇਆ। ਨਾਰਾਜ਼ ਕ੍ਰਿਸ਼ਨੇਂਦੂ ਆਪਣੀ ਮਾਂ ਨਾਲ ਘਰ ਆਇਆ ਅਤੇ ਆਪਣੇ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰ ਲਿਆ ਅਤੇ ਦਰਵਾਜ਼ਾ ਨਹੀਂ ਖੋਲ੍ਹਿਆ। ਅਧਿਕਾਰੀ ਨੇ ਦੱਸਿਆ ਕਿ ਕੁਝ ਦੇਰ ਬਾਅਦ ਉਸ ਦੀ ਮਾਂ ਨੇ ਗੁਆਂਢੀਆਂ ਨਾਲ ਮਿਲ ਕੇ ਦਰਵਾਜ਼ਾ ਤੋੜਿਆ ਅਤੇ ਦੇਖਿਆ ਕਿ ਉਸ ਦੇ (ਦਾਸ ਦੇ) ਮੂੰਹ 'ਚੋਂ ਝੱਗ ਨਿਕਲ ਰਹੀ ਸੀ ਅਤੇ ਨੇੜੇ ਹੀ ਕੀਟਨਾਸ਼ਕ ਦੀ ਅੱਧੀ ਖ਼ਾਲੀ ਬੋਤਲ ਪਈ ਸੀ। ਉਨ੍ਹਾਂ ਦੱਸਿਆ ਕਿ ਉੱਥੇ ਉਸ ਵਲੋਂ ਬੰਗਾਲੀ 'ਚ ਲਿਖਿਆ ਗਿਆ ਇਕ ਨੋਟ ਵੀ ਪਿਆ ਹੋਇਆ ਸੀ। ਨੋਟ 'ਚ ਲਿਖਿਆ,''ਮਾਂ, ਮੈਂ ਚੋਰ ਨਹੀਂ ਹਾਂ। ਮੈਂ ਚੋਰੀ ਨਹੀਂ ਕੀਤੀ। ਜਦੋਂ ਮੈਂ ਇੰਤਜ਼ਾਰ ਕਰ ਰਿਹਾ ਸੀ ਤਾਂ ਅੰਕਲ (ਦੁਕਾਨਦਾਰ) ਨੇੜੇ-ਤੇੜੇ ਨਹੀਂ ਸੀ। ਆਉਂਦੇ ਸਮੇਂ ਮੈਂ ਸੜਕ 'ਤੇ ਕੁਰਕੁਰੇ ਦਾ ਪੈਕੇਟ ਪਿਆ ਦੇਖਿਆ ਅਤੇ ਉਸ ਨੂੰ ਚੁੱਕ ਲਿਆ। ਮੈਨੂੰ ਕੁਰਕੁਰੇ ਬਹੁਤ ਪਸੰਦ ਹਨ।'' ਕ੍ਰਿਸ਼ਨੇਂਦੂ ਨੇ ਨੋਟ 'ਚ ਲਿਖਿਆ,''ਜਾਣ ਤੋਂ ਪਹਿਲਾਂ ਇਹ ਮੇਰੇ ਅੰਤਿਮ ਸ਼ਬਦ ਹਨ। ਕਿਰਪਾ ਇਸ ਕੀਟਨਾਸ਼ਕ ਦਾ ਸੇਵਨ ਕਰਨ ਲਈ ਮੈਨੂੰ ਮੁਆਫ਼ ਕਰਨਾ।'' ਦਾਸ ਨੂੰ ਹਸਪਤਾਲ ਲਿਜਾਇਆ ਅਤੇ ਆਈ.ਸੀ.ਯੂ. 'ਚ ਦਾਖ਼ਲ ਕਰਵਾਇਆ ਗਿਆ ਪਰ ਕੁਝ ਹੀ ਦੇਰ ਬਾਅਦ ਉਸ ਦੀ ਮੌਤ ਹੋ ਗਈ। ਦੁਕਾਨ ਮਾਲਕ ਨੇਸ਼ੁਰੂ 'ਚ ਦਾਅਵਾ ਕੀਤਾ ਸੀ ਕਿ ਉਸ ਨੇ ਬੱਚੇ 'ਤੇ ਹਮਲਾ ਨਹੀਂ ਕੀਤਾ ਪਰ ਇਸ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਉਸ ਦਾ ਪਤਾ ਨਹੀਂ ਲੱਗ ਸਕਿਆ ਅਤੇ ਉਸ ਦੀ ਬੰਦ ਦੁਕਾਨ ਦੇ ਸਾਹਮਣੇ ਭੀੜ ਇਕੱਠੀ ਗਈ। ਦੁਕਾਨਦਾਰ ਦੀਕਸ਼ਿਤ ਟਰੈਫ਼ਿਕ ਪ੍ਰਬੰਧਨ 'ਚ ਮਦਦ ਲਈ ਬੰਗਾਲ ਪੁਲਸ ਨਾਲ ਸੰਬੰਧਤ ਇਕ ਸਿਵਲੀਅਨ ਵਾਲੰਟੀਅਰ ਵੀ ਹੈ।

## ਵਿਆਹ ਦਾ ਝਾਂਸਾ ਦੇ ਮੁੰਡੇ ਨੇ ਕੁੜੀ ਨਾਲ ਕੀਤੀ ਦੋਸਤੀ, ਫਿਰ ਨਸ਼ੀਲੀ ਚੀਜ਼ ਸੁੰਘਾ ਕੇ ਕੀਤਾ

ਲੁਧਿਆਣਾ 6 ਜੂਨ। ਮੁਲਜ਼ਮ ਨੇ ਵਿਆਹ ਦਾ ਵਾਅਦਾ ਕਰਕੇ ਕੁੜੀ ਨਾਲ ਦੋਸਤੀ ਕੀਤੀ। ਜਿਸ ਤੋਂ ਬਾਅਦ ਮੁਲਜ਼ਮ ਕੁੜੀ ਦਾ ਜਿਨਸੀ ਸ਼ੋਸ਼ਣ ਕਰਦਾ ਰਿਹਾ। ਕੱਲ੍ਹ ਮੁਲਜ਼ਮ ਨੇ ਕੁੜੀ ਨੂੰ ਹਰਗੋਬਿੰਦ ਨਗਰ ਨੇੜੇ ਬੁਲਾਇਆ ਜਿੱਥੇ ਉਸਨੇ ਉਸਨੂੰ ਨਸ਼ੀਲੀ ਚੀਜ਼ ਸੁੰਘਾਈ ਅਤੇ ਇੱਕ ਕਮਰੇ ਵਿੱਚ ਲੈ ਜਾ ਕੇ ਉਸ ਨਾਲ ਜਬਰ-ਜ਼ਿਨਾਹ ਕੀਤਾ। ਪੀੜਤਾ ਨੇ ਥਾਣਾ ਡਿਵੀਜ਼ਨ ਨੰਬਰ 3 ਦੀ ਪੁਲਸ ਨੂੰ ਸ਼ਿਕਾਇਤ ਕੀਤੀ। ਜਿਸ ਤੋਂ ਬਾਅਦ ਪੁਲਸ ਨੇ ਦੋਸ਼ੀ ਦੀਪਕ ਵਿਰੁੱਧ ਮਾਮਲਾ ਦਰਜ ਕੀਤਾ। ਪੀੜਤਾ ਅਨੁਸਾਰ ਉਸਦੀ ਸੋਸ਼ਲ ਮੀਡੀਆ ਰਾਹੀਂ ਉਸਦੀ ਦੋਸਤੀ ਦੀਪਕ ਨਾਲ ਹੋਈ। 25 ਮਈ ਨੂੰ ਮੁਲਜ਼ਮ ਦੀਪਕ ਨੇ ਉਸਨੂੰ ਹਰਗੋਬਿੰਦ ਨਗਰ ਦੇ ਨੇੜੇ ਬੁਲਾਇਆ। ਜਦੋਂ ਉਹ ਚੌਕ 'ਤੇ ਪਹੁੰਚੀ ਤਾਂ ਮੌਕਾ ਦੇਖ ਕੇ ਦੀਪਕ ਨੇ ਉਸਨੂੰ ਕੋਈ ਨਸ਼ੀਲੀ ਚੀਜ਼ ਸੁੰਘਾ ਦਿੱਤੀ। ਜਿਸ ਕਾਰਨ ਉਹ ਬੇਹੋਸ਼ ਹੋ ਗਈ। ਦੀਪਕ ਉਸਨੂੰ ਆਪਣੇ ਮੋਟਰਸਾਈਕਲ 'ਤੇ ਬਿਠਾਕੇ ਇੱਕ ਕਮਰੇ ਵਿਚ ਲੈ ਗਿਆ। ਕੁਝ ਸਮੇਂ ਬਾਅਦ ਉਸਨੂੰ ਹੋਸ਼ ਆਇਆ, ਤਾਂ ਦੀਪਕ ਉਸ ਨਾਲ ਜਬਰ-ਜ਼ਿਨਾਹ ਕਰ ਰਿਹਾ ਸੀ। ਦੀਪਕ ਨੇ ਉਸਦਾ ਮੋਬਾਈਲ ਵੀ ਖੋਹ ਲਿਆ। ਮੁਲਜ਼ਮ ਦੀਪਕ ਉਸਨੂੰ ਵਿਆਹ ਦਾ ਝਾਂਸਾ ਦੇ ਕੇ ਜਬਰ-ਜ਼ਿਨਾਹ ਕਰਦਾ ਰਿਹਾ। ਇਸ ਸਬੰਧੀ ਜਾਂਚ ਅਧਿਕਾਰੀ ਪਰਮਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਪੀੜਤਾ ਦੇ ਬਿਆਨ 'ਤੇ ਦੀਪਕ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੀੜਤਾ ਦਾ ਸਿਵਲ ਹਸਪਤਾਲ ਵਿਚ ਡਾਕਟਰੀ ਮੁਆਇਨਾ ਕਰਵਾਇਆ ਗਿਆ ਹੈ। ਪੁਲਸ ਮੁਲਜ਼ਮ ਦੀਪਕ ਦੀ ਭਾਲ ਵਿੱਚ ਛਾਪੇਮਾਰੀ ਕਰ ਰਹੀ ਹੈ। ਜਲਦ ਹੀ ਮੁਲਜ਼ਮ ਨੂੰ ਕਾਬੂ ਕਰ ਲਿਆ ਜਾਵੇਗਾ।

## ਮਾਸੂਮ ਧੀਆਂ ਦੇ ਪਿਓ ਦੀ ਕਰੰਟ ਲੱਗਣ ਕਾਰਨ ਮੌਤ, ਨਹੀਂ ਦੇਖਿਆ ਜਾਂਦਾ ਪਰਿਵਾਰ ਦਾ ਹਾਲ

ਫਾਜ਼ਿਲਕਾ 6 ਜੂਨ। ਫਾਜ਼ਿਲਕਾ ਦੇ ਪਿੰਡ ਕਾਵਾਂਵਾਲੀ 'ਚ ਇਕ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਇਸ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਨੌਜਵਾਨ ਮੋਟਰ ਚਲਾਉਣ ਲਈ ਗਿਆ ਸੀ। ਇਸ ਹਾਦਸੇ ਨੇ ਪਰਿਵਾਰ ਨੂੰ ਪੂਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਹੈ। ਮ੍ਰਿਤਕ ਦੀ ਪਛਾਣ ਲਖਵਿੰਦਰ ਸਿੰਘ (26) ਵਜੋਂ ਹੋਈ ਹੈ। ਉਹ ਆਪਣੇ ਪਿੱਛੇ 2 ਮਾਸੂਮ ਬੱਚੀਆਂ ਅਤੇ ਗਰਭਵਤੀ ਪਤਨੀ ਨੂੰ ਛੱਡ ਗਿਆ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਲਖਵਿੰਦਰ ਸਿੰਘ ਦੇ ਚਾਚਾ ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਭਤੀਜਾ ਨਵਾਂ ਘਰ ਬਣਾ ਰਿਹਾ ਸੀ। ਇਸ ਦੌਰਾਨ ਕੰਧਾਂ 'ਤੇ



ਸੀਮੈਂਟ ਪਲੱਸਤਰ ਕਰਨ ਲਈ ਪਾਣੀ ਦੀ ਤਰਾਈ ਕਰ ਰਿਹਾ ਸੀ। ਜਦੋਂ ਉਹ ਮੋਟਰ ਚਲਾਉਣ ਗਿਆ ਤਾਂ ਅਚਾਨਕ ਉਸ ਨੂੰ ਬਿਜਲੀ ਦਾ ਕਰੰਟ ਲੱਗ ਗਿਆ। ਇਸ ਤੋਂ ਬਾਅਦ ਤੁਰੰਤ ਉਸ ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ, ਜਿੱਥੋਂ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ। ਇੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਫਿਲਹਾਲ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ। ਮ੍ਰਿਤਕ ਦੇ ਭਰਾ ਸੰਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ 2 ਬੱਚੀਆਂ ਦਾ ਪਿਓ ਸੀ, ਜਦੋਂ ਕਿ ਉਸ ਦੇ ਘਰ ਤੀਜਾ ਬੱਚਾ ਹੋਣ ਵਾਲਾ ਸੀ ਪਰ ਇਸ ਦੌਰਾਨ ਉਸ ਦੀ ਮੌਤ ਨੇ ਪਰਿਵਾਰ ਦਾ ਲੱਕ ਤੋੜ ਦਿੱਤਾ ਹੈ। ਉਸ ਵਲੋਂ ਆਪਣੇ ਮ੍ਰਿਤਕ ਭਰਾ ਦੇ ਪਰਿਵਾਰ ਲਈ ਆਰਥਿਕ ਮਦਦ ਦੀ ਗੁਹਾਰ ਲਾਈ ਗਈ ਹੈ।

## ਪੰਜਾਬ ਵਿਚ ਬੈਨ ਹੋਇਆ ਇਹ ਕੈਪਸੂਲ, ਵਿਕਰੀ 'ਤੇ ਲੱਗੀ ਪਾਬੰਦੀ

ਮਾਨਸਾ 6 ਜੂਨ। ਜ਼ਿਲਾ ਮੈਜਿਸਟ?ਰੇਟ ਕੁਲਵੰਤ ਸਿੰਘ ਆਈ. ਏ. ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲਾ ਮਾਨਸਾ ਦੀ ਹਦੂਦ ਅੰਦਰ ਪ੍ਰੈਗਾਬਲਿਨ 75 ਐੱਮ. ਜੀ. ਤੋਂ ਵੱਧ ਮਾਤਰਾ ਦੇ ਕੈਪਸੂਲ ਦੀ ਵਿਕਰੀ 'ਤੇ ਪਾਬੰਦੀ ਲਗਾਈ ਗਈ ਹੈ। ਉਨ੍ਹਾਂ ਕਿਹਾ ਕਿ ਕੈਮਿਸਟ ਵੱਲੋਂ ਦਵਾਈ ਦੇਣ ਸਮੇਂ ਪ੍ਰੀਸਕਰਿਪਸ਼ਨ ਸਲਿੱਪ 'ਤੇ ਆਪਣੀ ਮੋਹਰ ਲਗਾਈ ਜਾਵੇਗੀ ਅਤੇ ਦਵਾਈ ਦੇਣ ਦੀ ਮਿਤੀ ਦਰਜ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਆਮ ਤੌਰ 'ਤੇ ਮਰੀਜ਼ ਨੂੰ ਉਸ ਦੇ ਹਾਲਾਤ ਦੇ ਅਧਾਰ 'ਤੇ ਪ੍ਰੈਗਾਬਲਿਨ ਦੀ ਡੋਜ਼ 25-150 ਐੱਮ. ਜੀ. ਰੋਜ਼ਾਨਾ ਪ੍ਰੀਸਕਰਾਇਬ ਕੀਤੀ ਜਾਂਦੀ ਹੈ। ਇਹ ਹੁਕਮ 31 ਜੁਲਾਈ 2025 ਤਕ ਲਾਗੂ ਰਹਿਣਗੇ। ਜ਼ਿਲਾ ਮੈਜਿਸਟ?ਰੇਟ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੋ ਵੀ ਦੁਕਾਨਦਾਰ ਵਾਹਨਾਂ ਦੀਆਂ ਨੰਬਰ ਪਲੇਟਾਂ ਤਿਆਰ ਕਰਦੇ ਜਾਂ ਬਣਾਉਂਦੇ ਹਨ ਲਈ ਵਿਸ਼ੇਸ਼ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲਾ ਮੈਜਿਸਟਰੇਟ ਨੇ ਕਿਹਾ ਕਿ ਸ਼ਰਾਰਤੀ ਅਨਸਰ ਨੰਬਰ




ਪਲੇਟਾਂ ਬਣਾਉਣ ਵਾਲੀਆਂ ਦੁਕਾਨਾਂ ਤੋਂ ਬੜੀ ਆਸਾਨੀ ਨਾਲ ਵਹੀਕਲਾਂ ਦੀਆਂ ਜਾਅਲੀ ਨੰਬਰ ਪਲੇਟਾਂ ਬਣਾ ਲੈਂਦੇ ਹਨ ਅਤੇ ਬਾਅਦ 'ਚ ਕਿਸੇ ਵਾਰਦਾਤ ਨੂੰ ਅੰਜਾਮ ਦਿੰਦੇ ਹਨ। ਲਿਹਾਜ਼ਾ ਉਕਤ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਬਦਲੀਆਂ ਗਈਆਂ ਨੰਬਰ ਪਲੇਟਾਂ ਦੀ ਸਾਵਧਾਨੀ ਨਾਲ ਨਿਪਟਾਰਾ ਕਰਨ ਤਾਂ ਜੋ ਕੋਈ ਗਲਤ ਅਨਸਰਾਂ ਹੱਥ ਇਹ ਪਲੇਟਾਂ ਨਾ ਲੱਗਣ। ਜ਼ਿਲਾ ਮੈਜਿਸਟ?ਰੇਟ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲੇ ਦੀ ਹੱਦ ਅੰਦਰ ਸਰਕਾਰੀ ਅਤੇ ਗੈਰ ਸਰਕਾਰੀ ਬੱਸਾਂ, ਮੈਰਿਜ ਪੈਲੇਸਾਂ, ਸ਼ਹਿਰਾਂ, ਪਿੰਡਾਂ ਵਿਚ ਗਾਇਕਾਂ, ਗੀਤਕਾਰਾਂ ਅਤੇ ਬੁਲਾਰਿਆਂ ਵੱਲੋਂ ਲਗਾਏ ਜਾਣ ਵਾਲੇ ਅਖਾੜੇ ਜਾਂ ਸਟੇਜਾਂ 'ਤੇ ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਭਾਸ਼ਣਾ 'ਤੇ ਮੁਕੰਮਲ ਪਾਬੰਦੀ ਲਗਾਈ ਹੈ।

## ਟੋਲ ਪਲਾਜ਼ਾ 'ਤੇ ਚੈਕਿੰਗ ਦੌਰਾਨ ਕਾਰ 'ਚੋਂ ਮਿਲਿਆ ਇੰਨਾ ਕੈਸ਼, ਲਿਆਉਣੀ ਪੈ ਗਈ ਨੋਟ ਗਿਣਨ ਵਾਲੀ ਮਸ਼ੀਨ

ਨੈਸ਼ਨਲ ਡੈਸਕ 6 ਜੂਨ। ਯੂਪੀ ਦੇ ਮਥੁਰਾ 'ਚ ਚੈਕਿੰਗ ਦੌਰਾਨ ਇਕ ਕਾਰ 'ਚੋਂ ਕਰੀਬ ਡੇਢ ਕਰੋੜ ਰੁਪਏ ਅਤੇ 450 ਗ੍ਰਾਮ ਸੋਨਾ ਬਰਾਮਦ ਹੋਇਆ। ਇੰਨੀ ਵੱਡੀ ਗਿਣਤੀ 'ਚ ਕੈਸ਼ ਬਰਾਮਦ ਹੋਣ ਦੇ ਚਲਦੇ ਇਨਕਮ ਟੈਕਸ ਵਿਭਾਗ ਦੀ ਟੀਮ ਨੂੰ ਨੋਟ ਗਿਣਨ ਵਾਲੀ ਮਸ਼ੀਨ ਲਿਆਉਣੀ ਪੈ ਗਈ। ਟੀਮ ਨੂੰ ਪੈਸੇ ਗਿਣਨ 'ਚ ਕਰੀਬ ਦੋ ਘੰਟੇ ਲੱਗ ਗਏ। ਫਿਲਹਾਲ, ਕਾਰ ਸਵਾਰ ਇਕ ਨੌਜਵਾਨ ਨੂੰ ਹਿਰਾਸਤ 'ਚ ਲਿਆ ਗਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਪੂਰਾ ਮਾਮਲਾ ਮਾਂਟ ਥਾਣਾ ਖੇਤਰ ਸਥਿਤ ਯਮੁਨਾ ਐਕਸਪ੍ਰੈਸਵੇ ਦੇ ਜਾਬਰਾ ਟੋਲ ਪਲਾਜ਼ਾ ਦਾ ਹੈ, ਜਿਥੇ ਚੈਕਿੰਗ ਦੌਰਾਨ ਕਾਰ 'ਚੋਂ ਮੋਟੀ ਰਕਮ ਬਰਾਮਦ ਹੋਈ ਹੈ। ਕੈਸ਼ ਦੇ ਨਾਲ ਕਰੀਬ ਅੱਧਾ ਕਿੱਲੋ ਸੋਨਾ ਵੀ ਮਿਲਿਆ ਹੈ। ਕੈਸ਼ ਗਿਣਨ ਲਈ ਮਸ਼ੀਨ ਲਿਆਂਦੀ ਗਈ ਸੀ, ਜਿਸ ਨਾਲ ਕਰੀਬ ਦੋ ਘੰਟਿਆਂ 'ਚ ਗਿਣਤੀ ਪੂਰੀ ਹੋਈ ਅਤੇ ਪਤਾ ਲੱਗਾ ਕਿ ਕੁੱਲ 1 ਕਰੋੜ 49 ਲੱਖ ਰੁਪਏ ਕੈਸ਼ ਹੈ। ਦਰਅਸਲ, ਇਨਕਮ ਟੈਕਸ ਵਿਭਾਗ ਅਤੇ



ਪੁਲਸ ਨੂੰ ਸੂਚਨਾ ਮਿਲੀ ਕਿ ਮਥੁਰਾ ਦੇ ਥਾਣਾ ਗੋਵਿੰਦ ਨਗਰ ਖੇਤਰ ਦੇ ਮਾਧਵ ਕੁੰਝ ਨਿਵਾਸੀ ਦੀਪਕ ਖੰਡੇਲਵਾਲ ਦਿੱਤੀ ਤੋਂ ਚਾਂਦੀ ਲਿਆ ਕੇ ਆਗਰਾ ਵੇਚਦਾ ਹੈ। ਉਹ ਚਾਂਦੀ ਵਿਕਰੀ ਦੇ ਰੁਪਏ ਲੈ ਕੇ ਦਿੱਲੀ ਵੀ ਜਾਂਦਾ ਹੈ। ਅਜਿਹੇ 'ਚ ਮਥੁਰਾ ਦੀ ਥਾਣਾ ਮਾਂਟ ਪੁਲਸ ਨੇ ਟੋਲ ਪਲਾਜ਼ਾ 'ਤੇ ਨਾਕਾਬੰਦੀ ਕਰਾਈ ਅਤੇ ਮਥੁਰਾ ਵੱਲੋਂ ਆ ਰਹੀ ਸਵਿਫਟ ਕਾਰ ਨੂੰ ਰੋਕ ਕੇ ਉਸਦੀ ਤਲਾਸ਼ੀ ਲਈ। ਜਿਸ ਵਿੱਚੋਂ ਵੱਡੀ 'ਚ ਨਕਦੀ ਅਤੇ ਸੋਨਾ ਬਰਾਮਦ ਹੋਇਆ। ਇਸ ਮਾਮਲੇ ਵਿੱਚ ਐੱਸ.ਪੀ. ਦਿਹਾਤੀ ਸੁਰੇਸ਼ ਚੰਦ ਰਾਵਤ ਨੇ ਕਿਹਾ ਕਿ ਇਨਪੁੱਟ ਦੇ ਆਧਾਰ 'ਤੇ ਆਮਦਨ ਕਰ ਵਿਭਾਗ ਅਤੇ ਮਾਂਟ ਪੁਲਸ ਨੇ ਸਵਿਫਟ ਕਾਰ ਵਿੱਚੋਂ 1 ਕਰੋੜ, 49 ਲੱਖ ਰੁਪਏ ਅਤੇ ਲਗਭਗ ਅੱਧਾ ਕਿਲੋ ਸੋਨਾ ਬਰਾਮਦ ਕੀਤਾ ਹੈ। ਪੈਸੇ ਅਤੇ ਸੋਨਾ ਬਰਾਮਦ ਹੋਣ ਤੋਂ ਬਾਅਦ ਚਾਂਦੀ ਦੇ ਕਾਰੋਬਾਰੀ ਦੀਪਕ ਖੰਡੇਲਵਾਲ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਨੋਟਿਸ ਦੇ ਕੇ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ। ਟੀਮ ਵਿੱਚ ਆਮਦਨ ਕਰ ਅਧਿਕਾਰੀ ਲੋਕੇਸ਼ ਉਤਪ੍ਰੇਤੀ, ਆਮਦਨ ਕਰ ਇੰਸਪੈਕਟਰ ਰੰਜਨ ਸੈਣੀ, ਘਣਸ਼ਿਆਮ ਰਾਠੌਰ, ਸੰਦੀਪ ਗੁਪਤਾ, ਸ਼ਿਵਮ ਸ਼੍ਰੀਵਾਸਤਵ ਸ਼ਾਮਲ ਸਨ।

## ਕਾਰ ਨੂੰ ਲੱਗੀ ਭਿਆਨਕ ਅੱਗ, ਜਿਉਂਦਾ ਸੜਿਆ ਡਰਾਈਵਰ, ਦੇਖੋ ਦਰਦਨਾਕ ਵੀਡੀਓ

ਫਾਜ਼ਿਲਕਾ 6 ਜੂਨ। ਫਾਜ਼ਿਲਕਾ ਦੇ ਰਾਮਪੁਰਾ ਤੋਂ ਕੌਡਿਆਵਾਲੀ ਸੜਕ 'ਤੇ ਇੱਕ ਕਾਰ ਨੂੰ ਅੱਗ ਲੱਗ ਗਈ। ਅੱਗ ਨੇ ਇੰਨਾ ਭਿਆਨਕ ਰੂਪ ਧਾਰਨ ਕਰ ਲਿਆ ਕਿ ਦੱਸਿਆ ਜਾ ਰਿਹਾ ਹੈ ਕਿ ਕਾਰ ਵਿੱਚ ਸਵਾਰ ਇੱਕ ਨੌਜਵਾਨ ਦੀ ਸੜ ਕੇ ਮੌਤ ਹੋ ਗਈ। ਹਾਲਾਂਕਿ, ਮੌਕੇ 'ਤੇ ਫਾਇਰ ਬ੍ਰਿਗੇਡ ਵਿਭਾਗ ਨੂੰ ਸੂਚਿਤ ਕੀਤਾ ਗਿਆ। ਉਹ ਮੌਕੇ 'ਤੇ ਪਹੁੰਚ ਗਏ ਅਤੇ ਅੱਗ 'ਤੇ ਕਾਬੂ ਪਾਇਆ। ਪਰ ਉਦੋਂ ਤੱਕ ਵਿਅਕਤੀ ਸੜ ਚੁੱਕਾ ਸੀ। ਫਿਲਹਾਲ, ਪੁਲਿਸ ਮੌਕੇ 'ਤੇ ਪਹੁੰਚ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ



ਹੈ। ਜਾਣਕਾਰੀ ਦਿੰਦੇ ਹੋਏ ਰਾਮਪੁਰਾ ਪਿੰਡ ਦੇ ਸਰਪੰਚ ਹੈਰੀ ਨੇ ਦੱਸਿਆ ਕਿ ਜਦੋਂ ਉਹ ਪਹੁੰਚੇ ਤਾਂ ਉਨ੍ਹਾਂ ਦੇਖਿਆ ਕਿ ਕਾਰ ਸੜਕ ਕਿਨਾਰੇ ਖੜ੍ਹੀ ਸੀ ਅਤੇ ਉਸ ਵਿੱਚ ਅੱਗ ਲੱਗ ਗਈ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਫਾਇਰ ਬ੍ਰਿਗੇਡ ਵਿਭਾਗ ਨੂੰ ਫੋਨ ਕੀਤਾ, ਫਿਰ ਮੌਕੇ 'ਤੇ ਪਹੁੰਚੇ ਫਾਇਰ ਬ੍ਰਿਗੇਡ ਵਿਭਾਗ ਦੇ ਕਰਮਚਾਰੀਆਂ ਨੇ ਅੱਗ 'ਤੇ ਕਾਬੂ ਪਾਇਆ। ਪਰ ਦੁੱਖ ਦੀ ਗੱਲ ਇਹ ਹੈ ਕਿ ਕਾਰ ਵਿੱਚ ਸਵਾਰ ਇੱਕ ਨੌਜਵਾਨ ਸੀ ਜਿਸਦੀ ਮੌਤ ਹੋ ਗਈ। ਹਾਲਾਂਕਿ, ਫਾਇਰ ਬ੍ਰਿਗੇਡ ਵਿਭਾਗ ਦੇ ਕਰਮਚਾਰੀ ਕੁਲਦੀਪ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਉਹ ਰਾਮਪੁਰਾ ਤੋਂ ਕੌਡਿਆਵਾਲੀ ਸੜਕ 'ਤੇ ਪਹੁੰਚੇ ਅਤੇ ਦੇਖਿਆ ਕਿ ਕਾਰ ਪੂਰੀ ਤਰ੍ਹਾਂ ਸੜ ਚੁੱਕੀ ਸੀ। ਅੱਗ ਬੁਝਾਉਣ ਤੋਂ ਬਾਅਦ, ਇਹ ਖੁਲਾਸਾ ਹੋਇਆ ਕਿ ਕਾਰ ਵਿੱਚ ਇੱਕ ਨੌਜਵਾਨ ਸੀ ਜਿਸਦੀ ਸੜਨ ਕਾਰਨ ਮੌਤ ਹੋ ਗਈ ਸੀ।

## ਫੌਜ ''ਚ ਭਰਤੀ ਕਰਵਾਉਣ ਦਾ ਝਾਂਸਾ ਦੇ ਕੇ 9 ਲੱਖ ਰੁਪਏ ਠੱਗੇ, ਮੰਗਣ 'ਤੇ ਕੀਤਾ ਹਮਲਾ

ਫਿਰੋਜ਼ਪੁਰ 6 ਜੂਨ। ਇਕ ਨੌਜਵਾਨ ਨੂੰ ਫ਼ੌਜ ਵਿਚ ਭਰਤੀ ਕਰਵਾਉਣ ਦਾ ਝਾਂਸਾ ਦੇ ਕੇ ਲਏ 9 ਲੱਖ ਰੁਪਏ ਵਾਪਸ ਮੰਗਣ ''ਤੇ ਹਮਲਾ ਕਰਕੇ ਔਰਤ ਨੂੰ ਜ਼ਖ਼ਮੀ ਕਰਨ ਦੇ ਦੋਸ਼ ਹੇਠ ਥਾਣਾ ਮਖੂ ਦੀ ਪੁਲਸ ਨੇ 9 ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ''ਚ ਸ਼ਿਕਾਇਤਕਰਤਾ ਆਸਨਾ ਰਾਣੀ ਪਤਨੀ ਹਰਮੇਸ਼ ਸਿੰਘ ਵਾਸੀ ਰੰਗਾ ਟਿੱਬੀ ਨੇ ਦੱਸਿਆ ਕਿ ਨਾਮਜ਼ਦ ਦੋਸ਼ੀਆਂ ਨੇ ਉਸ ਦੇ ਲੜਕੇ ਸਾਗਰ ਨੂੰ ਫੌਜ ਵਿਚ ਭਰਤੀ ਕਰਵਾਉਣ ਦੇ ਬਹਾਨੇ ਉਸ ਤੋਂ 9 ਲੱਖ ਰੁਪਏ ਲਏ ਸਨ ਪਰ ਲੜਕੇ ਨੂੰ ਨੌਕਰੀ ਨਹੀਂ ਲਗਵਾਇਆ ਅਤੇ ਜਦੋਂ ਉਸ ਨੇ ਪੈਸੇ ਵਾਪਸ ਮੰਗੇ ਤਾਂ ਨਾਮਜ਼ਦ ਦੋਸ਼ੀ ਟਾਲ-ਮਟੋਲ ਕਰਦੇ ਰਹੇ। ਸ਼ਿਕਾਇਤਕਰਤਾ ਔਰਤ ਅਨੁਸਾਰ ਹੁਣ ਇਨ੍ਹਾਂ ਵੱਲੋਂ ਪੈਸਿਆਂ ਦੇ ਬਦਲੇ ਜੋ ਕੱਚੀ ਜ਼ਮੀਨ ਛੱਡੀ ਗਈ ਸੀ, ਉਸ ਵਿਚ ਜਦੋਂ ਉਹ ਬੀਜੀ ਹੋਈ ਮੱਕੀ ਨੂੰ ਪਾਣੀ ਲਗਾ ਰਹੀ ਸੀ ਤਾਂ ਦੋਸ਼ੀਆਂ ਨੇ ਹਮ-ਮਸ਼ਵਰਾ ਹੋ ਕੇ ਉਸ 'ਤੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਪੁਲਸ ਨੇ ਸੁੱਖਾ ਸਿੰਘ ਪੁੱਤਰ ਜੋਗਿੰਦਰ ਸਿੰਘ, ਹਰਮੇਸ਼ ਸਿੰਘ, ਸੋਮਾ ਰਾਣੀ ਪਤਨੀ ਹਰਮੇਸ਼ ਸਿੰਘ, ਮੁਖਤਿਆਰ ਸਿੰਘ, ਹਰਜਿੰਦਰ ਸਿੰਘ, ਗੁਰਮੇਜ਼ ਸਿੰਘ ਪੁੱਤਰ ਬਿਸ਼ਨ ਸਿੰਘ, ਮੰਗਤ ਸਿੰਘ, ਪੂਜਾ ਰਾਣੀ ਅਤੇ ਜਸਬੀਰ ਸਿੰਘ ਪੁੱਤਰ ਚੰਨਣ ਸਿੰਘ ਖ਼?ਲਾਫ਼ ਮਾਮਲਾ ਦਰਜ ਕਰਦੇ ਹੋਏ ਨਾਮਜ਼ਦ ਦੋਸ਼ੀਆਂ ਖ਼?ਲਾਫ਼ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੰਜਾਬ ਪੁਲਸ ਦਾ ਮੁਲਾਜ਼ਮ ਪੇਪਰ 'ਚ ਨਕਲ ਮਾਰਦਾ ਫੜਿ ਆ ਗਿਆ

ਬਠਿੰਡਾ 6 ਜੂਨ। ਪੰਜਾਬ ਪੁਲਸ ਪਹਿਲਾਂ ਰਿਸ਼ਵਤਖੋਰੀ ਅਤੇ ਹੋਰ ਕਾਰਨਾਂ ਕਰਕੇ ਖ਼ਬਰਾਂ 'ਚ ਰਹਿੰਦੀ ਸੀ ਪਰ ਇਸ ਵਾਰ ਪੇਪਰਾਂ 'ਚ ਧੋਖਾਧੜੀ ਕਰਨ ਲਈ ਖ਼ਬਰਾਂ 'ਚ ਆਈ ਹੈ। ਫਿਲੌਰ 'ਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ। ਪੰਜਾਬ ਪੁਲਸ ਅਕੈਡਮੀ ਫਿਲੌਰ 'ਚ ਚੱਲ ਰਹੇ ਇੱਕ ਪੇਪਰ ਦੌਰਾਨ ਬਠਿੰਡਾ ਦੇ ਹੈੱਡ ਕਾਂਸਟੇਬਲ ਫੈਜ਼ ਮੁਹੰਮਦ ਨੂੰ ਪੇਪਰ 'ਚ ਧੋਖਾਧੜੀ ਕਰਦੇ ਰੰਗੇ ਹੱਥੀਂ ਫੜਿ ਆ ਗਿਆ। ਇਹ ਘਟਨਾ 29 ਮਈ ਨੂੰ ਵਾਪਰੀ ਸੀ, ਜਿਸ ਤੋਂ ਬਾਅਦ ਉਸਨੂੰ ਇੰਟਰਮੀਡੀਏਟ ਸਕੂਲ ਕੋਰਸ ਪੂਰਾ ਕੀਤੇ ਬਿਨਾਂ ਵਾਪਸ ਭੇਜ ਦਿੱਤਾ ਗਿਆ ਹੈ। ਪੰਜਾਬ ਪੁਲਸ ਅਕੈਡਮੀ ਫਿਲੌਰ ਦੇ ਡੀ. ਐੱਸ. ਪੀ. ਇੰਡੋਰ ਵੱਲੋਂ ਜਾਰੀ ਪੱਤਰ ਅਨੁਸਾਰ 29 ਮਈ ਨੂੰ ਇੰਟਰਮੀਡੀਏਟ ਸਕੂਲ ਕੋਰਸ ਜ਼ਿਲ੍ਹਾ ਕੇਡਰ ਦੇ ਪੰਜਾਬ ਪੁਲਸ ਨਿਯਮ ਅਤੇ ਪੁਲਸ ਸਟੇਸ਼ਨ ਫੰਕਸ਼ਨਿੰਗ ਵਿਸ਼ੇ ਦੀ ਪ੍ਰੀਖਿਆ ਚੱਲ ਰਹੀ ਸੀ। ਬਠਿੰਡਾ ਪੁਲਸ ਦਾ ਹੈੱਡ ਕਾਂਸਟੇਬਲ ਫੈਜ਼ ਮੁਹੰਮਦ ਵੀ ਇਸ ਪ੍ਰੀਖਿਆ 'ਚ ਮੌਜੂਦ ਸੀ। ਉਸ ਨੂੰ ਇਸ ਵਿਸ਼ੇ ਨਾਲ ਸਬੰਧਿਤ ਇੱਕ ਸਲਿੱਪ ਨਾਲ ਫੜਿ ਆ ਗਿਆ ਸੀ। ਉਕਤ ਪੱਤਰ 'ਚ ਕਿਹਾ ਗਿਆ ਸੀ ਕਿ ਉਕਤ ਹੈੱਡ




ਕਾਂਸਟੇਬਲ ਨੇ ਪੀ. ਟੀ. ਸੀ. ਮੈਨੂਅਲ ਦੇ ਚੈਪਟਰ ਨੰਬਰ-4 ਦੇ ਪੈਰਾ ਨੰਬਰ 4.3-1 ਅਤੇ ਇਸ ਅਕੈਡਮੀ ਵੱਲੋਂ ਦਿੱਤੇ ਗਏ ਹੁਕਮਾਂ ਦੀ ਉਲੰਘਣਾ ਕੀਤੀ ਹੈ, ਜਿਸ ਕਾਰਨ ਉਕਤ ਹੈੱਡ ਕਾਂਸਟੇਬਲ ਨੇ ਅਜਿਹਾ ਕਰਕੇ ਪੁਲਸ ਅਨੁਸ਼ਾਸਨ ਦੀ ਉਲੰਘਣਾ ਕੀਤੀ ਹੈ। ਉਕਤ ਪੱਤਰ 'ਚ ਲਿਖਿਆ ਗਿਆ ਸੀ ਕਿ ਉਕਤ ਹੈੱਡ ਕਾਂਸਟੇਬਲ ਫੈਜ਼ ਮੁਹੰਮਦ ਨੂੰ ਇੰਟਰਮੀਡੀਏਟ ਸਕੂਲ ਕੋਰਸ ਪੂਰਾ ਕੀਤੇ ਬਿਨਾਂ ਜ਼ਿਲ੍ਹਾ ਬਠਿੰਡਾ ਵਾਪਸ ਭੇਜ ਦਿੱਤਾ ਜਾਂਦਾ ਹੈ। ਉਕਤ ਹੁਕਮ ਡਾਇਰੈਕਟਰ ਪੀ. ਪੀ. ਏ. ਦੀ ਪ੍ਰਵਾਨਗੀ ਤੋਂ ਬਾਅਦ ਜਾਰੀ ਕੀਤਾ ਗਿਆ ਹੈ। ਫਿਲੌਰ ਅਥਾਰਟੀ ਨੇ ਉਕਤ ਹੈੱਡ ਕਾਂਸਟੇਬਲ ਫੈਜ਼ ਮੁਹੰਮਦ, ਕਮਾਂਡੈਂਟ ਕਮ ਡਿਪਟੀ ਡਾਇਰੈਕਟਰ ਇਨਡੋਰ ਐਂਡ ਆਊਟਡੋਰ ਪੀ. ਪੀ. ਏ. ਫਿਲੌਰ, ਡੀ. ਐੱਸ. ਪੀ. ਇਨਡੋਰ ਆਊਟਡੋਰ ਪੀ. ਪੀ. ਏ. ਫਿਲੌਰ, ਸੀ. ਡੀ. ਆਈ. ਅਤੇ ਸੀ. ਐੱਲ. ਆਈ. ਪੀ. ਪੀ. ਏ. ਫਿਲੌਰ, ਇੰਚਾਰਜ ਪ੍ਰੀਖਿਆ ਸ਼ਾਖਾ ਪੀ. ਪੀ. ਏ. ਫਿਲੌਰ ਖ਼?ਲਾਫ਼ ਵਿਭਾਗੀ ਕਾਰਵਾਈ ਲਈ ਉਕਤ ਪੱਤਰ ਡਾਇਰੈਕਟਰ ਜਨਰਲ ਪੁਲਸ ਸਿਖਲਾਈ ਸ਼ਾਖਾ ਪੰਜਾਬ, ਸੀਨੀਅਰ ਕਪਤਾਨ ਪੁਲਸ ਬਠਿੰਡਾ ਨੂੰ ਭੇਜਿਆ ਹੈ।

## ਭਿਆਨਕ ਹਾਦਸਾ: ਟਰੈਕਟਰ-ਟਰਾਲੀ ਤੇ ਕਾਰ ਦੀ ਜ਼ਬਰਦਸਤ ਟੱਕਰ 'ਚ 3 ਲੋਕਾਂ ਦੀ ਮੌਤ

ਬੁਲੰਦਸ਼ਹਿਰ 6 ਜੂਨ। ਬੁਲੰਦਸ਼ਹਿਰ ਜ਼ਿਲ੍ਹੇ ਦੇ ਸਿਕੰਦਰਾਬਾਦ ਇਲਾਕੇ ਵਿੱਚ ਸ਼ਨੀਵਾਰ ਨੂੰ ਇੱਕ ਟਰੈਕਟਰ-ਟਰਾਲੀ ਦੀ ਕਾਰ ਨਾਲ ਟੱਕਰ ਹੋਣ ਕਾਰਨ ਕਾਰ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਇਸ ਹਾਦਸੇ ਦੀ ਜਾਣਕਾਰੀ ਇੱਕ ਅਧਿਕਾਰੀ ਵਲੋਂ ਦਿੱਤੀ ਗਈ ਹੈ। ਇਸ ਮਾਮਲੇ ਦੇ ਸਬੰਧ ਵਿਚ ਸਿਕੰਦਰਾਬਾਦ ਪੁਲਸ ਸਰਕਲ ਅਧਿਕਾਰੀ ਪੂਰਨਿਮਾ ਸਿੰਘ ਨੇ ਦੱਸਿਆ ਕਿ ਜੋਖਾਬਾਦ ਇੰਡਸਟਰੀਅਲ ਇਲਾਕੇ ਵਿਚ ਗੋਪਾਲਪੁਰ ਗੇਟ ਨੇੜੇ ਇੱਕ ਟਰੈਕਟਰ ਟਰਾਲੀ ਦਾ ਟਾਇਰ ਅਚਾਨਕ ਫਟ ਗਿਆ, ਜਿਸ ਕਾਰਨ ਉਹ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਇੱਕ ਕਾਰ ਉਸ ਨਾਲ ਟਕਰਾ ਗਈ। ਉਹਨਾਂ ਕਿਹਾ ਕਿ ਇਸ ਹਾਦਸੇ ਵਿਚ ਕਾਰ ਵਿੱਚ ਸਵਾਰ ਤਿੰਨ ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਦੀ ਪਛਾਣ ਸਚਿਨ (25), ਅਮਿਤ (35) ਅਤੇ ਦੀਨਾਨਾਥ (45) ਵਜੋਂ ਹੋਈ ਹੈ। ਹਾਦਸੇ ਵਿੱਚ ਇੱਕ ਸਕੂਟਰ ਸਵਾਰ ਵੀ ਜ਼ਖਮੀ ਹੋ ਗਿਆ ਅਤੇ ਉਸਨੂੰ ਹਸਪਤਾਲ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਸਿੰਘ ਨੇ ਕਿਹਾ ਕਿ ਕਾਰ ਵਿੱਚ ਸਵਾਰ ਲੋਕ ਗਾਜ਼ੀਆਬਾਦ ਤੋਂ ਬੁਲੰਦਸ਼ਹਿਰ ਵੱਲ ਆ ਰਹੇ ਸਨ।

## ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਸੁਣਵਾਈ 31 ਜੁਲਾਈ ਤੱਕ ਮੁਲਤਵੀ

.ਫਰੀਦਕੋਟ 6 ਜੂਨ। 2015 ਵਿਚ ਵਾਪਰੇ ਕੋਟਕਪੂਰਾ ਗੋਲੀਕਾਂਡ ਦੀ ਸੁਣਵਾਈ ਵਧੀਕ ਜ਼ਿਲਾ ਅਤੇ ਸੈਸ਼ਨ ਜੱਜ ਦਿਨੇਸ਼ ਕੁਮਾਰ ਵਧਵਾ ਦੀ ਅਦਾਲਤ ਵਿਚ ਹੋਈ। ਸੁਣਵਾਈ ਦੌਰਾਨ ਅਦਾਲਤ ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ. ਜੀ. ਪੀ. ਸੁਮੇਧ ਸੈਣੀ, ਆਈ. ਜੀ. ਪਰਮਰਾਜ ਸਿੰਘ ਉਮਰਾਨੰਗਲ , ਸਾਬਕਾ ਐੱਸ. ਐੱਸ. ਪੀ ਚਰਨਜੀਤ ਸ਼ਰਮਾ, ਡੀ. ਆਈ. ਜੀ. ਫਿਰੋਜ਼ਪੁਰ ਅਮਰ ਸਿੰਘ ਚਾਹਿਲ, ਸਾਬਕਾ ਐੱਸ ਐੱਸ ਪੀ ਸੁਖਮੰਦਰ ਸਿੰਘ ਮਾਨ, ਅਦਾਲਤ ਵਿਚ ਵੀਡੀਓ ਕਾਨਫਰੰਸ ਦੇ ਰਾਹੀ ਪੇਸ਼ ਹੋਏ। ਅਦਾਲਤ ਨੇ ਅਗਲੀ ਸੁਣਵਾਈ 31 ਜੁਲਾਈ ਲਈ ਮੁਲਤਵੀ ਕਰ ਦਿੱਤੀ ਗਈ। ਜਾਣਕਾਰੀ ਅਨੁਸਾਰ ਬਚਾਅ ਪੱਖ ਦੇ ਵਕੀਲ ਨੇ ਮਾਣਯੋਗ ਅਦਾਲਤ ਨੂੰ ਜਾਣਕਾਰੀ ਦਿੱਤੀ ਕਿ ਸਾਬਕਾ ਪੁਲਸ ਅਧਿਕਾਰੀਆਂ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਸ ਚਲਾਨ ਨੂੰ ਫਰੀਦਕੋਟ ਤੋਂ ਬਾਹਰਲੇ ਜ਼ਿਲ੍ਹੇ ਵਿਚ ਤਬਦੀਲ ਕਰਨ ਲਈ




ਰਿਟ ਪਟੀਸ਼ਨ ਦਾਇਰ ਕੀਤੀ ਹੋਈ ਹੈ ਜਿਸ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫਰੀਦਕੋਟ ਵਿੱਖੇ ਚਲ ਰਹੇ ਕੇਸ 'ਤੇ ਰੋਕ ਲਗਾਈ ਹੈ ਜਿਸ 'ਤੇ ਅਦਾਲਤ ਨੇ ਧਿਆਨ ਵਿਚ ਰੱਖਦੇ ਹੋਏ ਅਗਲੀ ਹੁਕਮ ਤੱਕ ਤਾਰੀਖ ਮੁਲਤਵੀ ਕਰ ਦਿੱਤੀ ਹੈ ।

ਤਲਵੰਡੀ ਸਾਬੋ : ਇੱਥੇ ਉਸ ਸਮੇਂ ਰੂਹ ਕੰਬਾਊ ਹਾਦਸਾ ਵਾਪਰਿਆ, ਜਦੋਂ ਇਕ ਘੋੜਾ ਟਰਾਲਾ ਨਾਲੇ 'ਚ ਪਲਟ ਗਿਆ। ਇਹ ਹਾਦਸਾ ਤਲਵੰਡੀ ਸਾਬੋ ਦੇ ਪਿੰਡ ਜੀਵਨ ਸਿੰਘ ਵਾਲਾ ਦੇ ਨਾਲੇ 'ਤੇ ਪੁਲ ਕੋਲ ਵਾਪਰਿਆ। ਇਸ ਦੌਰਾਨ ਘੋੜਾ ਟਰਾਲੇ 'ਚ 2 ਲੋਕ ਸਵਾਰ ਸਨ, ਜਿਨ੍ਹਾਂ 'ਚੋਂ ਇਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸਾਗਰ ਵਜੋਂ ਹੋਈ ਹੈ।

## ਹੜ੍ਹ ਦਾ ਕਹਿਰ ਜਾਰੀ, ਹੁਣ ਤੱਕ 19 ਲੋਕਾਂ ਦੀ ਮੌਤ... 7 ਲੱਖ ਲੋਕ ਪ੍ਰਭਾਵਿਤ

ਨੈਸ਼ਨਲ ਡੈਸਕ 6 ਜੂਨ। ਅਸਾਮ 'ਚ ਹੜ੍ਹ ਦੀ ਸਥਿਤੀ ਵੀਰਵਾਰ ਨੂੰ ਵੀ ਗੰਭੀਰ ਬਣੀ ਰਹੀ। 21 ਜ਼ਿਲ੍ਹਿਆਂ 'ਚ ਲਗਭਗ ਸੱਤ ਲੱਖ ਲੋਕ ਪ੍ਰਭਾਵਿਤ ਹੋਏ ਹਨ ਤੇ ਪ੍ਰਮੁੱਖ ਨਦੀਆਂ ਦੇ ਪਾਣੀ ਦਾ ਪੱਧਰ ਵੱਧ ਰਿਹਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਹੜ੍ਹਾਂ ਤੇ ਜ਼ਮੀਨ ਖਿਸਕਣ ਦੀ ਪਹਿਲੀ ਲਹਿਰ 'ਚ ਮਰਨ ਵਾਲਿਆਂ ਦੀ ਗਿਣਤੀ 19 ਹੋ ਗਈ ਹੈ, ਜਿਨ੍ਹਾਂ 'ਚ ਬੁੱਧਵਾਰ ਨੂੰ ਦੋ ਲੋਕਾਂ ਦੀ ਮੌਤ ਹੋ ਗਈ ਸੀ। ਕਛਾਰ ਜ਼ਿਲ੍ਹੇ 'ਚ ਇੱਕ ਵਿਅਕਤੀ ਲਾਪਤਾ ਹੋ ਗਿਆ। ਬ੍ਰਹਮਪੁੱਤਰ ਸਮੇਤ 9 ਪ੍ਰਮੁੱਖ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀਆਂ ਹਨ, ਜਦੋਂ ਕਿ ਕਛਾਰ ਜ਼ਿਲ੍ਹੇ ਵਿੱਚ ਬਰਾਕ ਨਦੀ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਵਗ ਰਹੀ ਹੈ ਤੇ ਇਸ ਦੀਆਂ ਸਹਾਇਕ ਨਦੀਆਂ ਵਿੱਚ ਪਾਣੀ ਦਾ ਪੱਧਰ ਵੀ ਵੱਧ ਰਿਹਾ ਹੈ ਅਤੇ ਕੁਝ ਨਦੀਆਂ ਲਾਲ ਨਿਸ਼ਾਨ ਤੋਂ ਉੱਪਰ ਵਗ ਰਹੀਆਂ ਹਨ। ਹੜ੍ਹ ਦੀ ਮੌਜੂਦਾ ਲਹਿਰ ਨੇ 66 ਮਾਲੀਆ ਖੇਤਰਾਂ ਦੇ 1,494 ਪਿੰਡ ਪ੍ਰਭਾਵਿਤ ਕੀਤੇ ਹਨ, ਜਿਨ੍ਹਾਂ 'ਚ ਸ਼੍ਰੀਭੂਮੀ ਦੇ 339 ਪਿੰਡ, ਨਾਗਾਓਂ ਦੇ 189, ਕਛਾਰ ਦੇ 166 ਅਤੇ ਹੈਲਾਕਾਂਡੀ ਜ਼ਿਲ੍ਹਿਆਂ ਦੇ 156 ਪਿੰਡ ਸ਼ਾਮਲ ਹਨ। ਅਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੇ ਬੁਲੇਟਿਨ ਦੇ ਅਨੁਸਾਰ ਸ਼੍ਰੀਭੂਮੀ ਸਭ ਤੋਂ ਵੱਧ ਪ੍ਰਭਾਵਿਤ ਹੈ, ਜਿੱਥੇ 2,59,601 ਦੀ ਆਬਾਦੀ ਹੜ੍ਹ ਦੇ ਪਾਣੀ ਤੋਂ ਪ੍ਰਭਾਵਿਤ ਹੈ। ਇਸ ਤੋਂ ਬਾਅਦ ਹੈਲਾਕਾਂਡੀ 'ਚ 1,72,439 ਅਤੇ ਨਾਗਾਓਂ 'ਚ 1,02,716 ਲੋਕ ਹਨ। ਹੁਣ ਤੱਕ ਕੁੱਲ 14977.99 ਹੈਕਟੇਅਰ ਫਸਲੀ ਖੇਤਰ ਹੜ੍ਹ ਦੇ ਪਾਣੀ ਵਿੱਚ ਡੁੱਬ ਗਿਆ ਹੈ। ਲਗਭਗ 5,15,737 ਜਾਨਵਰ ਪ੍ਰਭਾਵਿਤ ਹੋਏ ਹਨ। ਉੱਤਰ-ਪੂਰਬੀ ਸਰਹੱਦੀ ਰੇਲਵੇ ਦੇ ਬੁਲਾਰੇ ਨੇ ਕਿਹਾ ਕਿ ਦੱਖਣੀ ਅਸਾਮ ਦੇ ਵੱਖ-ਵੱਖ ਹਿੱਸਿਆਂ 'ਚ ਰੇਲ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਬੁਲਾਰੇ ਨੇ ਕਿਹਾ ਕਿ ਰੇਲਵੇ ਕਰਮਚਾਰੀ ਪਟੜੀਆਂ ਨੂੰ ਸਾਫ਼ ਕਰਨ ਲਈ ਦਿਨ-ਰਾਤ ਕੰਮ ਕਰ ਰਹੇ ਹਨ।

## ਪੰਜਾਬ 'ਚ ਹੈਰਾਨੀਜਨਕ ਘਟਨਾ, ਅੱਧੀ ਰਾਤ ਨੂੰ ਕੋਈ ਜੇ. ਸੀ. ਬੀ. ਮਸ਼ੀਨਾਂ ਨਾਲ ਢਾਹ ਗਿਆ ਆਲੀਸ਼ਾਨ ਕੋਠੀ

ਪਟਿਆਲਾ 6 ਜੂਨ। ਪਟਿਆਲਾ ਦਿਹਾਤੀ ਅਧੀਨ ਪੈਂਦੇ ਪਿੰਡ ਰੌਂਗਲਾ ਵਿਖੇ ਬੀਤੀ ਰਾਤ ਇਕ ਕੋਠੀ ਨੂੰ ਜੇ. ਸੀ. ਬੀ. ਮਸ਼ੀਨਾਂ ਦੀ ਮਦਦ ਨਾਲ ਅਣਪਛਾਤਿਆਂ ਵੱਲੋਂ ਢਹਿ-ਢੇਰੀ ਕਰ ਦਿੱਤਾ ਗਿਆ। ਪਤਾ ਲੱਗਾ ਹੈ ਕਿ ਇਸ ਨੂੰ ਇਸ ਲਈ ਢਾਹ ਦਿੱਤਾ ਗਿਆ ਹੈ ਕਿ ਕੋਠੀ ਪੰਚਾਇਤੀ ਜ਼ਮੀਨ 'ਚ ਬਣੀ ਹੋਈ ਸੀ ਅਤੇ ਪਰਿਵਾਰ ਦੇ ਮੈਂਬਰਾਂ 'ਤੇ ਨਸ਼ਾ ਵੇਚਣ ਦੇ ਪਰਚੇ ਵੀ ਦਰਜ ਹਨ, ਜਿਸ ਕਾਰਨ ਕਾਰਵਾਈ ਕੀਤੀ ਗਈ ਹੈ। ਦੂਜੇ ਪਾਸੇ ਕੋਠੀ ਢਾਹੁਣ ਦੀ ਇਸ ਕਾਰਵਾਈ ਨੂੰ ਨਾ ਤਾਂ ਪੁਲਸ ਮੰਨ ਰਹੀ ਹੈ ਅਤੇ ਨਾ ਹੀ ਪਿੰਡ ਦਾ ਸਰਪੰਚ ਅਤੇ ਪੰਚਾਇਤ। ਫਿਰ ਇਸ ਕੋਠੀ ਨੂੰ ਰਾਤ ਸਮੇਂ ਕੌਣ ਢਹਿ-ਢੇਰੀ ਕਰ ਗਿਆ। ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਮਕਾਨ 'ਚ ਰਹਿਣ ਵਾਲੀ ਕਰਮਜੀਤ ਕੌਰ ਨੇ ਦੱਸਿਆ ਕਿ ਵੀਰਵਾਰ ਰਾਤ ਕਰੀਬ 12 ਵਜੇ 4 ਗੱਡੀਆਂ 'ਚ ਸਵਾਰ ਕੁਝ ਅਣਪਛਾਤੇ ਵਿਅਕਤੀ ਆਏ। ਜਦੋਂ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਕਾਰਾਂ ਦੇ ਪਿੱਛੇ 2 ਜੇ. ਸੀ. ਬੀ. ਮਸ਼ੀਨਾਂ ਵੀ ਸਨ। ਕਰਮਜੀਤ ਅਨੁਸਾਰ ਕਾਰ ਸਵਾਰਾਂ ਨੇ ਉਸ ਨੂੰ ਅਤੇ ਘਰ 'ਚ ਮੌਜੂਦ ਹੋਰ ਪਰਿਵਾਰਕ ਮੈਂਬਰਾਂ ਨੂੰ ਪਿੰਡ ਕੋਲੋਂ ਲੰਘਦੀ ਨਹਿਰ ਕੋਲ ਲੈ ਗਏ ਅਤੇ ਰੌਲਾ ਪਾਉਣ 'ਤੇ ਨਹਿਰ 'ਚ ਸੁੱਟਣ ਦੀਆਂ ਧਮਕੀਆਂ ਵੀ ਦਿੱਤੀਆਂ। ਇਸ ਦੌਰਾਨ ਜਦੋਂ ਬਚਾਅ ਕਰਨਾ ਚਾਹਿਆ ਤਾਂ ਕਰਮਜੀਤ ਕੌਰ ਦਾ ਗਿੱਟਾ ਟੁੱਟ ਗਿਆ ਤੇ ਹੋਰ ਮੈਂਬਰਾਂ ਦੇ ਸੱਟਾਂ ਲੱਗੀਆਂ। ਕੁਝ ਸਮੇਂ ਬਾਅਦ ਕਰਮਜੀਤ ਹੋਰਾਂ ਨੂੰ ਕਾਰ 'ਚੋਂ ਉਤਾਰ ਦਿੱਤਾ ਗਿਆ। ਕਰਮਜੀਤ ਹੋਰੀਂ ਤੁਰ ਕੇ ਘਰ ਤੱਕ ਪੁੱਜੇ ਤਾਂ ਸਾਰਾ ਘਰ ਟੁੱਟਿਆ ਹੋਇਆ ਸੀ। ਇਸ ਬਾਰੇ ਕੰਟਰੋਲ ਰੂਮ ਅਤੇ ਤ੍ਰਿਪੜੀ ਪੁਲਸ ਨੂੰ ਫੋਨ 'ਤੇ ਸੂਚਨਾ ਦਿੱਤੀ ਗਈ।



ਕਰਮਜੀਤ ਕੌਰ ਨੇ ਕਿਹਾ ਕਿ ਘਰ ਢਾਹੁਣ ਵਾਲਿਆਂ ਦੇ ਮੂੰਹ ਢਕੇ ਹੋਏ ਸੀ। ਇਨ੍ਹਾਂ ਨਾਲ ਕੋਈ ਵੀ ਪੁਲਸ ਜਾਂ ਸਿਵਲ ਪ੍ਰਸ਼ਾਸਨ ਦਾ ਅਧਿਕਾਰੀ ਨਹੀਂ ਸ ਕਾਰਵਾਈ ਨੂੰ ਨਾ ਤਾਂ ਪੁਲਸ ਮੰਨ ਰਹੀ ਹੈ ਅਤੇ ਨਾ ਹੀ ਪਿੰਡ ਦਾ ਸਰਪੰਚ ਅਤੇ ਪੰਚਾਇਤ। ਫਿਰ ਇਸ ਕੋਠੀ ਨੂੰ ਰਾਤ ਸਮੇਂ ਕੌਣ ਢਹਿ-ਢੇਰੀ ਕਰ ਗਿਆ। ਪੁਲਸ ਇਸ ਦੀ ਜਾਂਚ ਕਰ ਰਹੀ ਹੈ। ਮਕਾਨ 'ਚ ਰਹਿਣ ਵਾਲੀ ਕਰਮਜੀਤ ਕੌਰ ਨੇ ਦੱਸਿਆ ਕਿ ਵੀਰਵਾਰ ਰਾਤ ਕਰੀਬ 12 ਵਜੇ 4 ਗੱਡੀਆਂ 'ਚ ਸਵਾਰ ਕੁਝ ਅਣਪਛਾਤੇ ਵਿਅਕਤੀ ਆਏ। ਜਦੋਂ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਸੀ। ਕਾਰਵਾਈ ਸਮੇਂ ਪਿੰਡ ਦੀਆਂ ਲਾਈਟਾਂ ਬੰਦ ਸਨ ਅਤੇ ਸੀ. ਸੀ. ਟੀ. ਵੀ. ਕੈਮਰੇ ਵੀ ਕੱਪੜੇ ਨਾਲ ਢੱਕੇ ਹੋਏ ਸਨ। ਕਰਮਜੀਤ ਕੌਰ ਨੇ ਦੱਸਿਆ ਕਿ ਘਰ ਦੇ ਬਾਹਰ ਕਰੀਬ 23 ਦਿਨ ਪਹਿਲਾਂ ਪੰਚਾਇਤ ਨੇ ਨੋਟਿਸ ਲਾਇਆ ਸੀ। ਨੋਟਿਸ 'ਚ ਸੁਖਵਿੰਦਰ ਸਿੰਘ, ਦਰਸ਼ਨ ਸਿੰਘ ਵੱਲੋਂ ਪਿੰਡ ਦੀ ਪੰਚਾਇਤ ਦੀ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਦਾ ਹਵਾਲਾ ਦਿੰਦਿਆਂ 15 ਦਿਨਾਂ 'ਚ ਇਸ ਨੂੰ ਹਟਾਉਣ ਲਈ ਕਿਹਾ ਸੀ। ਨੋਟਿਸ ਕਬਜ਼ਾ ਨਾ ਹਟਾਉਣ ਦੀ ਸੂਰਤ ਵਿਚ ਪੰਚਾਇਤ ਵੱਲੋਂ ਕਬਜ਼ਾ ਹਟਾਉਣ ਬਾਰੇ ਲਿਖਿਆ ਗਿਆ ਹੈ। ਇਸ ਸਬੰਧੀ ਜਦੋਂ ਤ੍ਰਿਪੜੀ ਥਾਣੇ ਦੇ ਐੱਸ. ਐੱਚ. ਓ. ਸੁਖਵਿੰਦਰ ਸਿੰਘ ਗਿੱਲ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਿੰਡ ਰੌਂਗਲਾ ਵਿਖੇ ਮਕਾਨ ਢਾਹੁਣ ਦਾ ਮਾਮਲਾ ਉਨ੍ਹਾਂ ਦੇ ਧਿਆਨ 'ਚ ਆਇਆ ਹੈ, ਜਿਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਰਾਤ ਸਮੇਂ ਪਿੰਡ ਰੌਂਗਲਾ ਵਿਖੇ ਤੋੜੀ ਕੋਠੀ ਸਬੰਧੀ ਜਦੋਂ ਪਿੰਡ ਦੇ ਸਰਪੰਚ ਗੁਰਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਕੀ ਮਕਾਨ ਕਿਸ ਨੇ ਤੋੜਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਮਕਾਨ ਦੇ ਮਾਲਕ ਜੇਲ੍ਹ 'ਚ ਨਸ਼ਾ ਸਮੱਗਲਿੰਗ, ਲੜਾਈ ਝਗੜੇ ਆਦਿ ਕੇਸਾਂ 'ਚ ਬੰਦ ਹਨ ਅਤੇ ਕਈ ਪਰਚੇ ਵੱਖ-ਵੱਖ ਥਾਣਿਆਂ ਅੰਦਰ ਦਰਜ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਅ.ਫੀਮ ਸਣੇ ਬਾਈਕ ਸਵਾਰ ਦੋ ਵਿਅਕਤੀਆਂ ਨੂੰ ਕੀਤਾ ਗ੍ਰਿ.ਫਤਾਰ

ਨਵਾਂਸ਼ਿਹਰ 6 ਜੂਨ। ਥਾਣਾ ਸਿਟੀ ਬਲਾਚੌਰ ਦੀ ਪੁਲਸ ਨੇ ਇਕ ਬਾਈਕ ਸਵਾਰ ਦੋ ਵਿਅਕਤੀਆਂ ਨੂੰ 100 ਗ੍ਰਾਮ ਅਫ਼ੀਮ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਆਈ. ਭੂਸ਼ਣ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਭਾਲ ਵਿੱਚ ਥਾਣਾ ਸਿਟੀ ਬਲਾਚੌਰ ਤੋਂ ਰਵਾਨਾ ਹੋ ਕੇ ਜਦੋਂ ਬਲਾਚੌਰ ਦੇ ਇਕ ਧਾਰਮਿਕ ਸਥਾਨ ਨੇੜੇ ਪੁੱਜੀ ਤਾਂ ਸਾਹਮਣੇ ਵਾਲੀ ਸਾਈਡ ਤੋਂ ਆ ਰਹੇ ਬਾਈਕ ਸਵਾਰ ਦੋ ਨੌਜਵਾਨ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਅਤੇ ਆਪਣੀ ਬਾਈਕ ਨੂੰ ਰੋਕ ਕੇ ਮੋੜਨ ਦੀ ਕੋਸ਼ਿਸ਼ ਕੀਤੀ ਪਰ ਬਾਈਕ ਬੰਦ ਹੋ ਗਈ। ਐੱਸ. ਆਈ. ਨੇ ਦੱਸਿਆ ਕਿ ਬਾਈਕ ਦੇ ਪਿੱਛੇ ਬੈਠੇ ਨੌਜਵਾਨ ਨੇ ਚਾਲਕ ਨੂੰ ਇਕ ਕਾਲਾ ਲਿਫ਼ਾਫ਼ਾ ਦਿੱਤਾ, ਜਿਸ ਨੇ ਲਿਫ਼ਾਫ਼ਾ ਜ਼ਮੀਨ ’ਤੇ ਸੁੱਟ ਦਿੱਤਾ। ਐੱਸ. ਆਈ. ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਨੌਜਵਾਨਾਂ ਨੂੰ ਕਾਬੂ ਕਰਕੇ ਜਦੋਂ ਸੁੱਟੇ ਗਏ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 100 ਗ੍ਰਾਮ ਅਫ਼ੀਮ ਬਰਾਮਦ ਹੋਈ। ਐੱਸ. ਆਈ. ਨੇ ਦੱਸਿਆ ਨੇੜੇ ਪੁੱਜੀ ਤਾਂ ਸਾਹਮਣੇ ਵਾਲੀ ਸਾਈਡ ਤੋਂ ਆ ਰਹੇ ਬਾਈਕ ਸਵਾਰ ਦੋ ਨੌਜਵਾਨ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਅਤੇ ਆਪਣੀ ਬਾਈਕ ਨੂੰ ਰੋਕ ਕੇ ਮੋੜਨ ਦੀ ਕੋਸ਼ਿਸ਼ ਕੀਤੀ ਪਰ ਬਾਈਕ ਬੰਦ ਹੋ ਗਈ। ਐੱਸ. ਆਈ. ਨੇ ਦੱਸਿਆ ਕਿ ਬਾਈਕ ਦੇ ਪਿੱਛੇ ਬੈਠੇ ਨੌਜਵਾਨ ਨੇ ਚਾਲਕ ਨੂੰ ਇਕ ਕਾਲਾਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਨਿਲ ਪੁੱਤਰ ਧੀਰ ਸਿੰਘ ਵਾਸੀ ਧਰਮਪੁਰ ਥਾਣਾ ਬਸੌਲੀ ਜ਼ਿਲ੍ਹਾ ਬਦਾਊਂ ਯੂਪੀ ਹਾਲ ਵਾਸੀ ਮਹਿੰਦੀਪੁਰ (ਬਲਾਚੌਰ) ਅਤੇ ਮੁਕੇਸ਼ ਸਿੰਘ ਪੁੱਤਰ ਚੰਦਰ ਪਾਲ ਵਾਸੀ ਅਲੀਗੰਜ ਜ਼ਿਲ੍ਹਾ ਬਰੇਲੀ ਹਾਲ ਵਾਸੀ ਬਲਾਚੌਰ ਵਜੋਂ ਹੋਈ ਹੈ। ਐੱਸ. ਆਈ. ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਖ਼ਿਲਾਫ਼ ਐੱਨ. ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਰ ਕੈਂਪ 8 ਜੂਨ ਤੋਂ

ਸੰਗਰੂਰ 6 ਜੂਨ: ਸਥਾਨਕ ਗੁਰਦੁਆਰਾ ਸਾਹਿਬ ਗੁਰੂ ਨਾਨਕਪੁਰਾ ਵਿਖੇ ਹਰ ਸਾਲ ਦੀ ਤਰ੍ਹਾਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਅਤੇ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਦੇ ਸਾਂਝੇ ਉਪਰਾਲੇ ਅਧੀਨ ਗਿਆਨ ਅੰਜਨ ਗੁਰਮਤਿ ਸਮਰ ਕੈਂਪ 8 ਜੂਨ ਐਤਵਾਰ ਤੋਂ 15 ਜੂਨ ਐਤਵਾਰ ਤੱਕ ਲਗਾਇਆ ਜਾ ਰਿਹਾ ਹੈ। ਇਸ ਸਬੰਧ ਵਿੱਚ ਸਥਾਨਕ ਜ਼ੋਨਲ ਦਫਤਰ ਵਿਖੇ ਵਿਖੇ ਵਿਸ਼ੇਸ਼ ਮੀਟਿੰਗ ਅਜਮੇਰ ਸਿੰਘ ਜ਼ੋਨਲ ਸਕੱਤਰ ਅਤੇ ਲਾਭ ਸਿੰਘ ਦੀ ਨਿਗਰਾਨੀ ਹੇਠ ਹੋਈ। ਜਿਸ ਵਿੱਚ ਕੈਂਪ ਪ?ਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਕੈਂਪ ਦੇ ਮੁੱਖ ਪ੍ਰਬੰਧਕ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਦੱਸਿਆ ਕਿ ਸਟੱਡੀ ਸਰਕਲ ਦੇ ਜ਼ੋਨਲ ਸਕੱਤਰ ਅਜਮੇਰ ਸਿੰਘ, ਗੁਰਮੇਲ ਸਿੰਘ ਵਿੱਤ ਸਕੱਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ, ਬਲਵੰਤ ਸਿੰਘ ਭਿੱਖੀ ਅਤੇ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਦੇ ਮੁਖੀ ਜਸਵਿੰਦਰ ਸਿੰਘ ਪ੍ਰਿੰਸ ਤੇ ਬੀਬਾ ਗੁਰਲੀਨ ਕੌਰ ਕੋਆਰਡੀਨੇਟਰ ਦੀ ਨਿਗਰਾਨੀ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਲਗਾਏ ਜਾ ਰਹੇ ਇਸ ਕੈਂਪ ਦੀ ਸ਼ੁਰੂਆਤ 8 ਜੂਨ ਨੂੰ ਸ਼ਾਮ 4 ਵਜੇ ਹੋਵੇਗੀ ਜਿਸ ਵਿੱਚ ਕੈਂਪਰਜ, ਮਾਪੇ, ਪ?ਬੰਧਕਾਂ ਵੱਲੋਂ ਖਾਲਸਾਈ ਮਾਰਚ ਕਰਕੇ ਨਾਹਰਿਆਂ, ਜੈਕਾਰਿਆਂ ਦੀ ਗੂੰਜ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਾਰਡ ਆਫ ਆਨਰ - ਸਤਿਕਾਰ ਭੇਟ ਕੀਤਾ ਜਾਵੇਗਾ ।ਇਸ ਮੌਕੇ ਤੇ ਗੁਰਦੁਆਰਾ ਨਾਨਕਿਆਣਾ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ, ਸੰਤ ਬਾਬਾ ਸੁਖਦੇਵ ਸਿੰਘ ਗੁਰਦੁਆਰਾ ਸ੍ਰੀ ਸਿਧਾਣਾ ਸਾਹਿਬ, ਗੁਰਿੰਦਰ ਸਿੰਘ ਗੁਜਰਾਲ ਸੀ ਏ ਅਤੇ ਹੋਰ ਪਤਵੰਤੇ ਸੱਜਣ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ। ਬੀਬੀ ਹਰਵਿੰਦਰ ਕੌਰ, ਅਮਨਦੀਪ ਕੌਰ, ਹਰਕੀਰਤ ਕੌਰ ਇਸਤਰੀ ਕੌਂਸਲ ਆਗੂਆਂ ਨੇ ਦੱਸਿਆ ਕਿ ਰੋਜ਼ਾਨਾ ਸ਼ਾਮ 4 ਵਜੇ ਤੋਂ 6 ਵਜੇ ਤੱਕ ਲਗਾਏ ਜਾ ਰਹੇ ਇਸ ਕੈਂਪ ਦੌਰਾਨ ਗੁਰਬਾਣੀ ਸੰਥਿਆ, ਗੁਰ ਇਤਿਹਾਸ, ਗੁਰਮਤਿ ਸਾਖੀਆਂ, ਪੰਜਾਬੀ ਪੈਂਤੀ ਅੱਖਰੀ ਦਾ ਗਿਆਨ ਤੋਂ ਬਿਨਾਂ ਆਓ ਰੰਗ ਭਰੀਏ , ਕੁਇਜ ਮੁਕਾਬਲੇ ਅਤੇ ਹੋਰ ਵੱਖ ਵੱਖ ਮੁਕਾਬਲੇ ਕਰਵਾਏ ਜਾਣਗੇ। ਸੁਖਪਾਲ ਸਿੰਘ ਗੱਗੜਪੁਰ, ਰਾਜਵਿੰਦਰ ਸਿੰਘ ਲੱਕੀ, ਬਾਬਾ ਪਿਆਰਾ ਸਿੰਘ, ਹਰਮਿੰਦਰ ਸਿੰਘ ਮੱਖਣ, ਐਡਵੋਕੇਟ ਜਗਮੀਤ ਸਿੰਘ, ਗੁਰਲੀਨ ਕੌਰ ਆਦਿ ਕੈਂਪਰਜ ਨਾਲ ਵੱਖ ਵੱਖ ਵਿਸ਼ਿਆਂ ਤੇ ਵਿਚਾਰ ਵਟਾਂਦਰਾ ਕਰਨਗੇ।



## ਵੱਡੀ ਗਿਣਤੀ ’ਚ ਮੈਂਬਰਾਂ ਦੇ ਪਾਰਟੀ ਛੱਡਣ ਤੋਂ ਬੌਖਲਾਏ ਸਰਨਾ ਤੇ ਜੀ.ਕੇ.: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ

ਨਵੀਂ ਦਿੱਲੀ, 6 ਜੂਨ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਦਿੱਲੀ ਕਮੇਟੀ ਦੀ ਮੌਜੂਦਾ ਟੀਮ ਦ ਸ਼ਲਾਘਾਯੋਗ ਕੰਮ ਨੂੰ ਵੇਖਦੇ ਹੋਏ ਮੈਂਬਰਾਂ ਵੱਲੋਂ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋਣ ਨਾਲ ਦੋਵੇਂ ਸਰਨਾ ਭਰਾ ਤੇ ਜੀ.ਕੇ. ਬੁਰੀ ਤਰ੍ਹਾਂ ਬੌਖਲਾ ਗਏ ਹਨ। ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਸਰਨਾ ਭਰਾਵਾਂ ਤੇ ਮਨਜੀਤ ਸਿੰਘ ਜੀ.ਕੇ. ਦੇ ਬਹੁ ਗਿਣਤੀ ਸਮਰਥਕ ਮੈਂਬਰਾਂ ਨੇ ਜਦੋਂ ਵੇਖ ਲਿਆ ਕਿ ਇਹ ਲੋਕ ਝੂਠੀ ਤੇ ਗੁੰਮਰਾਹਕੁੰਨ ਰਾਜਨੀਤੀ ਕਰਦੇ ਹਨ ਤਾਂ ਮੈਂਬਰਾਂ ਨੇ ਖੁਦ ਹੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੀ ਲੀਡਰਸ਼ਿਪ ਕੋਲ ਪਹੁੰਚ ਕਰ ਕੇ ਪਾਰਟੀ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ। ਉਹਨਾਂ ਕਿਹਾ ਕਿ ਬਹੁ ਗਿਣਤੀ ਮੈਂਬਰ ਤਾਂ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਤੇ ਜਿਹੜੇ ਰਹਿੰਦੇ ਹਨ, ਉਹ ਵੀ ਪਾਰਟੀ ਵਿਚ ਸ਼ਾਮਲ ਹੋਣ ਲਈ ਉਤਾਵਲੇ ਹਨ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਦੇ ਸੰਪਰਕ ਵਿਚ ਹਨ। ਉਹਨਾਂ ਕਿਹਾ ਕਿ ਆਪਣੀ ਸਿਆਸੀ ਜ਼ਮੀਨ ਜਾਂਦੀ ਵੇਖ ਕੇ ਦੋਵੇਂ ਸਰਨਾ ਭਰਾਵਾਂ ਤੇ ਮਨਜੀਤ ਸਿੰਘ ਜੀ.ਕੇ. ਬੌਖਲਾ ਗਏ ਹਨ ਤੇ ਬੇਮਤਲਬ ਦੇ ਪੁੱਠੇ ਸਿੱਧੇ ਬਿਆਨ ਜਾਰੀ ਕਰ ਰਹੇ ਹਨ। ਉਹਨਾਂ ਕਿਹਾ ਕਿ ਇਹ ਤਿੰਨੋਂ ਦਿੱਲੀ ਦੀ ਸਿੱਖ ਸਿਆਸਤ ਦੇ ਪਹਿਲੇ ਅਜਿਹੇ ਲੋਕ ਹਨ ਜਿਹਨਾਂ ਨੇ ਦਿੱਲੀ ਗੁਰਦੁਆਰਾ ਐਕਟ ਦੀ ਉਲੰਘਣਾ ਕਰ ਕੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਂ ’ਤੇ ਕਮੇਟੀ ਨਾਲ ਵਪਾਰ ਕੀਤਾ ਜੋ ਸਾਰਾ ਰਿਕਾਰਡ ਦਾ ਹਿੱਸਾ ਹੈ ਤੇ ਇਸ ਮਾਮਲੇ ਦੀ ਜਾਂਚ ਸ਼ੁਰੂ ਹੋ ਚੁੱਕੀ ਹੈ। ਇਸ ਗੱਲ ਦੇ ਨਾਲ-ਨਾਲ ਇਹਨਾਂ ਨੂੰ ਇਹ ਵੀ ਡਰ ਸਤਾ ਰਿਹਾ ਹੈ ਕਿ ਜਦੋਂ ਸਾਰੀ ਸੱਚਾਈ ਸਾਹਮਣੇ ਆਈ ਤਾਂ ਇਹਨਾਂ ਦੀ ਮੈਂਬਰੀ ਚਲੀ ਜਾਵੇਗੀ। ਅਜਿਹੇ ਵਿਚ ਇਹਨਾਂ ਨੇ ਅਵਾ ਤਵਾ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਹੈ ਤੇ ਇਹਨਾਂ ਨੂੰ ਖੁਦ ਨੂੰ ਸਮਝ ਨਹੀਂ ਆਉਂਦਾ ਕਿ ਅਸੀਂ ਕੀ ਬਿਆਨ ਦੇ ਰਹੇ ਹਾਂ। ਉਹਨਾਂ ਕਿਹਾ ਕਿ ਹੁਣ ਉਹ ਸਮਾਂ ਦੂਰ ਨਹੀਂ ਜਦੋਂ ਸੰਗਤਾਂ ਦੇ ਸਾਹਮਣੇ ਸਾਰਾ ਸੱਚ ਹੋਵੇਗਾ।




## ਰਿਹਾਇਸ਼ੀ ਇਮਾਰਤ ’ਚ ਕਾਰ ਪਾਰਕਿੰਗ ਦੀ ਲਿਫਟ ਡਿੱਗੀ, ਇਕ ਦੀ ਮੌਤ

ਮੁੰਬਈ 6 ਜੂਨ। ਮੁੰਬਈ ਦੇ ਬੋਰੀਵਲੀ ਵੈਸਟ ਖੇਤਰ ’ਚ ਸ਼ਨੀਵਾਰ ਨੂੰ ਇਕ 21 ਮੰਜ਼ਿਲਾ ਰਿਹਾਇਸ਼ੀ ਇਮਾਰਤ ’ਚ ਕਾਰ ਪਾਰਕਿੰਗ ਲਿਫਟ ਡਿੱਗਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖਮੀ ਹੋ ਗਿਆ। ਨਗਰ ਨਿਗਮ ਦੇ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਮੁੰਬਈ ਫਾਇਰ ਡਿਪਾਰਟਮੈਂਟ ਨੇ ਦੱਸਿਆ ਕਿ ਇਹ ਹਾਦਸਾ ਲਿੰਕ ਰੋਡ ’ਤੇ ਸਥਿਤ ਪ੍ਰਥਮੇਸ਼ ਬਿਲਡਿੰਗ ’ਚ ਸਵੇਰੇ 11 ਵਜੇ ਦੇ ਕਰੀਬ ਵਾਪਰਿਆ। ਬ੍ਰਿਹਨਮੁੰਬਈ ਨਗਰ ਨਿਗਮ (ਬੀਐੱਮਸੀ) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਾਰ ਲਿਫਟ 7 ਮੀਟਰ ਡੂੰਘੇ ਟੋਏ ’ਚ ਡਿੱਗ ਗਈ, ਜਿਸ ਨਾਲ 2 ਲੋਕ ਫਸ ਗਏ। ਨਗਰ ਨਿਗਮ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸ਼ੁਭਮ ਇਹ ਹਾਦਸਾ ਲਿੰਕ ਰੋਡ ’ਤੇ ਸਥਿਤ ਪ੍ਰਥਮੇਸ਼ ਬਿਲਡਿੰਗ ’ਚ ਸਵੇਰੇ 11 ਵਜੇ ਦੇ ਕਰੀਬ ਵਾਪਰਿਆ। ਬ੍ਰਿਹਨਮੁੰਬਈ ਨਗਰ ਨਿਗਮ (ਬੀਐੱਮਸੀ) ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕਾਰ ਲਿਫਟ 7 ਮੀਟਰ ਡੂੰਘੇ ਟੋਏ ਮਦਮਲਾਲ ਧੁਰੀ (30) ਅਤੇ ਸੁਨਜੀਤ ਯਾਦਵ (45) ਨੂੰ ਫਾਇਰ ਫਾਈਟਰਾਂ ਨੇ ਬਚਾਇਆ ਅਤੇ ਉਨ੍ਹਾਂ ਨੂੰ ਬੀ.ਐੱਮ.ਸੀ. ਵਲੋਂ ਸੰਚਾਲਿਤ ਨਜ਼ਦੀਕੀ ਸ਼ਤਾਬਦੀ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੱਸਿਆ,’’ਹਸਪਤਾਲ ਦੇ ਇਕ ਮੈਡੀਕਲ ਅਧਿਕਾਰੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਧੁਰੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਸਿਰ ’ਚ ਲੱਗੀ ਸੱਟ ਨਾਲ ਜੂਝ ਰਹੇ ਯਾਦਵ ਦੀ ਹਾਲਤ ਸਥਿਰ ਹੈ।’’ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ।

## SGPC ਪ੍ਰਧਾਨ ਨੇ ਬੜੀ ਸਿਆਣਪ ਤੇ ਸਹਿਨਸ਼ੀਲਤਾ ਨਾਲ ਰੋਕਿਆ ਟਕਰਾਅ : ਹਰਨਾਮ ਸਿੰਘ

ਅੰਮ੍ਰਿਤਸਰ: ਘੱਲੂਘਾਰਾ ਦਿਵਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਬੇਨਤੀ ਕਰਦੇ ਹਨ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਮੇਸ਼ਾ ਹੀ ਆਦਰ ਸਤਿਕਾਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਸ਼ਹੀਦੀ ਸਮਾਗਮ ਦੌਰਾਨ ਪੰਥ ਨੇ ਬਹੁਤ ਹੀ ਸ਼ਾਂਤੀ ਨਾਲ ਸ਼ਹੀਦਾਂ ਨੂੰ ਯਾਦ ਕੀਤਾ ਅਤੇ ਸਮਾਗਮ ਸੰਪੂਰਨ ਕੀਤਾ, ਇਸ ਲਈ ਉਹ ਸ੍ਰੀ ਗੁਰੂ ਰਾਮਦਾਸ ਜੀ ਦਾ ਸ਼ੁਕਰਾਨਾ ਕਰਦੇ ਹਨ । ਉਨ੍ਹਾਂ ਕਿਹਾ ਕਿ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬਹੁਤ ਹੀ ਸਿਆਣਪ ਅਤੇ ਸਹਿਨਸ਼ੀਲਤਾ ਨਾਲ ਸਾਰਾ ਟਕਰਾਅ ਰੋਕਿਆ, ਇਸ ਵਾਸਤੇ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਹੈ ਕਿਉਂਕਿ ਸ਼ਹੀਦਾਂ ਦੀ ਯਾਦ ਵਿਚ ਪੰਥ ਵਿਚਾਲੇ ਕੋਈ ਟਕਰਾਅ ਨਾ ਹੋਵੇ ਇਸ ਨੂੰ ਉਨ੍ਹਾਂ ਵੱਲੋਂ ਰੋਕਿਆ ਗਿਆ, ਜਿਸ ਕਾਰਨ ਪੰਥ ਅਤੇ ਦੁਨੀਆ ਭਰ ਵਿਚ ਏਕਤਾ ਦਾ ਸੰਦੇਸ਼ ਮਿਲਿਆ ਹੈ। ਹਰਨਾਮ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਬੈਠੇ ਕੇ ਸਮੁੱਚੇ ਪੰਥ ਨੇ ਜੂਨ 1984 ਸ਼ਹੀਦਾਂ ਨੂੰ ਯਾਦ ਕੀਤਾ ਹੈ। ਇਹ ਸਮਾਗਮ ਹਮੇਸ਼ਾ ਸਹਿਜਭਾਵਨ ਅਤੇ ਸਤਿਕਾਰ ਨਾਲ ਮਾਇਆ ਜਾਣਾ ਚਾਹੀਦਾ ਹੈ ਅਤੇ ਪੰਥ ਵਿਚ ਸ਼ਾਂਤੀ ਬਣਾਈ ਰੱਖਣੀ ਚਾਹੀਦੀ ਹੈ।




## ਜ਼ਮੀਨੀ ਵਿਵਾਦ ਦੇ ਚੱਲਦਿਆਂ ਔਰਤ ਨੇ ਚੁੱਕਿਆ ਖੌ.ਫਨਾਕ ਕਦਮ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ 6 ਜੂਨ। ਔਰਤ ਵੱਲੋਂ ਜ਼ਹਿਰੀਲੀ ਦਵਾਈ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਘੁਮਾਣ ਦੇ ਏ. ਐੱਸ. ਆਈ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ’ਚ ਪਵਨਦੀਪ ਕੌਰ ਪੁੱਤਰੀ ਰਜਿੰਦਰਪਾਲ ਸਿੰਘ ਵਾਸੀ ਪਿੰਡ ਮਾੜੀ ਟਾਂਡਾ ਨੇ ਦੱਸਿਆ ਕਿ ਉਨ੍ਹਾਂ ਦਾ ਇਕ ਔਰਤ ਨਾਲ ਜ਼ਮੀਨ ਦਾ ਝਗੜਾ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਕੁਝ ਵਿਅਕਤੀਆਂ ਵੱਲੋਂ ਸਾਡੀ ਜ਼ਮੀਨ ਦੀ ਮਿਣਤੀ ਕਰ ਕੇ ਧੱਕੇ ਨਾਲ ਵੱਟ



ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਤੋਂ ਬਾਅਦ ਉਸ ਦੀ ਮਾਤਾ ਲਖਵਿੰਦਰ ਕੌਰ ਨੇ ਜਦੋਂ ਉਕਤ ਵਿਅਕਤੀਆਂ ਨੂੰ ਰੋਕਿਆ ਤਾਂ ਉਨ੍ਹਾਂ ਨੇ ਉਸ ਦੀ ਮਾਤਾ ਨਾਲ ਗਾਲੀ-ਗਲੋਚ ਕੀਤੀ ਅਤੇ ਗਲਤ ਸ਼ਬਦਾਵਲੀ ਦੀ ਵਰਤੋਂ ਕੀਤੀ, ਜਿਸ ਤੋਂ ਬਾਅਦ ਉਸ ਦੀ ਮਾਤਾ ਦਿਮਾਗੀ ਤੌਰ ’ਤੇ ਪ੍ਰੇਸ਼ਾਨ ਰਹਿਣ ਲੱਗ ਪਈ। ਉਨ੍ਹਾਂ ਕਿਹਾ ਕਿ 27 ਮਈ ਨੂੰ ਉਕਤ ਵਿਅਕਤੀਆਂ ਵੱਲੋਂ ਦੋਬਾਰਾ ਉਸ ਦੀ ਮਾਤਾ ਨਾਲ ਗਾਲੀ-ਗਲੋਚ ਕੀਤੀ ਗਈ, ਜਿਸ ਤੋਂ ਦੁਖੀ ਹੋ ਕੇ ਉਸ ਦੀ ਮਾਤਾ ਨੇ ਜ਼ਹਿਰੀਲੀ ਦਵਾਈ ਖਾ ਲਈ। ਪਵਨਦੀਪ ਕੌਰ ਨੇ ਕਿਹਾ ਕਿ ਉਸ ਦੇ ਪਿਤਾ ਰਜਿੰਦਰਪਾਲ ਸਿੰਘ ਨੇ ਉਸ ਦੀ ਮਾਤਾ ਲਖਵਿੰਦਰ ਕੌਰ ਨੂੰ ਇਲਾਜ ਲਈ ਅੰਮ੍ਰਿਤਸਰ ਦੇ ਇਕ ਹਸਪਤਾਲ ’ਚ ਦਾਖਲ ਕਰਵਾਇਆ, ਜਿਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਏ. ਐੱਸ. ਆਈ. ਪ੍ਰਭਜੋਤ ਸਿੰਘ ਨੇ ਕਿਹਾ ਕਿ ਪੁਲਸ ਨੇ ਪਵਨਦੀਪ ਕੌਰ ਦੇ ਬਿਆਨਾਂ ਦੇ ਆਧਾਰ ’ਤੇ 3 ਔਰਤਾਂ ਸਮੇਤ 5 ਲੋਕਾਂ ਵਿਰੁੱਧ ਕੇਸ ਦਰਜ ਕਰ ਦਿੱਤਾ ਹੈ।

## ਕਰੋਕਰੀ ਦੀ ਦੁਕਾਨ ਨੂੰ ਚੋਰਾਂ ਨੇ ਬਣਾਇਆ ਨਿਸ਼ਾਨਾ, ਕੰਧ ਪਾੜ ਕੇ ਨਕਦੀ ਤੇ ਕੀਮਤੀ ਸਾਮਾਨ ’ਤੇ ਕੀਤੇ ਹੱਥ ਸਾ.ਫ

ਦੀਨਾਨਗਰ 6 ਜੂਨ। ਪੁਲਸ ਸਟੇਸ਼ਨ ਦੀਨਾਨਗਰ ਅਧੀਨ ਇਲਾਕੇ ਅੰਦਰ ਨਿੱਤ ਦਿਨ ਵਾਪਰ ਰਹੀਆਂ ਚੋਰੀ ਦੀਆਂ ਘਟਨਾ ਨੂੰ ਲੈ ਕੇ ਲੋਕਾਂ ਵਿੱਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਮੁਤਾਬਕ, ਦੀਨਾਨਗਰ ਬੱਸ ਸਟੈਂਡ ਦੇ ਨੇੜੇ ਇੱਕ ਕਰੋਕਰੀ ਦੀ ਦੁਕਾਨ ਦੀ ਕੰਧ ਪਾੜ ਕੇ ਚੋਰਾਂ ਵੱਲੋਂ



ਅੰਦਰੋਂ ਕੀਮਤੀ ਸਾਮਾਨ ਅਤੇ ਨਕਦੀ ਚੋਰੀ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਇਸ ਸਬੰਧੀ ਦੁਕਾਨ ਦੇ ਮਾਲਕ ਅਵਨੰਦਨ ਮਹਾਜਨ ਨੇ ਦੱਸਿਆ ਕਿ ਉਹ ਰੋਜ਼ ਦੀ ਤਰ੍ਹਾਂ ਆਪਣੀ ਦੁਕਾਨ ਸ਼ਾਮ ਵੇਲੇ ਬੰਦ ਕਰਕੇ ਘਰ ਚਲੇ ਗਏ। ਜਦੋਂ ਸਵੇਰੇ ਦੁਕਾਨ ਖੋਲ੍ਹੀ ਤਾਂ ਦੁਕਾਨ ਦੀ ਇੱਕ ਸਾਈਡ ਦੀ ਕੰਧ ਪਾੜ ਕੇ ਚੋਰਾਂ ਵੱਲੋਂ ਦੁਕਾਨ ਅੰਦਰ ਦਾਖਲ ਹੋ ਕੇ ਗੱਲੇ ਵਿੱਚ ਪਏ ਕਰੀਬ 40 ਹਜ਼ਾਰ ਰੁਪਏ ਦੀ ਨਕਦੀ ਸਮੇਤ ਹੋਰ ਕੀਮਤੀ ਸਾਮਾਨ ਚੋਰੀ ਕਰ ਲਿਆ ਗਿਆ ਸੀ ਜਿਸ ਕਾਰਨ ਕਰੀਬ ਸਾਡਾ ਇਕ ਲੱਖ ਤੋਂ ਡੇਢ ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਸ ਸਬੰਧੀ ਦੀਨਾਨਗਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਵੱਲੋਂ ਮੌਕਾ ਵੇਖ ਕੇ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਲਾਕਾ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਇਲਾਕੇ ਅੰਦਰ ਪੁਲਸ ਦੀ ਗਸ਼ਤ ਤੇਜ਼ ਕੀਤੀ ਜਾਵੇ ਤਾਂ ਕਿ ਨਿੱਤ ਦਿਨ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਦੀ ਰੱਖਿਆ ਲਈ ਕੇਂਦਰ ਅਤੇ ਰਾਜ ਸਰਕਾਰ ਸਾਂਝੀ ਕਾਰਵਾਈ ਕਰਨ: ਵੀਰੇਸ਼ ਸ਼ਾਂਡਿਲਿਆ

ਅੰਮ੍ਰਿਤਸਰ, 6 ਜੂਨ। ਐਂਟੀ ਟੈਰਰਿਸਟ ਫਰੰਟ ਇੰਡੀਆ ਦੇ ਰਾਸ਼ਟਰੀ ਪ੍ਰਧਾਨ ਵੀਰੇਸ਼ ਸ਼ਾਂਡਿਲਿਆ ਨੇ 6 ਜੂਨ ਨੂੰ ਆਪਰੇਸ਼ਨ ਬਲੂ ਸਟਾਰ ਵਿੱਚ ਸ਼ਹੀਦ ਹੋਏ ਦੇਸ਼ ਦੇ ਵੀਰਾਂ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅੱਤਵਾਦੀ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਮਹਿਮਾਮੰਡਨ ਕਰਨ ਵਾਲਿਆਂ ਦੇ ਖਿਲਾਫ ਸਖ਼ਤ ਜਨ-ਅੰਦੋਲਨ ਛੇੜਿਆ ਜਾਵੇ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਿਰਾ ਗਾਂਧੀ, ਸ਼ਹੀਦ ਮੁੱਖ ਮੰਤਰੀ ਸਰਦਾਰ ਬੇਅੰਤ ਸਿੰਘ, ਸਾਬਕਾ ਫੌਜ ਮੁਖੀ ਸ਼ਹੀਦ ਜਨਰਲ ਅਰੁਣ ਵੈਦਿਆ, ਪੰਜਾਬ ਪੁਲਿਸ ਦੇ ਸਾਬਕਾ ਡੀਜੀਪੀ ਕੇਪੀਐਸ ਗਿੱਲ ਅਤੇ ਭਾਰਤੀ ਫੌਜ ਤੇ ਪੰਜਾਬ ਪੁਲਿਸ ਦੇ ਉਨ੍ਹਾਂ ਸ਼ਹੀਦਾਂ ਨੂੰ ਨਮਨ ਕਰਦੇ ਹਨ, ਜਿਨ੍ਹਾਂ ਨੇ ਪੰਜਾਬ ਨੂੰ ਅੱਤਵਾਦ ਤੋਂ ਮੁਕਤ ਕਰਨ ਲਈ ਸਰਵੋਤਮ ਬਲੀਦਾਨ ਦਿੱਤਾ। ਸ਼ਾਂਡਿਲਿਆ ਨੇ ਅੱਜ ਆਪਰੇਸ਼ਨ ਬਲੂ ਸਟਾਰ ਦੇ ਨਾਇਕਾਂ ਦੀ ਯਾਦ ਵਿੱਚ ਤਿਰੰਗਾ ਯਾਤਰਾ ਕੱਢੀ, ਜਿਸ ਦੌਰਾਨ ਉਨ੍ਹਾਂ ਨੇ ਸ਼ਹੀਦ ਜਨਰਲ ਅਰੁਣ ਵੈਦਿਆ, ਇੰਦਿਰਾ ਗਾਂਧੀ, ਕੇਪੀਐਸ ਗਿੱਲ ਦੀਆਂ ਤਸਵੀਰਾਂ ਆਪਣੇ ਹੱਥਾਂ ਵਿੱਚ ਚੁੱਕੀਆਂ ਹੋਈਆਂ ਸਨ। ਵੀਰੇਸ਼ ਸ਼ਾਂਡਿਲਿਆ ਨੇ ਕਿਹਾ ਕਿ ਹਰ ਸਾਲ 6 ਜੂਨ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਬਰਸੀ ਮਨਾ ਕੇ ਕੁਝ ਕੱਟੜਪੰਥੀ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਅਪਵਿੱਤਰ ਕਰ ਰਹੇ ਹਨ ਅਤੇ ‘ਖਾਲਿਸਤਾਨ ਜ਼ਿੰਦਾਬਾਦ’ ਤੇ ‘ਭਿੰਡਰਾਂਵਾਲੇ ਤੇਰੀ ਸੋਹ ਪਰ ਪਹਿਰਾ ਦੇਵਾਂਗੇ ਠੋਕ ਕਰ’ ਵਰਗੇ ਦੇਸ਼ ਵਿਰੋਧੀ ਨਾਅਰੇ ਲਗਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਗੁੰਮਰਾਹ ਕਰਨ ਦੀ ਸਾਜ਼ਿਸ਼ ਕਰ ਰਹੇ ਹਨ। ਉਨ੍ਹਾਂ ਨੇ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਭਿੰਡਰਾਂਵਾਲੇ ਦੀ ਬਰਸੀ ’ਤੇ ਸਖ਼ਤ ਪਾਬੰਦੀ ਲਗਾਈ ਜਾਵੇ ਅਤੇ ਪਵਿੱਤਰ ਧਾਰਮਿਕ ਸਥਾਨਾਂ ਨੂੰ ਅਜਿਹੇ ਰਾਸ਼ਟਰ ਵਿਰੋਧੀ ਏਜੰਡਿਆਂ ਤੋਂ ਮੁਕਤ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਿਸ ਬੇਅੰਤ ਸਿੰਘ ਨੇ ਅੱਤਵਾਦ ਤੋਂ ਪੰਜਾਬ ਨੂੰ ਬਾਹਰ ਕੱਢਿਆ, ਵਿਕਾਸ ਅਤੇ ਸ਼ਾਂਤੀ ਦਾ ਰਾਹ ਪ੍ਰਸਤ ਕੀਤਾ, ਉਨ੍ਹਾਂ ਨੂੰ ‘ਕਸਾਈ’ ਕਹਿਣ ਵਾਲੇ ਖਾਲਿਸਤਾਨੀਆਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਕੇਪੀਐਸ ਗਿੱਲ, ਜਿਨ੍ਹਾਂ ਨੂੰ ਅੱਤਵਾਦ ਦੇ ਸਫਾਏ ਦਾ ਸਿਹਰਾ ਦਿੱਤਾ ਜਾਂਦਾ ਹੈ, ਉਨ੍ਹਾਂ ਦੇ ਵਿਰੁੱਧ ਅਪਮਾਨਜਨਕ ਗੱਲਾਂ ਕਰਨ ਵਾਲਿਆਂ ’ਤੇ ਦੇਸ਼ਦ੍ਰੋਹ ਦੇ ਮੁਕੱਦਮੇ ਦਰਜ ਕੀਤੇ ਜਾਣੇ ਚਾਹੀਦੇ ਹਨ। ਵੀਰੇਸ਼ ਸ਼ਾਂਡਿਲਿਆ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਪੀਲ ਕੀਤੀ ਕਿ ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ ਪਰਿਸਰ ਦੇ ਅਜਾਇਬ ਘਰ ਵਿੱਚੋਂ ਅੱਤਵਾਦੀ ਭਿੰਡਰਾਂਵਾਲੇ, ਬਲਵੰਤ ਸਿੰਘ ਰਾਜੋਆਣਾ, ਸਤਵੰਤ ਸਿੰਘ, ਬੇਅੰਤ ਸਿੰਘ ਦੇ ਕਾਤਲ ਦਿਲਾਵਰ ਸਿੰਘ ਅਤੇ ਹੋਰ ਖਾਲਿਸਤਾਨੀ ਅੱਤਵਾਦੀਆਂ ਦੀਆਂ ਤਸਵੀਰਾਂ ਨੂੰ ਤੁਰੰਤ ਹਟਵਾਇਆ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਤਸਵੀਰਾਂ ਨਾ ਸਿਰਫ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਠੇਸ ਪਹੁੰਚਾਉਂਦੀਆਂ ਹਨ, ਸਗੋਂ ਪੰਜਾਬ ਵਿੱਚ ਮੁੜ ਖਾਲਿਸਤਾਨੀ ਵਿਚਾਰਧਾਰਾ ਨੂੰ ਜਿਉਂਦਾ ਕਰਨ ਦੀ ਕੋਸ਼ਿਸ਼ ਵੀ ਹਨ। ਸ਼ਾਂਡਿਲਿਆ ਨੇ ਕਿਹਾ ਕਿ ਜੇਕਰ ਕੇਂਦਰ ਅਤੇ ਰਾਜ ਸਰਕਾਰਾਂ ਇਸ ਵਿਸ਼ੇ ’ਤੇ ਚੁੱਪ ਰਹਿੰਦੀਆਂ ਹਨ, ਤਾਂ ਉਨ੍ਹਾਂ ਦਾ ਸੰਗਠਨ ਦੇਸ਼ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰੇਗਾ ਅਤੇ ਜਰੂਰਤ ਪੈਣ ’ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਜਾਂ ਸੁਪਰੀਮ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਜਾਵੇਗਾ। ਉਨ੍ਹਾਂ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਭਿੰਡਰਾਂਵਾਲੇ ਦੇ ਅਸਲੀ ਚਿਹਰੇ ਨੂੰ ਲੈ ਕੇ ਇੱਕ ਸ਼ਵੇਤ ਪੱਤਰ ਜਾਰੀ ਕਰੇ ਤਾਂ ਜੋ ਦੇਸ਼ ਦੀ ਜਨਤਾ ਸਮਝ ਸਕੇ ਕਿ ਉਹ ਕੋਈ ਸੰਤ ਨਹੀਂ ਸੀ, ਸਗੋਂ ਇੱਕ ਖ਼ੂੰਖਾਰ ਅੱਤਵਾਦੀ ਸੀ ਜਿਸ ਨੇ 35 ਹਜ਼ਾਰ ਨਿਰਦੋਸ਼ਾਂ ਦੀ ਹੱਤਿਆ ਕੀਤੀ ਸੀ। ਸ਼ਾਂਡਿਲਿਆ ਨੇ ਕਿਹਾ ਕਿ 1984 ਦੀ ਅੱਗ ਨੂੰ ਇੱਕ ਵਾਰ ਫਿਰ ਹਵਾ ਦਿੱਤੀ ਜਾ ਰਹੀ ਹੈ। ਇਹ ਨਾ ਸਿਰਫ ਸਾਡੀ ਫੌਜ ਦੇ ਬਲੀਦਾਨ ਦਾ ਅਪਮਾਨ ਹੈ, ਸਗੋਂ ਸਿੱਖ ਧਰਮ ਦੀ ਸ਼ਾਨ ਦਾ ਵੀ ਹਨਨ ਹੈ। ਅੱਜ ਕੁਝ ਮੁੱਠੀਭਰ ਲੋਕ ਪੂਰੀ ਕੌਮ ਦੀ ਛਵੀ ਨੂੰ ਖਰਾਬ ਕਰ ਰਹੇ ਹਨ ਅਤੇ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ। ਜੋ ਭਿੰਡਰਾਂਵਾਲੇ ਨੂੰ ਯਾਦ ਕਰਕੇ ਖਾਲਿਸਤਾਨ ਦੇ ਨਾਅਰੇ ਲਗਾ ਰਹੇ ਹਨ, ਉਹ ਭਾਰਤ ਦੀ ਏਕਤਾ ਅਤੇ ਅਖੰਡਤਾ ’ਤੇ ਸਿੱਧਾ ਹਮਲਾ ਕਰ ਰਹੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਅਪੀਲ ਕੀਤੀ ਕਿ ਜਿਸ ਤਰ੍ਹਾਂ ਸਰਕਾਰ ਨੇ ਅਨੁਛੇਦ 370 ਵਰਗੇ ਇਤਿਹਾਸਕ ਫੈਸਲੇ ਲਏ, ਉਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਦੀ ਰੱਖਿਆ ਲਈ ਕੇਂਦਰ ਅਤੇ ਰਾਜ ਸਰਕਾਰ ਸਾਂਝੀ ਕਾਰਵਾਈ ਕਰਨ। ‘ਦਲ ਖਾਲਸਾ’ ਅਤੇ ਹੋਰ ਅਜਿਹੇ ਸੰਗਠਨਾਂ ’ਤੇ ਪਾਬੰਦੀ ਲਗਾਈ ਜਾਵੇ ਜੋ ਖੁੱਲ੍ਹੇਆਮ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹਨ। ਵੀਰੇਸ਼ ਸ਼ਾਂਡਿਲਿਆ ਨੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਇਹ ਮੁਹਿੰਮ ਕਿਸੇ ਧਰਮ ਜਾਂ ਸਮੁਦਾਇ ਦੇ ਵਿਰੁੱਧ ਨਹੀਂ, ਸਗੋਂ ਅੱਤਵਾਦ ਦੇ ਵਿਰੁੱਧ ਹੈ। ਉਨ੍ਹਾਂ ਨੇ ਦੁਹਰਾਇਆ ਕਿ ਹਰ ਹਿੰਦੁਸਤਾਨੀ ਨੂੰ ਅੱਤਵਾਦੀ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਦੇ ਵਿਰੁੱਧ ਅਵਾਜ਼ ਉਠਾਉਣ ਲਈ ਪ੍ਰੇਰਿਤ ਕਰਨਗੇ ਅਤੇ ਭਾਰਤ ਦੀ ਅਖੰਡਤਾ ਨੂੰ ਬਣਾਈ ਰੱਖਣ ਲਈ ਅੰਤਿਮ ਸਾਹ ਤੱਕ ਸੰਘਰਸ਼ ਕਰਦੇ ਰਹਿਣਗੇ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਲਈਨਿਹੰਗ ਜਥੇਬੰਦੀਆਂ ਕੁਰਬਾਨੀ ਦੇਣ ਲਈ ਤਿਆਰ ਹਨ: ਬਾਬਾ ਬਲਬੀਰ ਸਿੰਘ 96 ਕਰੋੜੀ

ਅੰਮ੍ਰਿਤਸਰ, 6 ਜੂਨ, ਨਿਹੰਗ ਸਿੰਘਾਂ ਦੀਆਂ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਅਤੇ ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ 1984 ਦੇ ਸ਼ਹੀਦੀ ਘੱਲੂਘਾਰੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇਪ੍ਰਕਰਮਾ ‘ਚ ਸਥਿਤ ਯਾਦਗਾਰ ਗੁ: ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਿਹੰਗ ਸਿੰਘ ਅਸਥਾਨ ਤੇ ਸ਼ਰਧਾ ਪੂਰਵਕ ਨਤਮਸਤਕਹੋਈਆਂ, ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਅਤੇ ਸ਼ਹੀਦ ਸਿੰਘਾਂ ਨੂੰ ਸ਼ਰਧਾਸਤਿਕਾਰ ਭੇਟ ਕੀਤਾ। ਉਨ੍ਹਾਂ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਹੀਦ ਸਿੰਘਾਂ ਦੀ ਯਾਦ ‘ਚ ਅਯੋਜਤਸਮਾਗਮ ਭਲੀਭਾਂਤ ਸਾਂਤੀ ਪੂਰਨ ਮੁਕੰਮਲ ਹੋਇਆ ਹੈ। ਉਨ੍ਹਾਂ ਕਿਹਾ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਵੱਡ ਵਡੇਰਿਆਂ ਨੇਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਯਾਦਾ ਖਾਤਰ ਬੇ-ਹਿਸਾਬ ਕੁਰਬਾਨੀਆਂ ਦਿੱਤੀਆਂਹਨ। ਗੁਰੂ ਦੀਆਂ ਲਾਡਲੀਆਂ ਫੌਜਾਂ ਪਹਿਲਾਂ ਵੀ, ਹੁਣ ਵੀ ਅਤੇ ਭਵਿੱਖ ਵਿੱਚ ਵੀ ਇਨ੍ਹਾਂ ਸਰਵਉਚ ਧਾਰਮਿਕ ਪਵਿੱਤਰ ਅਸਥਾਨਾਂ ਦੀਅਜਮਤ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਬਰ ਤਿਆਰ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘਅਕਾਲੀ 96 ਕਰੋੜੀ ਨੇ ਕਿਹਾ ਕਿ ਅੱਜ ਨਿਹੰਗ ਸਿੰਘ ਜਥੇਬੰਦੀਆਂ 6 ਜੂਨ 1984 ਨੂੰ ਭਾਰਤੀ ਫੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਤੇਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ, ਭੁਜੰਗੀਆਂ ਅਤੇ ਹੋਰ ਸ਼ਹੀਦ ਸ਼ਰਧਾਲੂਆਂ ਨੂੰਸ਼ਰਧਾ ਸਤਿਕਾਰ ਭੇਟ ਕਰਨ ਲਈ ਪੁਜੀਆਂ ਹਨ, ਉਨ੍ਹਾਂ ਕਿਹਾ ਨਿਹੰਗ ਸਿੰਘ ਜਥੇਬੰਦੀਆਂ ਨੇ ਇਨ੍ਹਾਂ ਪਵਿੱਤਰ ਅਸਥਾਨਾਂ ਦੀ ਆਨਬਾਣ ਸ਼ਾਨ ਲਈ ਮਹਾਨ ਕੁਰਬਾਨੀਆਂ ਦਿਤੀਆਂ ਹਨ, ਉਨ੍ਹਾਂ ਕਿਹਾ ਇਨ੍ਹਾਂ ਪਾਵਨ ਪਵਿੱਤਰ ਅਸਥਾਨਾਂ ਦੀ ਮਾਣ ਮਰਯਾਦਾ ਕਾਇਮਰੱਖਣੀ ਸਾਡਾ ਫਰਜ਼ ਹੈ। ਜੇਕਰ ਸ਼?ਰੋਮਣੀ ਕਮੇਟੀ ਸੰਗਤਾਂ ਦੀਆਂ ਭਾਵਨਾਵਾਂ ਅਨੁਸਾਰ ਮਰਯਾਦਾ ਪੂਰਨ ਕਾਰਜ ਕਰਦੀ ਹੈ, ਤਾਂ ਸਾਰੀਆਂਜਥੇਬੰਦੀਆਂ ਸਹਿਯੋਗ ਕਰਦੀਆਂ ਹਨ। ਉਨ੍ਹਾਂ ਕਿਹਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪਹਿਲਾਂ ਵੀ ਸਪੱਸ਼ਟ ਕਿਹਾ ਗਿਆ ਸੀ ਕਿਸਾਡੀ ਸ਼?ਰੋਮਣੀ ਕਮੇਟੀ ਜਾਂ ਕਿਸੇ ਵਿਸ਼ੇਸ਼ ਨਾਲ ਨਿਜੀ ਲੜਾਈ ਨਹੀਂ ਹੈ ਪਰ ਮਰਯਾਦਾ ਮਾਮਲੇ ਤੇ ਕਿਸੇ ਨਾਲ ਕੋਈ ਸਮਝੌਤਾ ਨਹੀਂ ਹੈ।ਉਨ੍ਹਾਂ ਕਿਹਾ ਅੱਜ ਵਾਲੇ ਪ੍ਰੋਗਰਾਮ ਦੀ ਤਫਸੀਲ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਮੀਡੀਏ ਰਾਹੀਂ ਪਹਿਲਾਂ ਹੀ ਸੰਗਤਾਂ ਨਾਲ ਸਾਂਝੀ ਕਰ ਲੈਂਦੇ ਤਾਂਸਿੱਖ ਪੰਥਕ ਜਥੇਬੰਦੀਆਂ ਵਿੱਚ ਭਰਮ ਭੁਲੇਖੇ ਜਾਂ ਮਾਨਸਿਕ ਤਣਾਅ ਵਾਲੇ ਸ਼ੰਕੇ ਪੈਦਾ ਹੋਣੇ ਹੀ ਨਹੀਂ ਸਨ।



## ਭ੍ਰਿਸ਼ਟਾਚਾਰ ਮਾਮਲੇ ’ਚ ਗ੍ਰਿ.ਫਤਾਰ ਇੰਸਪੈਕਟਰ ਹਰਪ੍ਰੀਤ ਕੌਰ ਨੂੰ 14 ਦਿਨਾਂ ਲਈ ਭੇਜਿਆ ਗਿਆ ਜੇਲ੍ਹ

ਜਲੰਧਰ 6 ਜੂਨ। ਭ੍ਰਿਸ਼ਟਾਚਾਰ ਮਾਮਲੇ ਵਿੱਚ ਵਿਧਾਇਕ ਰਮਨ ਅਰੋੜਾ ਦੀ ਕੜੀ ਨਾਲ ਜੁੜੀ ਨਗਰ ਨਿਗਮ ਦੀ ਇੰਸਪੈਕਟਰ ਹਰਪ੍ਰੀਤ ਕੌਰ ਨੂੰ ਵੀ ਬੀਤੇ ਦਿਨ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅੱਜ ਰਿਮਾਂਡ ਖ਼ਤਮ ਹੋਣ ’ਤੇ ਮਾਣਯੋਗ ਡਿਊਟੀ ਮੈਜਿਸਟ?ਰੇਟ ਆਂਚਲ ਗੋਇਲ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਜਿੱਥੇ ਅਦਾਲਤ ਨੇ ਦੋਵਾਂ ਪੱਖਾਂ ਦੀ ਬਹਿਸ ਸੁਣਦੇ ਹੋਏ 14 ਦਿਨ ਲਈ ਜੂਡੀਸ਼ੀਅਲ ਜੇਲ੍ਹ ਭੇਜਣ ਦਾ ਹੁਕਮ ਸੁਣਾਇਆ। ਹੁਣ ਨਗਰ ਨਿਗਮ ਦੀ ਇੰਸਪੈਕਟਰ ਹਰਪ੍ਰੀਤ ਕੌਰ ਨੂੰ 28 ਜੂਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਥੇ ਜ਼ਿਕਰਯੋਗ ਹੈ ਕਿ ਵਿਧਾਇਕ ਰਮਨ ਅਰੋੜਾ ਨੂੰ ਵੀ ਬੀਤੇ ਦਿਨੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਜਿੱਥੇ ਅਦਾਲਤ ਨੇ 4 ਦਿਨ ਦਾ ਰਿਮਾਂਡ ਦਿੱਤਾ ਸੀ। ਜਿਸ ਨੂੰ 2 ਜੂਨ ਨੂੰ ਮੁੜ ਰਿਮਾਂਡ ਖ਼ਤਮ ਹੋਣ ’ਤੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸੁਖਦੇਵ ਵਸ਼ਿੱਸ਼ਟ ਏ. ਟੀ. ਪੀ. ਨੂੰ ਅਦਾਲਤ ਪਹਿਲਾਂ ਹੀ 14 ਦਿਨਾਂ ਦੇ ਨਿਆਂਇਕ ਹਿਰਾਸਤ ਵਿਚ ਭੇਜ ਚੁੱਕੀ ਹੈ। ਦੂਜੇ ਪਾਸੇ ਅੱਜ ਅਦਾਲਤ ਵਿੱਚ ਕੁਝ ਲੋਕਾਂ ਵੱਲੋਂ ਬਿਆਨ ਵੀ ਦਰਜ ਕਰਵਾਏ ਗਏ ਹਨ। ਦਰਅਸਲ ਵਿਧਾਇਕ ਰਮਨ ਅਰੋੜਾ ਦੇ ਵਿਰੁੱਧ ਨਵੀਆਂ ਬਣਿਆਂ ਬਿਲਡਿੰਗਾਂ ਅਤੇ ਕਿਸੇ ਦੀ ਬਦਲੀ ਕਰਵਾਉਣ ਅਤੇ ਹੋਰ ਕਈ ਕੰਮ ਕਰਵਾਉਣ ਸਬੰਧੀ ਲੋਕਾਂ ਨੂੰ ਨੋਟਿਸ ਕੱਢ ਕੇ ਪੈਸਿਆਂ ਦੀ ਡੀਲ ਕਰਦੇ ਸੀ ਅਤੇ ਜਿਹੜੇ ਪੈਸੇ ਨਹੀਂ ਭਰਦੇ ਸੀ, ਉਨ੍ਹਾਂ ਨੂੰ ਡਰਾਉਂਦੇ ਧਮਕਾਉਂਦੇ ਸਨ, ਜਿਸ ਕਾਰਨ ਮਜਬੂਰਨ ਲੋਕਾਂ ਨੂੰ ਪੈਸੇ ਦੇਣੇ ਪੈਂਦੇ ਸਨ, ਉਨ੍ਹਾਂ ਲੋਕਾਂ ਨੇ ਆਪਣੇ 164 ਦੇ ਬਿਆਨ ਵੀ ਦਰਜ ਕਰਵਾਏ ਹਨ।

# ਮਲੇਰੀਆ ਰੋਕੂ ਮਹੀਨੇ ਦੌਰਾਨ ਹੈਲਥ ਸੁਪਰਵਾਈਜ਼ਰਜ਼ ਦੀ ਕੀਤੀ ਗਈ ਮੀਟਿੰਗ



**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਲੇਰੀਆ ਰੋਕੂ ਮਹੀਨੇ ਦੌਰਾਨ ਹੈਲਥ ਇੰਸਪੈਕਟਰਜ਼ ਦੀ ਮੀਟਿੰਗ ਸੀਐਸ ਆਫਿਸ ਵਿੱਚ ਕੀਤੀ ਗਈ।ਜੂਨ ਮਹੀਨੇ ਦੌਰਾਨ ਮਾਈਗ੍ਰੇਟਰੀ ਆਬਾਦੀ ਵਿੱਚ ਮਲੇਰੀਆ ਸਰਵੇਲੈਂਸ ਨੂੰ ਵਧਾਉਣ ਲਈ ਇਹ ਮੀਟਿੰਗ ਰੱਖੀ ਗਈ।

ਇਸ ਦੌਰਾਨ ਸਿਵਲ ਸਰਜਨ ਡਾ.ਜਗਪਾਲਇੰਦਰ ਸਿੰਘ ਨੇ ਹੈਲਥ ਇੰਸਪੈਕਟਰਜ਼ ਨੂੰ ਹਦਾਇਤ ਕੀਤੀ ਕਿ ਪਿਛਲੇ ਪੰਜ ਸਾਲਾਂ ਦੌਰਾਨ ਪਾਏ ਗਏ ਮਲੇਰੀਆ ਕੇਸਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਮਾਈਗ੍ਰੇਟਰੀ ਇਲਾਕਿਆਂ ਵਿੱਚ ਵੀ ਫੀਵਰ ਸਰਵੇ ਕਰ ਮਲੇਰੀਆ ਜਾਂਚ ਕਰਨੀ ਯਕੀਨੀ ਬਣਾਈ ਜਾਵੇ।

ਇਸ ਮਹੀਨੇ ਦੌਰਾਨ ਮਾਈਗ੍ਰੇਟਰੀ ਰਾਊਂਡ ਦੇ ਚੱਲਦਿਆਂ ਮੌਕੇ ਉੱਤੇ ਹੀ ਰੈਪਿਡ ਕਿਟਾਂ ਦੀ ਵਰਤੋਂ ਕਰਦੇ ਹੋਏ ਮਲੇਰੀਆ ਜਾਂਚ ਕੀਤੀ ਜਾਵੇਗੀ ਜਿਸ ਨਾਲ ਮਰੀਜ਼ ਦੀ ਪਛਾਣ ਕਰਕੇ ਨਾਲ ਦੀ ਨਾਲ ਦਵਾਈ ਦਿੱਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਮੱਛਰਾਂ ਦੀ ਪੈਦਾਇਸ਼ ਦੇ ਸਰੋਤ ਘਟਾਉਣ ਲਈ ਘਰਾਂ ਦੀ ਚੈਕਿੰਗ, ਜਨਤਕ ਜਾਗਰੂਕਤਾ ਅਤੇ ਵਿਲੇਜ ਹੈਲਥ ਤੇ ਸੈਨੀਟੇਸ਼ਨ ਕਮੇਟੀਆਂ ਦੀ ਸ਼ਮੂਲੀਅਤ ਕਰਨ ਵਰਗੇ ਉਪਰਾਲੇ ਕੀਤੇ ਜਾਣੇ ਹਨ।ਜਿਸ ਨਾਲ ਨਾਗਰਿਕਾਂ ਦੀ ਭਾਗੀਦਾਰੀ ਵੀ ਯਕੀਨੀ ਬਣਾਈ ਜਾ ਸਕੇਗੀ। ਇਸ ਦੌਰਾਨ ਜਿਲ੍ਹਾ ਐਪੀਡੈਮੋਲੋਜਿਸਟ ਡਾ. ਸੁਮਿਤ ਵੱਲੋਂ ਇਹ ਵੀ ਆਖਿਆ ਗਿਆ ਕਿ ਲੋਕਾਂ ਨੂੰ ਵੀ ਆਪਣੇ ਘਰ ਅੰਦਰ ਬਣਦੇ ਮੱਛਰਾਂ ਦੀ ਪੈਦਾਇਸ਼ ਦੇ ਸਰੋਤ ਜਿਵੇਂ ਕਿ ਕੂਲਰਾਂ ਦੀ ਟੈਂਕੀ, ਗਮਲਿਆਂ ਦੀ ਟਰੇਅ, ਖੁਲ੍ਹੇ ਵਿੱਚ ਪਏ ਕਬਾੜ ਦੇ ਸਮਾਨ ਵਿੱਚ ਰੁਕਿਆ ਪਾਣੀ ਹਟਾਉਣ ਲਈ ਜਾਗਰੂਕ ਕੀਤਾ ਜਾਵੇ।ਇਸ ਤੋਂ ਇਲਾਵਾ ਹੋਰ ਮਹਿਕਮਿਆਂ ਖਾਸਤੌਰ ਉੱਤੇ ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮਾ, ਅਤੇ ਅਰਬਨ ਲੋਕਲ ਬਾਡੀਜ਼ ਨਾਲ ਤਾਲਮੇਲ ਕਰ ਜਿਨ੍ਹਾਂ ਥਾਂਵਾਂ ਉੱਤੇ ਪਾਣੀ ਦੀ ਨਿਕਾਸੀ ਸੰਭਵ ਨਹੀਂ ਉਨ੍ਹਾਂ ਥਾਂਵਾਂ ਉੱਤੇ ਲਾਰਾਵੀ ਸਾਈਡ ਦਵਾਈਆਂ ਦਾ ਛਿੜਕਾਅ ਜਾਂ ਗੰਬੂਜੀਆ ਮੱਛੀ ਛੱਡੇ ਜਾਣ ਦੇ ਪ੍ਰਬੰਧ ਕਰਵਾਏ ਜਾਣ।

ਇਨ੍ਹਾਂ ਸਾਰੇ ਕੰਮਾਂ ਸਬੰਧੀ ਅੱਜ ਮੀਟਿੰਗ ਕਰਕੇ ਸਿਹਤ ਵਿਭਾਗ ਦੇ ਜਿਲ੍ਹੇ ਭਰ ਦੇ ਸਿਹਤ ਸੁਪਰਵਾਈਜਰਜ ਨੂੰ ਤਾਕੀਦ ਕੀਤੀ ਗਈ ਕਿ ਸਿਹਤ ਕਰਮੀਆਂ ਦੇ ਬੀਟ ਪ੍ਰੋਗਰਾਮ ਅਨੁਸਾਰ ਹਰੇਕ ਪਿੰਡ ਦਾ ਦੌਰਾ ਯਕੀਨੀ ਬਣਾਇਆ ਜਾਵੇ।ਸਾਲ 2025 ਦੌਰਾਨ ਅਜੇ ਤੱਕ ਪੂਰੇ ਜਿਲ੍ਹੇ ਵਿੱਚ ਮਲੇਰੀਆ ਦਾ ਇੱਕ ਕੇਸ ਹੀ ਸਾਹਮਣੇ ਆਇਆ ਹੈ ਜੋ ਕਿ ਪਰਵਾਸੀ ਆਬਾਦੀ ਨਾਲ ਸਬੰਧਤ ਸੀ ਤੇ ਯੂਪੀ ਤੋਂ ਬੁਖਾਰ ਦੇ ਨਾਲ ਹੀ ਇੱਥੇ ਆਇਆ ਸੀ।ਪਿਛਲੇ ਸਾਲ ਅਜਿਹੇ 23 ਕੇਸ ਪਾਏ ਗਏ ਸਨ ਜੋ ਸਾਰੇ ਦੇ ਸਾਰੇ ਮਾਈਗ੍ਰੇਟਰੀ ਆਬਾਦੀ ਨਾਲ ਹੀ ਸਬੰਧਤ ਸਨ। ਪਟਿਆਲਾ ਜਿਲ੍ਹੇ ਦੇ ਬਸ਼ਿੰਦਿਆਂ ਵਿੱਚ ਕੋਈ ਲੋਕਲ ਮਲੇਰੀਆ ਕੇਸ ਪਿਛਲੇ ਪੰਜ ਸਾਲਾਂ ਤੋਂ ਨਹੀਂ ਪਾਇਆ ਗਿਆ।

# ਜੂਨ 1984 ਦੇ ਘੱਲੂਘਾਰੇ ਸਮੇਂ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਪਾਵਨ ਸਰੂਪ ਨੂੰ ਸੰਗਤ ਦੇ ਦਰਸ਼ਨਾਂ ਲਈ ਕੀਤਾ ਸੁਸ਼ੋਭਿਤ

## 1984 'ਚ ਹੋਏ ਫ਼ੌਜੀ ਹਮਲੇ ਨੂੰ ਬਿਆਨ ਕਰਦੀਆਂ ਤਸਵੀਰਾਂ ਦੀ ਲਗਾਈ ਪ੍ਰਦਰਸ਼ਨੀ

**ਅੰਮ੍ਰਿਤਸਰ, 2 ਜੂਨ**
**-ਨਿਊਜ਼ਲਾਈਨ ਐਕਸਪ੍ਰੈਸ-**

ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਜੂਨ 1984 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਉਣ ਲਈ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸੁਸ਼ੋਭਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਾਲਾਂ ਤੋਂ ਘੱਲੂਘਾਰਾ ਹਫ਼ਤੇ ਦੌਰਾਨ ਇਸ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ, ਜਿਸ ਦੀ ਲਗਾਤਾਰਤਾ ਇਸ ਵਾਰ ਵੀ ਜਾਰੀ ਰੱਖੀ ਗਈ ਹੈ। ਇਸ ਪਾਵਨ ਸਰੂਪ ਦੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੰਗਤਾਂ 6 ਜੂਨ ਤੱਕ ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ ਦਰਸ਼ਨ ਕਰ ਸਕਣਗੀਆਂ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਨਾਲ ਇਸ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਈ ਜਾ ਰਹੀ ਹੈ। ਅੱਜ ਇਹ ਪਾਵਨ ਸਰੂਪ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੇਵਾ ਨਿਭਾਈ।



ਗਿਆਨੀ ਕੇਵਲ ਸਿੰਘ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਜ਼ਖ਼ਮੀ ਪਾਵਨ ਸਰੂਪ ਸਿੱਖ ਕੌਮ 'ਤੇ ਹੋਏ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ, ਜਿਸ ਨੂੰ ਦੇਖ ਕੇ ਹਰ ਮਨੁੱਖ ਦਾ ਹਿਰਦਾ ਪੀੜਾ ਨਾਲ ਭਰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੌਮ ਸਿੱਖਾਂ 'ਤੇ ਹੋਏ ਇਸ ਅੱਤਿਆਚਾਰ ਨੂੰ ਕਦੇ ਵੀ ਭੁਲਾ ਨਹੀਂ ਸਕਦੀ। ਇਸ ਮੌਕੇ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ 1984 ਵਿਚ ਕੇਂਦਰ ਦੀ ਕਾਂਗਰਸ ਸਰਕਾਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਹੋਰ ਗੁਰਦੁਆਰਾ ਸਾਹਿਬਾਨ 'ਤੇ ਫ਼ੌਜੀ ਹਮਲਾ ਕਰਕੇ ਸਿੱਖ ਕੌਮ ਨੂੰ ਗਹਿਰੇ ਜ਼ਖ਼ਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਆਪਣੇ ਹੀ ਦੇਸ਼ ਦੀ ਸਰਕਾਰ ਵੱਲੋਂ ਕੀਤੇ ਗਏ ਵਹਿਸ਼ੀਆਨਾ ਹਮਲੇ ਨੂੰ ਕੌਮ ਹਮੇਸ਼ਾਂ ਯਾਦ ਰੱਖੇਗੀ। ਇਸੇ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਰਕਾਰ ਦੇ ਜ਼ੁਲਮਾਂ ਤੋਂ ਜਾਣੂ ਕਰਵਾਉਣ ਲਈ ਜਿਥੇ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ, ਉਥੇ ਹੀ ਘੱਲੂਘਾਰੇ ਨਾਲ ਸਬੰਧਤ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਲਗਾਈ ਗਈ ਹੈ। ਉਨ੍ਹਾਂ ਦੱਸਿਆ ਕਿ ਲਗਾਈ ਗਈ ਪ੍ਰਦਰਸ਼ਨੀ ਵਿਚ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਢਹਿ-ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵਾਪਰੇ ਦੁਖਾਂਤ ਨੂੰ ਬਿਆਨ ਕਰਦੀਆਂ ਤਸਵੀਰਾਂ ਹਨ, ਜੋ ਸਰਕਾਰ ਵੱਲੋਂ ਕੀਤੇ ਜਬਰ ਤੇ ਜ਼ੁਲਮ ਨੂੰ ਬਿਆਨ ਕਰਦੀਆਂ ਹਨ।

ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ 6 ਜੂਨ ਤੱਕ ਰੋਜ਼ਾਨਾ ਸਵੇਰ ਤੋਂ ਲੈ ਕੇ ਸ਼ਾਮ 7 ਵਜੇ ਤੱਕ ਦਰਸ਼ਨ ਕਰਵਾਏ ਜਾਣਗੇ। ਇਸ ਦੇ ਨਾਲ ਹੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰ ਪ੍ਰਦਰਸ਼ਨੀ ਜਾਰੀ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਕਰਨ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੈਨੇਜਰ ਸ. ਜਸਪਾਲ ਸਿੰਘ ਢੱਡੇ, ਮੀਤ ਮੈਨੇਜਰ ਸ. ਗੁਰਵਿੰਦਰਪਾਲ ਸਿੰਘ ਕਾਦੀਆਂ, ਪ੍ਰਚਾਰਕ ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਤਰਸੇਮ ਸਿੰਘ, ਭਾਈ ਗੁਰਵਿੰਦਰ ਸਿੰਘ ਖੋਦੇਬੇਟ ਅਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

# ਸਰਕਾਰੀ ਰਿਵਾਲਵਰ ਦੀ ਗੋਲੀ ਲੱਗਣ ਕਰਕੇ ਥਾਣੇਦਾਰ ਦੀ ਮੌਤ

**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਾਂਡੋ ਟ੍ਰੇਨਿੰਗ ਕੰਪਲੈਕਸ ਬਹਾਦਰਗੜ੍ਹ ਵਿੱਚ ਰਹਿੰਦੇ ਏਐੱਸਆਈ ਦੀ ਸਰਕਾਰੀ ਰਿਵਾਲਵਰ ਦੀ ਗੋਲੀ ਵੱਜਣ ਕਾਰਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਪ੍ਰੀਤ ਸਿੰਘ (41) ਵਾਸੀ ਪਿੰਡ ਕੁੰਡਲ ਨੇੜੇ ਅਬੋਹਰ ਵਜੋਂ ਹੋਈ ਹੈ। ਉਹ ਇਨ੍ਹੀਂ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਕਿਉਰਿਟੀ ਵਿਚਲੇ ਸਪੈਸ਼ਲ ਓਪਰੇਸ਼ਨ ਗਰੁੱਪ (ਐੱਸਓਜੀ) ਵਿੱਚ ਡੈਪੂਟੇਸ਼ਨ 'ਤੇ ਤਾਇਨਾਤ ਸੀ ਤੇ ਉਸ ਦਾ ਬੈਲਟ ਨੰਬਰ 3439 (ਫਸਟ ਕਮਾਂਡੋ ਬਟਾਲੀਅਨ ਪੀਏਪੀ) ਸੀ। ਉਸ ਦੇ ਕੁਆਰਟਰ ਦਾ ਨੰਬਰ 11 ਐਚ ਹੈ।

ਮਨਪ੍ਰੀਤ ਇਹ ਕਹਿ ਕੇ ਆ ਗਿਆ ਸੀ ਕਿ ਉਹ ਰੈਸਟ 'ਤੇ ਪਿੰਡ ਜਾਵੇਗਾ। ਪ੍ਰੰਤੂ ਪਿੰਡ ਜਾਣ ਦੀ ਬਜਾਏ ਉਹ ਬਹਾਦਰਗੜ੍ਹ ਕਮਾਂਡੋ ਕੰਪਲੈਕਸ ਵਿੱਚ ਮਿਲੇ ਆਪਣੇ ਕੁਆਰਟਰ ਵਿੱਚ ਚਲਾ ਗਿਆ, ਜਿੱਥੇ ਕੱਲ੍ਹ ਸ਼ਾਮੀਂ ਛਾਤੀ ਵਿੱਚ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਉਹ ਦੋ ਧੀਆਂ ਦਾ ਪਿਓ ਸੀ। ਉਸ ਦੀ ਜੱਦੀ ਪੁਸ਼ਤੀ ਦੋ ਕਿੱਲੇ ਜ਼ਮੀਨ ਵੀ ਪਿਛਲੇ ਸਾਲ ਵਿਕ ਗਈ ਸੀ। ਸੂਤਰਾਂ ਮੁਤਾਬਕ ਉਹ ਮਾਨਸਿਕ ਤਣਾਅ ਵਿੱਚ ਸੀ। ਕੁਝ ਇਸ ਨੂੰ ਖ਼ੁਦਕੁਸ਼ੀ ਦੀ ਘਟਨਾ ਦੱਸ ਰਹੇ ਹਨ ਜਦੋਂਕਿ ਪੁਲੀਸ ਨੇ ਇਸ ਨੂੰ ਅਚਾਨਕ ਵਾਪਰੀ ਘਟਨਾ ਦੱਸਿਆ ਹੈ। ਥਾਣਾ ਸਦਰ ਪਟਿਆਲਾ ਦੇ ਐੱਸਐੱਚਓ ਇੰਸਪੈਕਟਰ ਅੰਮ੍ਰਿਤਵੀਰ ਸਿੰਘ ਚਹਿਲ ਨੇ ਕਿਹਾ ਕਿ ਮੁੱਢਲੀ ਤਫਤੀਸ਼ ਦੌਰਾਨ ਇਹ ਮਾਮਲਾ ਅਚਾਨਕ ਵਾਪਰੀ ਘਟਨਾ ਵਜੋਂ ਸਾਹਮਣੇ ਆਇਆ ਹੈ। ਬਾਕੀ ਪੁਲੀਸ ਜਾਂਚ ਕਰ ਰਹੀ ਹੈ।

# ਬਲਜਿੰਦਰ ਢਿੱਲੋਂ 'ਆਪ' ਦੇ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ

**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਪਟਿਆਲਾ ਭੁਨਰਹੇੜੀ ਸੜਕ 'ਤੇ ਸਥਿਤ ਉਤਰੀ ਭਾਰਤ ਪੱਧਰ ਦੇ ਮਨੋਰੰਜਨ ਪਾਰਕ ਫਨਵਰਡ ਦੇ ਸੰਚਾਲਕ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਜਿੰਦਰ ਸਿੰਘ ਢਿੱਲੋਂ ਨੂੰ ਪਾਰਟੀ ਦੀ ਸੂਬਾਈ ਲੀਡਰਸ਼ਿਪ ਨੇ ਅੱਜ ਆਮ ਆਦਮੀ ਪਾਰਟੀ ਲੋਕ ਸਭਾ ਹਲਕਾ ਪਟਿਆਲਾ ਦਾ ਇੰਚਾਰਜ ਨਿਯੁਕਤ ਕੀਤਾ ਹੈ। ਲੰਘੀਆਂ ਚੋਣਾਂ ਦੌਰਾਨ ਉਹ ਵਿਧਾਨ ਸਭਾ ਹਲਕਾ ਸਨੌਰ ਤੋਂ 'ਆਪ' ਦੀ ਟਿਕਟ ਦੇ ਦਾਵੇਦਾਰ ਵੀ ਸਨ ਪਰ ਟਿਕਟ ਨਾ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਦੇ ਸੇਵਾਵਾਂ ਜਾਰੀ ਰੱਖੀਆਂ।

ਇਸ ਤਹਿਤ ਅੱਜ ਪਾਰਟੀ ਨੇ ਬਲਜਿੰਦਰ ਸਿੰਘ ਨੂੰ ਲੋਕ ਸਭਾ ਹਲਕਾ ਪਟਿਆਲਾ ਦਾ ਇੰਚਾਰਜ ਲਾਇਆ ਹੈ।

ਇਸ ਤੋਂ ਪਹਿਲਾਂ ਲੋਕ ਸਭਾ ਹਲਕਾ ਪਟਿਆਲਾ ਦੇ ਇੰਚਾਰਜ ਦੀ ਜ਼ਿੰਮੇਵਾਰੀ ਸਨੌਰ ਹਲਕੇ ਨਾਲ ਹੀ ਸਬੰਧਿਤ ਇੰਦਰਜੀਤ ਸਿੰਘ ਸੰਧੂ ਵੱਲੋਂ ਨਿਭਾਈ ਜਾ ਰਹੀ ਸੀ ਪਰ ਪਿਛਲੇ ਦਿਨੀਂ ਉਨ੍ਹਾਂ ਨੂੰ ਪੰਜਾਬ ਪੱਧਰ ਦੀ ਇਕ ਚੇਅਰਮੈਨੀ ਦੇ ਕੇ ਨਿਵਾਜਿਆ ਗਿਆ।

ਦੂਜੇ ਪਾਸੇ ਅੱਜ ਹੋਈ ਇਸ ਨਿਯੁਕਤੀ ਤੋਂ ਬਾਅਦ ਇੰਦਰਜੀਤ ਸੰਧੂ ਨੇ ਖੁਦ ਆਪਣੀ ਟੀਮ ਸਣੇ ਬਲਜਿੰਦਰ ਸਿੰਘ ਢਿੱਲੋਂ ਕੋਲ ਪਹੁੰਚ ਕੇ ਉਨ੍ਹਾਂ ਨੂੰ ਇਸ ਨਵੀਂ ਪਾਰੀ ਦੀ ਮੁਬਾਰਕਬਾਦ ਦਿੰਦਿਆਂ ਉਨ੍ਹਾਂ ਦਾ ਸਵਾਗਤ ਵੀ ਕੀਤਾ।



**ਸ਼ੇਰਮਾਜਰਾ ਮੁੜ ਤੋਂ ਜ਼ਿਲ੍ਹਾ ਪ੍ਰਧਾਨ ਨਿਯੁਕਤ**

ਪਾਰਟੀ ਹਾਈ ਕਮਾਨ ਨੇ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਨੂੰ ਮੁੜ ਤੋਂ ਆਮ ਆਦਮੀ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ ਜਦਕਿ ਪਟਿਆਲਾ ਦੇ ਐਮਸੀ ਤਜਿੰਦਰ ਸਿੰਘ ਮਹਿਤਾ ਨੂੰ ਲਗਾਤਾਰ ਤੀਜੀ ਵਾਰ ਆਮ ਆਦਮੀ ਪਾਰਟੀ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ ਹੈ।

## ਭਾਜਪਾ ਆਗੂ ਕੈਂਥ ਨੇ ਫਿਲੌਰ ਦੇ ਪਿੰਡ ਨਾਗਲਾ ਵਿੱਚ ਭਾਰਤ ਰਤਨ ਡਾ. ਅੰਬੇਡਕਰ ਦੇ ਬੁੱਤ ਦੇ ਅਪਮਾਨ ਦੀ ਕੀਤੀ ਨਿੰਦਾ

# ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦਾ ਇੱਕ ਵ਼ਫਦ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਰਾਜਪਾਲ ਪੰਜਾਬ ਨੂੰ ਮਿਲੇਗਾ: ਕੈਂਥ

**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨਾਲ ਛੇੜਛਾੜ ਅਤੇ ਅਸ਼ਲੀਲ ਢੰਗ ਨਾਲ ਅਪਮਾਨ ਕਰਨ ਦਾ ਸਿਲਸਿਲਾ ਜਾਰੀ ਹੈ। ਅਜਿਹੀ ਘਿਨਾਉਣੀ ਅਪਰਾਧਿਕ ਮਾਨਸਿਕਤਾ ਵਾਲੇ ਲੋਕਾਂ ਦਾ ਮਨੋਬਲ ਉੱਚਾ ਹੈ। ਭਗਵੰਤ ਮਾਨ ਸਰਕਾਰ ਬੇਵੱਸ ਅਤੇ ਬੇਬੱਸ ਜਾਪਦੀ ਹੈ। ਜਲੰਧਰ ਜ਼ਿਲ੍ਹੇ ਦੇ ਫਿਲੌਰ ਕਸਬੇ ਦੇ ਪਿੰਡ ਨਾਗਲਾ ਵਿੱਚ ਭਾਰਤ ਰਤਨ ਡਾ. ਅੰਬੇਡਕਰ ਦੇ ਬੁੱਤ ਦੇ ਅਪਮਾਨ ਦੀ ਨਿੰਦਾ ਕਰਦੇ ਹੋਏ, ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਸਾਲ ਹੁਣ ਤੱਕ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਨੂੰ 4 ਤੋਂ ਵੱਧ ਵਾਰ ਤੋੜਿਆ ਅਤੇ ਅਪਮਾਨ ਕੀਤਾ ਗਿਆ ਹੈ। ਅਜਿਹੀਆਂ ਘਟਨਾਵਾਂ ਕਰਨ ਵਾਲੇ ਲੋਕ ਹੌਂਸਲੇ ਬੁਲੰਦ ਕਰਦੇ ਹਨ ਅਤੇ ਇਹ ਸਿਲਸਿਲਾ ਜਾਰੀ ਹੈ। ਸਰਕਾਰ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਅਸਫਲ ਸਾਬਤ ਹੋ ਰਹੀ ਹੈ। ਅਜਿਹੀਆਂ ਘਟਨਾਵਾਂ ਕਾਰਨ ਦਲਿਤ ਸਮਾਜ ਵਿੱਚ ਗੁੱਸਾ ਅਤੇ ਰੋਸ ਹੈ। ਸਰਦਾਰ ਕੈਂਥ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਦਾ ਅਪਮਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਸੀਂ ਲੜਨ ਤੋਂ ਪਿੱਛੇ ਨਹੀਂ ਹਟਾਂਗੇ। ਦਲਿਤ ਆਗੂ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇੱਕ ਵ਼ਫਦ ਪੰਜਾਬ ਦੇ ਰਾਜਪਾਲ ਨੂੰ ਮਿਲੇਗਾ ਅਤੇ ਸਾਰੀ ਸਥਿਤੀ ਬਾਰੇ ਜਾਣਕਾਰੀ ਦੇਣ ਤੋਂ ਬਾਅਦ, ਮੈਂ ਮੂਰਤੀਆਂ ਦੀ ਸੁਰੱਖਿਆ ਦੀ ਮੰਗ ਕਰਾਂਗਾ ਅਤੇ ਭਗਵੰਤ ਮਾਨ ਸਰਕਾਰ ਵਿਰੁੱਧ ਆਪਣਾ ਗੁੱਸਾ ਪ੍ਰਗਟ ਕਰਾਂਗਾ ਕਿਉਂਕਿ ਸਰਕਾਰ ਪੰਜਾਬ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ।



# ਨਸ਼ਾ ਮੁਕਤੀ ਯਾਤਰਾ ਤਹਿਤ ਚੱਲ ਰਹੀ ਜਨ ਜਾਗਰੂਕਤਾ ਮੁਹਿੰਮ ਦੇ ਸਾਰਥਕ ਨਤੀਜੇ ਆਉਣ ਲੱਗੇ : ਵਿਧਾਇਕ ਬਿਲਾਸਪੁਰ



**ਲੁਧਿਆਣਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਅਭਿਆਨ ਤਹਿਤ ਚਲਾਈ ਜਾ ਰਹੀ ਜਨ ਜਾਗਰੂਕਤਾ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਰੋਜ਼ਾਨਾ ਦੇ ਆਧਾਰ @ਤੇ ਪਿੰਡਾਂ ਵਿੱਚ ਚੱਲ ਰਹੀਆਂ ਸਭਾਵਾਂ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਸ਼ਾਮਿਲ ਹੋ ਰਹੇ ਹਨ। ਇਸੇ ਲੜੀ ਦੇ ਤਹਿਤ ਵਿਧਾਨ ਸਭਾ ਹਲਾਕ ਨਿਹਾਲ ਸਿੰਘ ਵਾਲਾ ਦੇ ਪਿੰਡਾਂ ਤੇ ਵਾਰਡਾਂ ਵਿੱਚ ਰੋਜ਼ ਇਹ ਸਮਾਗਮ ਚੱਲ ਰਹੇ ਹਨ ਅਤੇ ਅੱਜ ਵੀ ਵਿਧਾਇਕ ਸ੍ਰ. ਮਨਜੀਤ ਸਿੰਘ ਬਿਲਾਸਪੁਰ ਨੇ ਵਾਰਡਾਂ ਵਿੱਚ ਇਸ ਜਾਗਰੂਕਤਾ ਮੁਹਿੰਮ ਨੂੰ ਸਰਗਰਮੀ ਨਾਲ ਜਾਰੀ ਰੱਖਿਆ।

ਵਾਰਡ ਨੰਬਰ 7, 8, 9, 10, 11, 12, 13 ਵਿਖੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ ਮਨਜੀਤ ਸਿੰਘ ਬਿਲਾਸਪੁਰ ਨੇ ਦੱਸਿਆ ਕਿ ਵਿਅਕਤੀਗਤ ਪੱਧਰ ਉੱਤੇ ਨਾਗਰਿਕ, ਨਸ਼ਾ ਤਸਕਰਾਂ ਬਾਰੇ ਫੀਡਬੈਕ ਦੇਣ ਲਈ ਸੰਪਰਕ ਕਰਨ ਲੱਗ ਪਏ ਹਨ। ਉਹਨਾਂ ਦੱਸਿਆ ਕਿ ਇਸ ਮੁਹਿੰਮ ਦਾ ਸਾਰਥਕ ਨਤੀਜਾ ਇਹ ਸਾਹਮਣੇ ਆਇਆ ਹੈ ਕਿ ਨਸ਼ਿਆਂ ਦੀ ਦਲਦਲ ਵਿੱਚ ਪਿਛਲੇ ਕਈ ਵਰਿਆਂ ਤੋਂ ਫਸ ਕੇ ਆਪਣੀ ਜ਼ਿੰਦਗੀ ਨੂੰ ਤਬਾਹ ਕਰ ਰਹੇ ਲੋਕ ਵੀ ਹੁਣ ਦ੍ਰਿੜ ਇਰਾਦੇ ਅਤੇ ਸਵੈ ਇੱਛਾ ਨਾਲ ਆਪਣਾ ਇਲਾਜ ਕਰਵਾਉਣ ਲਈ ਅੱਗੇ ਆਉਣ ਲੱਗ ਪਏ ਹਨ। ਉਹਨਾਂ ਦੱਸਿਆ ਕਿ ਇਹ ਸਮਾਜ ਦੇ ਅਸਲ ਹੀਰੋ ਹਨ ਜਿਨਾਂ ਨੇ ਨਸ਼ਿਆਂ ਦਾ, ਆਪਣੇ ਮਨੋਬਲ ਅਤੇ ਹੋਰਨਾਂ ਦੀ ਹੌਸਲਾ ਅਫਜਾਈ ਸਦਕਾ ਤਿਆਗ ਕਰਕੇ ਇੱਕ ਮਿਸਾਲ ਕਾਇਮ ਕੀਤੀ ਹੈ ਜਿਨਾਂ ਤੋਂ ਸੇਧ ਲੈਣ ਦੀ ਲੋੜ ਹੈ।

ਉਹਨਾਂ ਦੱਸਿਆ ਕਿ ਨਸ਼ਾ ਤਸਕਰਾਂ ਖਿਲਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਨੂੰਨੀ ਕਰਵਾਈ ਕੀਤੀ ਜਾ ਰਹੀ ਹੈ। ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ। ਪਿੰਡ ਤੇ ਵਾਰਡ ਪੱਧਰ ਦੀਆਂ ਡਿਫੈਂਸ ਕਮੇਟੀਆਂ ਨਾਲ ਲੋਕ ਆਪ ਮੁਹਾਰੇ ਜੁੜਨ ਲੱਗੇ ਹਨ ।

ਇਸ ਮੌਕੇ ਉਹਨਾਂ ਨੇ ਹਾਜ਼ਰੀਨ ਨੂੰ ਨਸ਼ਿਆਂ ਦੇ ਖਾਤਮੇ ਲਈ ਸਹੁੰ ਚੁਕਾਈ ਅਤੇ ਨਸ਼ਾ ਮੁਕਤੀ ਮੁਹਿੰਮ ਦਾ ਸੁਨੇਹਾ ਘਰ ਘਰ ਪਹੁੰਚਾਉਣ ਲਈ ਪ੍ਰੇਰਿਤ ਕੀਤਾ।

# ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਰਾਜਵੰਤ ਕੌਰ ਪੰਜਾਬੀ ਨੇ ਪੰਜਾਬੀ ਵਿਭਾਗ






**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਰਾਜਵੰਤ ਕੌਰ ਪੰਜਾਬੀ ਨੇ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ਼ ਲਿਆ ਹੈ। ਜਿ ?ਕਰਯੋਗ ਹੈ ਕਿ ਸਟੇਟ ਐਵਾਰਡੀ ਡਾ. ਰਾਜਵੰਤ ਕੌਰ ਪੰਜਾਬੀ ਨੇ ਐੱਮ.ਏ. (ਪੰਜਾਬੀ ਅਤੇ ਧਰਮ ਅਧਿਐਨ) ਅਤੇ ਪੀ-ਐੱਚ.ਡੀ. ਆਦਿ ਉਚ ਅਕਾਦਮਿਕ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ਼ ਉਰਦੂ ਅਤੇ ਫ਼ਾਰਸੀ ਜ਼ੁਬਾਨਾਂ ਵਿਚ ਤਾਲੀਮ ਪ੍ਰਾਪਤ ਕਰਨ ਉਪਰੰਤ ਪਹਿਲਾਂ ਯੂਨੀਵਰਸਿਟੀ ਵਿੱਚ ਸਥਿਤ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਤਕਨੀਕੀ ਵਿਕਾਸ ਦਾ ਉਚਤਮ ਕੇਂਦਰ ਵਿਖੇ ਬਤੌਰ ਲੈਕਚਰਾਰ ਸੇਵਾਵਾਂ ਨਿਭਾਈਆਂ ਹਨ।

ਉਹ ਸਾਲ 2011 ਦੌਰਾਨ ਪੰਜਾਬੀ ਵਿਭਾਗ ਵਿਖੇ ਬਤੌਰ ਅਸਿਸਟੈਂਟ ਪ੍ਰੋਫ਼ੈਸਰ ਹਾਜ਼ਰ ਹੋਏ ਸਨ। ਅੱਜ ਆਪਣਾ ਚਾਰਜ ਸੰਭਾਲਣ ਉਪਰੰਤ ਡਾ. ਪੰਜਾਬੀ ਨੇ ਵਾਹਿਗੁਰੂ ਦੇ ਸ਼ੁਕਰਾਨੇ ਦੇ ਨਾਲ਼ ਨਾਲ਼ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਉਸ ਵਿਭਾਗ ਦੇ ਮੁਖੀ ਵਜੋਂ ਚਾਰਜ ਸੰਭਾਲਣਾ ਬੜੇ ਫ਼ਖ਼ਰ ਵਾਲੀ ਗੱਲ ਹੈ ਜਿਸ ਦੀ ਵਾਗਡੋਰ ਵੱਡੇ ਅਤੇ ਸਥਾਪਿਤ ਵਿਦਵਾਨ ਅਧਿਆਪਕਾਂ ਦੇ ਹੱਥ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਤਰਜੀਹ ਆਪਣੇ ਵਿਭਾਗ ਦੇ ਸਮੁੱਚੇ ਸਟਾਫ਼ ਦੇ ਸਹਿਯੋਗ ਨਾਲ ਪੰਜਾਬੀ ਵਿਭਾਗ ਨੂੰ ਉਸਾਰੂ ਖੋਜਾਤਮਕ ਕਾਰਜਾਂ, ਨਵੀਆਂ ਅਧਿਐਨ ਅਤੇ ਅਧਿਆਪਨ ਵਿਧੀਆਂ ਅਤੇ ਠੋਸ ਕਿਸਮ ਦੀਆਂ ਕਾਨਫਰੰਸਾਂ ਅਤੇ ਸੈਮੀਨਾਰਾਂ ਦੇ ਮਾਧਿਅਮ ਦੁਆਰਾ ਸਿਖ਼ਰਾਂ ਉੱਤੇ ਲਿਜਾਣ ਦੀ ਪੁਰਜ਼ੋਰ ਕੋਸ਼ਿਸ਼ ਰਹੇਗੀ।

ਉਨ੍ਹਾਂ ਵੱਲੋਂ ਅਹੁਦਾ ਸੰਭਾਲੇ ਜਾਣ ਮੌਕੇ ਯੂਨੀਵਰਸਿਟੀ ਦੇ ਡਾਇਰੈਕਟਰ, ਯੋਜਨਾ ਤੇ ਨਿਰੀਖਣ ਡਾ. ਜਸਵਿੰਦਰ ਸਿੰਘ ਬਰਾੜ, ਡੀਨ ਭਾਸ਼ਾਵਾਂ ਡਾ. ਬਲਵਿੰਦਰ ਕੌਰ ਸਿੱਧੂ, ਡਾ. ਪੁਸ਼ਪਿੰਦਰ ਕੌਰ, ਮੁੱਖ ਮੈਡੀਕਲ ਅਫ਼ਸਰ ਡਾ. ਰੇਗੀਨਾ ਮੈਣੀ, ਸਾਬਕਾ ਮੁਖੀ ਡਾ. ਗੁਰਮੁਖ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵੱਖ-ਵੱਖ ਵਿਭਾਗਾਂ ਦੇ, ਮੁਖੀ, ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਹਾਜ਼ਰ ਰਹੇ।

ਜ਼ਿਕਰਯੋਗ ਹੈ ਕਿ ਡਾ. ਰਾਜਵੰਤ ਕੌਰ 'ਪੰਜਾਬੀ* ਦੀਆਂ ਹੁਣ ਤੱਕ 21 ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਮੌਲਿਕ, ਖੋਜ, ਸੰਪਾਦਨ, ਲਿਪੀਅੰਤ੍ਰਣ, ਅਨੁਵਾਦ ਅਤੇ ਬਾਲ ਸਾਹਿਤ ਆਦਿ ਸ਼ਾਮਿਲ ਹਨ।

ਉਹਨਾਂ ਦੀ ਪੁਸਤਕ 'ਸਿਹਰਾ ਤੇ ਸਿੱਖਿਆ ਸੰਕਲਨ ਅਤੇ ਮੁਲਾਂਕਣ' ਨੂੰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸਾਲ 2010 ਵਿਚ ਸਰਬੋਤਮ ਪੁਸਤਕ ਪੁਰਸਕਾਰ ਪ੍ਰਾਪਤ ਹੋਇਆ ਸੀ। ਵਰਣਨਯੋਗ ਹੈ ਕਿ ਡਾ. ਪੰਜਾਬੀ ਮੌਜੂਦਾ ਸਮੇਂ ਸਾਹਿਤਯ ਅਕਾਦਮੀ ਦਿੱਲੀ ਅਤੇ ਭਾਸ਼ਾ ਵਿਭਾਗ, ਪੰਜਾਬ ਵਰਗੇ ਮਹੱਤਵਪੂਰਨ ਅਦਾਰਿਆਂ ਵੱਲੋਂ ਸੌਂਪੇ ਗਏ ਪ੍ਰਾਜੈਕਟਾਂ ਤੇ ਵੀ ਕੰਮ ਕਰ ਰਹੇ ਹਨ ਅਤੇ 28 ਐੱਮ. ਫਿਲ ਅਤੇ ਪੀ-ਐੱਚ-ਡੀ. ਖੋਜ ਕਾਰਜ ਕਰਵਾ ਚੁੱਕੇ ਹਨ। ਰਾਸ਼ਟਰੀ ਪੁਰਸਕਾਰ ਨਾਲ ਸਨਮਾਨਤ ਪੱਤਰਕਾਰ (ਨਿਊਜ਼ਲਾਈਨ ਐਕਸਪ੍ਰੈਸ),

ਪਦਮਸ਼੍ਰੀ ਜਗਜੀਤ ਸਿੰਘ ਦਰਦੀ ਅਤੇ ਪਦਮਸ਼੍ਰੀ ਪ੍ਰਾਨ ਸੱਭਰਵਾਲ ਤੋਂ ਇਲਾਵਾ ਯੂਨੀਵਰਸਿਟੀ ਦੇ ਮਾਡਲ ਸੀਨੀਅਰ ਸੈਕੰਡਰੀ ਸਕੂਲ (ਜਿੱਥੋਂ ਦੇ ਡਾ. ਪੰਜਾਬੀ ਵਿਦਿਆਰਥਣ ਰਹੇ ਹਨ) ਵੱਲੋਂ ਪ੍ਰਿੰਸੀਪਲ ਸਤਵੀਰ ਸਿੰਘ ਅਤੇ ਅਧਿਆਪਕਾਂ ਨੇ ਡਾ. ਪੰਜਾਬੀ ਨੂੰ ਸ਼ੁਭਕਾਮਨਾਵਾਂ ਭੇਂਟ ਕੀਤੀਆਂ।

# ਸਾਵਣ ਮਹੀਨੇ ਦੇ ਤਿਉਹਾਰ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਵਲੋਂ ਬੜੀ ਧੂਮ ਧਾਮ ਨਾਲ ਮਨਾਏ

**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭੋਲੇ ਬਾਬਾ ਦੇ ਸਾਵਣ ਮਹੀਨੇ ਦੇ ਵਿੱਚ ਕਾਵਰ ਸ਼ੀਵਰ ਅਤੇ ਆਉਣ ਵਾਲੇ ਵਾਰ ਤਿਉਹਾਰ ਜਿਵੇਂ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਅਤੇ ਸ੍ਰੀ ਗਨੇਸ਼ ਉਤਸਵ ਅਤੇ ਹੋਰ ਵੀ ਤਿਉਹਾਰ ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਵਲੋਂ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਅੱਜ ਮਿਤੀ 01—06—2025 ਐਤਵਾਰ ਸ਼ਾਮ ਨੂੰ ਚੇਅਰਮੈਨ ਰਣਬੀਰ ਸਿੰਘ ਕਾਟੀ ਦੇ ਦਫਤਰ ਵਿੱਚ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸੁਧਾਰ ਸਭਾ ਦੇ ਅਹੁਦੇਦਾਰ ਅਤੇ ਸਾਰੇ ਮੈਂਬਰ ਲਗਭਗ ਮੌਜੂਦ ਸਨ। ਇਸ ਮੀਟਿੰਗ ਵਿੱਚ ਪਾਸ ਕੀਤਾ ਗਿਆ ਕਿ ਕਾਵਰ ਸ਼ਿਵਰ 11—07—2025 ਤੋਂ 23—07—2025 ਤੱਕ ਲਗਾਇਆ ਜਾਵੇਗਾ ਅਤੇ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਅਤੇ ਸ੍ਰੀ ਗਨੇਸ਼ ਉਤਸਵ ਵੀ ਮਨਾਇਆ ਜਾਵੇਗਾ। ਇਸ ਵਿੱਚ ਪਾਸ ਕੀਤਾ ਗਿਆ ਕਾਵੜੀਆਂ ਦੀ ਸੁਵਿਧਾ ਵਾਸਤੇ ਬਰਸਾਤ ਵਿੱਚ ਰਹਿਣ ਵਾਸਤੇ ਵਾਟਰ ਪਰੂਫ ਟੈਂਟ ਲਗਾਇਆ ਜਾਵੇਗਾ, ਨਹਾਉਣ ਦਾ ਪ੍ਰਬੰਧ ਕੀਤਾ ਜਾਵੇਗਾ, ਡਾਕਟਰੀ ਸਹਾਇਤਾ ਦਿੱਤੀ ਜਾਵੇਗੀ, ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣੇ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਇਸ ਕਾਵਰ ਸ਼ਿਵਰ ਦਾ ਉਦਘਾਟਨ ਐਮ.ਐਲ.ਏ. ਸ੍ਰ. ਅਜੀਤ ਪਾਲ ਸਿੰਘ ਕੋਹਲੀ ਅਤੇ ਵਾਰਡ ਨੰਬਰ 32 ਦੇ ਐਮ.ਸੀ. ਰਣਜੀਤ ਸਿੰਘ ਚੰਡੋਕ ਵੱਲੋਂ ਕਰਵਾਇਆ ਜਾਵੇਗਾ। ਹਸੀਜਾ ਪਰਿਵਾਰ ਵਲੋਂ ਸਾਵਣ ਦੇ ਹਰੇਕ ਸੋਮਵਾਰ ਸ਼ਾਮ ਨੂੰ ਖੀਰ ਦਾ ਲੰਗਰ ਅਤੇ ਹਰ ਵੀਰਵਾਰ ਖਿਚੜੀ ਦਾ ਲੰਗਰ ਅਤੁੱਟ ਵਰਤਿਆ ਜਾਵੇਗਾ। ਬੀਤੇ ਦਿਨੀ ਸਤਨਾਮ ਹਸੀਜਾ ਦੇ ਪੁੱਤਰ ਦਵਿੰਦਰ ਹਸੀਜਾ, ਰਾਜੀਵ ਸਹੀਜਾ (ਮਨੂੰ) ਤੇ ਪਿਆਰੇ ਜੀਜ਼ੂ ਗਾਂਧੀ ਧਾਮ ਗੁਜਾਰਤ ਵਿਚੋਂ ਉਚੇਚੇ ਤੌਰ ਤੇ ਮੰਦਿਰ ਵਿੱਚ ਮੱਥਾ ਟੇਕਣ ਆਏ। ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੂੰ ਉਨ੍ਹਾਂ ਦਾ ਸੁਆਗਤ ਕੀਤਾ ਅਤੇ ਸਨਮਾਨਿਤ ਕੀਤਾ ਗਿਆ। ਮੰਦਿਰ ਦੇ ਕੰਮ ਅਤੇ ਵਿਸ਼ਾਲ ਮੂਰਤੀ ਦੇ ਦਰਸ਼ਨ ਕਰਨ ਉਪਰੰਤ ਉਹਨਾਂ ਨੇ ਵਿਸ਼ੇਸ਼ ਸਹਿਯੋਗ 51000/— ਰੁਪਏ ਦਿੱਤੇ ਅਤੇ ਮੰਦਿਰ ਦੇ ਕੰਮ ਦੀ ਸ਼ਲਾਘਾ ਕੀਤੀ। ਇਹ ਰਾਸ਼ੀ ਭੰਡਾਰੇ ਅਤੇ ਪ੍ਰਸ਼ਾਦ ਵਾਸਤੇ ਵਰਤੀ ਜਾਵੇਗੀ।



## ਸਿਹਤ ਵਿਭਾਗ ਅਧਿਕਾਰੀਆਂ ਲਈ ਜਿਯੋ-ਫੇਂਸਿੰਗ ਅਧਾਰਤ ਹਾਜ਼ਰੀ ਲਾਗੂ ਕਰੇਗਾ

# ਕਰਮਚਾਰੀਆਂ ਦੀ ਹਾਜ਼ਰੀ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਵਧਾਉਣ ਦੀ ਦਿਸ਼ਾ ਵੱਲ ਕਦਮ: ਸਿਹਤ ਮੰਤਰੀ ਆਰਤੀ ਰਾਓ

**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕੁਮਾਰੀ ਆਰਤੀ ਸਿੰਘ ਰਾਓ ਦੇ ਦੂਰਦਰਸ਼ੀ ਅਗਵਾਈ ਹੇਠ ਸਿਹਤ ਵਿਭਾਗ ਨੇ ਵਿਭਾਗ ਵਿੱਚ ਕੰਮ ਕਰ ਰਹੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ ਜਿਓ-ਫੇਂਸਿੰਗ ਅਧਾਰਤ ਹਾਜ਼ਰੀ ਪ੍ਰਬੰਧਨ ਪ੍ਰਣਾਲੀ ਲਾਗੂ ਕਰਨ ਦਾ ਐਲਾਨ ਕੀਤਾ ਹੈ। ਸਿਹਤ ਮੰਤਰੀ ਨੇ ਕਿਹਾ ਕਿ ਕੌਮੀ ਸਿਹਤ ਮਿਸ਼ਨ ( ਐਨਐਚਐਮ ) ਹਰਿਆਣਾ ਵੱਲੋਂ ਵਿਕਸਿਤ ਇਹ ਨਵੀਂ ਪ੍ਰਣਾਲੀ ਪ੍ਰਬੰਧਨ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਵਧਾਉਣ ਲਈ ਬਣਾਈ ਗਈ ਹੈ। ਕਰਮਚਾਰੀਆਂ ਨੂੰ ਜਿਓਫੇਂਸਡ ਅਟੈਂਡਸ ਐਚਆਰਵਾਈ ਐਪ ਡਾਊਨਲੋਡ ਕਰਨਾ ਪਵੇਗਾ, ਜੋ ਗੂਗਲ ਪਲੇ ਸਟੋਰ ( ਐਂਡ੍ਰਾਇਡ ਲਈ) ਅਤੇ ਐਪਲ ਐਪ ਸਟੋਰ ( ਆਈਓਐਸ ਲਈ ) ਨਾਲ ਡਾਊਨਲੋਡ ਕਰਨ ਲਈ ਉਪਲਬਧ ਹੈ।

ਇਸ ਨਵੀਂ ਪਹਿਲ ਤਹਿਤ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਤਨਖਾਹਾਂ ਦੀ ਵੰਡ ਪੂਰੀ ਤਰ੍ਹਾਂ ਨਾਲ ਜਿਓ-ਫੇਂਸਿੰਗ ਸਿਸਟਮ ਦੇ ਡਾਟਾ 'ਤੇ ਅਧਾਰਤ ਹੋਵੇਗੀ। ਇਹ ਫੈਸਲਾ ਵਿਭਾਗ ਵੱਲੋਂ ਕੁਸ਼ਲਤਾ ਵਿੱਚ ਸੁਧਾਰ, ਗਲਤ ਕੰਮਾਂ ਨੂੰ ਰੋਕਣ ਅਤੇ ਰਾਜ ਵਿੱਚ ਸਿਹਤ ਪ੍ਰਣਾਲੀ ਦੇ ਸੁਚਾਰੂ ਢੰਗ ਨਾਲ ਸੰਚਾਲਨ ਨੂੰ ਯਕੀਨੀ ਕਰਨ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਦਾ ਹਿੱਸਾ ਹੈ।

ਕੁਮਾਰੀ ਆਰਤੀ ਸਿੰਘ ਰਾਓ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਇਸ ਕਦਮ ਨਾਲ ਬੇਹਤਰ ਸੇਵਾ ਵੰਡ ਅਤੇ ਜਵਾਬਦੇਹੀ ਯਕੀਨੀ ਹੋਵੇਗੀ, ਜਿਸ ਦਾ ਲਾਭ ਹਰਿਆਣਾ ਦੇ ਲੋਕਾਂ ਨੂੰ ਮਿਲੇਗਾ। ਜਿਓ-ਫੇਂਸਿੰਗ ਅਧਾਰਤ ਹਾਜ਼ਰੀ ਪ੍ਰਬੰਧਨ ਨੂੰ ਲਾਗੂ ਕਰਨਾ ਸਾਡੇ ਸਿਹਤ ਪ੍ਰਣਾਲੀ ਵਿੱਚ ਅਨੁਸ਼ਾਸਣ ਯਕੀਨੀ ਕਰਨ ਅਤੇ ਕੁਸ਼ਲਤਾ ਵਧਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਡਿਜ਼ਿਟਲ ਹੱਲ ਅਪਣਾ ਕੇ ਸਾਡਾ ਟੀਚਾ ਇਹ ਯਕੀਨੀ ਕਰਨਾ ਹੈ ਕਿ ਹਰੇਕ ਸਿਹਤ ਅਧਿਕਾਰੀ ਹਰਿਆਣਾ ਦੇ ਲੋਕਾਂ ਦੀ ਸੇਵਾ ਲਈ ਜਵਾਬਦੇਹ ਅਤੇ ਵਚਨਬੱਧ ਰਵੇ। ਉਨ੍ਹਾਂ ਨੇ ਦੱਸਿਆ ਕਿ ਇਹ ਪਹਿਲ ਡਿਜ਼ਿਟਲ ਇੰਡਿਆ ਦੇ ਵਿਜਨ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ, ਜਿੱਥੇ ਕੁਸ਼ਲ, ਪਾਰਦਰਸ਼ੀ ਅਤੇ ਨਾਗਰਿਕ ਕੇਂਦ੍ਰਿਤ ਸ਼ਾਸਣ ਦੇਣ ਲਈ ਤਕਨਾਲੋਜ਼ੀ ਦਾ ਉਪਯੋਗ ਕੀਤਾ ਜਾਂਦਾ ਹੈ। ਉਨ੍ਹਾਂ ਨੇ ਦੱਸਿਆ ਕਿ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਵੀਂ ਪ੍ਰਣਾਲੀ ਦਾ ਅਨੁਪਾਲਨ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ।

## ਭਾਰਤ-ਰੂਸ ਖੇਤੀਬਾੜੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਅੰਤਰਰਾਸ਼ਟਰੀ ਪੱਧਰ ਦੀ ਮੀਟਿੰਗ ਹੋਈ ਆਯੋਜਿਤ

# ਖੇਤੀਬਾੜੀ, ਵਪਾਰ ਅਤੇ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਭਾਸ਼ਾਈ ਤਾਲਮੇਲ ਬਹੁਤ ਮਹੱਤਵਪੂਰਨ ਹੈ: ਡਾ. ਰਾਮੇਸ਼ਵਰ ਸਿੰਘ

**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਸੀ-ਭਾਰਤੀ ਮੈਤ੍ਰੀ ਸੰਘ ਦਿਸ਼ਾ ਦੇ ਪ੍ਰਧਾਨ ਡਾ. ਰਾਮੇਸ਼ਵਰ ਸਿੰਘ ਦੀ ਅਗਵਾਈ ਹੇਠ ਰੂਸ ਤੋਂ ਆਏ ਵਫ਼ਦ ਦੀ ਇੱਕ ਵਿਸ਼ੇਸ਼ ਮੀਟਿੰਗ ਉੱਤਰ ਪ੍ਰਦੇਸ਼ ਸਰਕਾਰ ਦੇ ਰਾਜ ਮੰਤਰੀ (ਸੁਤੰਤਰ ਚਾਰਜ) ਸ਼੍ਰੀ ਦਿਨੇਸ਼ ਪ੍ਰਤਾਪ ਸਿੰਘ ਨਾਲ ਹੋਈ।

ਇਸ ਸੁਹਿਰਦ ਗੱਲਬਾਤ ਦੌਰਾਨ, ਰੂਸ ਨੂੰ ਭਾਰਤੀ ਫਲਾਂ ਅਤੇ ਸਬਜ਼ੀਆਂ ਦੇ ਨਿਰਯਾਤ ਨੂੰ ਵਧਾਉਣ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੰਤਰੀ ਸ਼੍ਰੀ ਦਿਨੇਸ਼ ਪ੍ਰਤਾਪ ਸਿੰਘ ਨੇ ਕਿਹਾ ਕਿ ਇਹ ਇੱਕ ਅਜਿਹਾ ਕਦਮ ਹੈ ਜੋ ਰੂਸ ਅਤੇ ਭਾਰਤ ਵਿਚਕਾਰ ਵਪਾਰਕ ਸਬੰਧਾਂ ਨੂੰ ਵਧਾਉਣ ਅਤੇ ਭਾਰਤ ਦੀ ਅਮੀਰ ਖੇਤੀਬਾੜੀ ਵਿਰਾਸਤ ਨੂੰ ਹੋਰ ਉਤਸ਼ਾਹਿਤ ਕਰਨ ਲਈ ਇੱਕ ਮੀਲ ਦਾ ਪੱਥਰ ਸਾਬਤ ਹੋ ਸਕਦਾ ਹੈ। ਇਸ ਮੁਲਾਕਾਤ ਵਿੱਚ ਸਤਿਕਾਰ ਵਜੋਂ, ਡਾ. ਰਾਮੇਸ਼ਵਰ ਸਿੰਘ ਨੇ ਮੰਤਰੀ ਸ਼੍ਰੀ ਦਿਨੇਸ਼ ਪ੍ਰਤਾਪ ਸਿੰਘ ਨੂੰ ਪਿਆਰ ਨਾਲ ਦਿਸ਼ਾ ਦਾ 'ਜਰਨਲ' ਭੇਟ ਕੀਤਾ ਅਤੇ ਨਾਲ ਹੀ ਅੰਤਰਰਾਸ਼ਟਰੀ ਲੇਖਕ ਅਨਿਲ ਕੁਮਾਰ ਭਾਰਤੀ ਦੁਆਰਾ ਲਿਖੀ ਗਈ 'ਲੈਂਗੁਏਜ ਲਰਨਿੰਗ ਬੁੱਕ ਆਫ ਹਿੰਦੀ, ਰਸ਼ੀਅਨ ਐਂਡ ਇੰਗਲਿਸ਼' ਨਾਮਕ ਪੁਸਤਕਾਂ ਵੀ ਭੇਟ ਕੀਤੀਆਂ, ਜੋ ਰੂਸ ਅਤੇ ਭਾਰਤ ਨੂੰ ਭਾਸ਼ਾਈ ਅਤੇ ਸੱਭਿਆਚਾਰਕ ਅਧਾਰ 'ਤੇ ਇੱਕ ਦੂਜੇ ਦੇ ਹੋਰ ਨੇੜੇ ਲਿਆਉਂਣ ਦੇ ਉੱਦੇਸ਼ ਨਾਲ ਲਿਖੀ ਗਈ ਹੈ। ਇਸ ਕਿਤਾਬ ਬਾਰੇ ਗੱਲ ਕਰਦਿਆਂ ਡਾ. ਰਾਮੇਸ਼ਵਰ ਸਿੰਘ ਨੇ ਕਿਹਾ ਕਿ ਰੂਸ ਅਤੇ ਭਾਰਤ ਦੇ ਸਦੀਵੀਂ ਮਿੱਤਰਤਾ ਨੂੰ ਭਾਸ਼ਾਈ ਅਧਾਰ ਤੇ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਅੰਤਰਰਾਸਟਰੀ ਭਾਸ਼ਤੀ ਵਿਦਵਾਨ ਅਨਿਲ ਕੁਮਾਰ ਭਾਰਤੀ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਰਸ਼ੀਅਨ ਇੰਡੀਅਨ ਫ੍ਰੈਂਡਸ਼ਿਪ ਸੋਸਾਇਟੀ ਦਿਸ਼ਾ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਇਸ ਕਿਤਾਬ ਦਾ ਪ੍ਰਕਾਸ਼ਨ ਰੂਸ ਅਤੇ ਭਾਰਤ ਵਿਚਕਾਰ ਸੱਭਿਆਚਾਰਕ ਅਤੇ ਵਪਾਰਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਦੀ ਸਾਡੀ ਵਚਨਬੱਧਤਾ ਦਾ ਪ੍ਰਤੀਕ ਹੈ।



ਇਸ ਮੌਕੇ 'ਤੇ ਬੋਲਦਿਆਂ, ਉੱਤਰ ਪ੍ਰਦੇਸ਼ ਸਰਕਾਰ ਦੇ ਰਾਜ ਮੰਤਰੀ, ਸ਼੍ਰੀ ਦਿਨੇਸ਼ ਪ੍ਰਤਾਪ ਸਿੰਘ ਅਤੇ ਡਾ. ਰਾਮੇਸ਼ਵਰ ਸਿੰਘ ਨੇ ਸਾਂਝੇ ਤੌਰ 'ਤੇ ਕਿਹਾ ਕਿ ਖੇਤੀਬਾੜੀ ਦੇ ਖੇਤਰ ਵਿੱਚ ਰੂਸ ਅਤੇ ਭਾਰਤ ਵਿਚਕਾਰ ਸਹਿਯੋਗ ਸਿਰਫ਼ ਫਸਲਾਂ ਤੱਕ ਸੀਮਤ ਨਹੀਂ ਹੈ।

ਇਹ ਰੂਸ ਅਤੇ ਭਾਰਤ ਵਿਚਕਾਰ ਬਹੁਪੱਖੀ ਸੱਭਿਆਚਾਰਕ ਭਾਈਵਾਲੀ ਦੇ ਭਵਿੱਖ ਨੂੰ ਸੰਵਾਰਨ ਅਤੇ ਵਿਸਤਰਿਤ ਆਕਾਰ ਦੇਣ ਲਈ ਇੱਕ ਯੋਜਨਾਬੱਧ ਯਤਨ ਵੀ ਹੈ।÷ ਸ਼੍ਰੀ ਦਿਨੇਸ਼ ਪ੍ਰਤਾਪ ਸਿੰਘ, ਬਾਗਬਾਨੀ, ਖੇਤੀਬਾੜੀ ਨਿਰਯਾਤ, ਮਾਰਕੀਟਿੰਗ ਅਤੇ ਵਿਦੇਸ਼ੀ ਵਪਾਰ ਮੰਤਰੀ ਦੇ ਨਾਲ ਮੀਟਿੰਗ ਵਿੱਚ ਸ਼ਾਮਲ ਹੋਏ ਪਤਵੰਤਿਆਂ ਵਿੱਚ ਡਾ. ਰਾਮੇਸ਼ਵਰ ਸਿੰਘ - ਪ੍ਰਧਾਨ ਰੂਸ-ਭਾਰਤ ਦੋਸਤੀ ਐਸੋਸੀਏਸ਼ਨ ਦਿਸ਼ਾ (ਰੂਸ), ਪ੍ਰਦਿਊਮਨ ਪਾਂਡੇ - ਡਾਇਰੈਕਟਰ ਐਫਪੀਓ ਲਕਸ਼ਯ ਉਦੈ, ਹਿਮਾਂਸ਼ੂ ਰਾਜਪੂਤ - ਸੀਈਓ ਡੈਲਮੋਸ।

# ਮੌਤ ਨਾਲੋਂ ਵੀ ਖ਼ੌਫ਼ਨਾਕ ਹੈ ਮਰਨ ਦਾ ਡਰ



ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਜਾਂ ਕੋਈ ਵੀ ਜਾਨਦਾਰ ਪ੍ਰਾਣੀ ਮੌਤ ਤੋਂ ਬਹੁਤ ਡਰਦਾ ਹੈ। ਮੌਤ ਦਾ ਡਰ ਮਰਨ ਨਾਲੋਂ ਵੀ ਖ਼ੌਫ਼ਨਾਕ ਹੁੰਦਾ ਹੈ। ਮੌਤ ਹੋਣ ਨਾਲ ਤਾਂ ਸਾਰਾ ਸਿਆਪਾ ਖ਼ਤਮ ਹੋ ਜਾਂਦਾ ਹੈ, ਪਰ ਮੌਤ ਆ ਨਾ ਜਾਵੇ, ਇਹ ਡਰ ਮੌਤ ਹੋਣ ਤਕ ਮਾਰਦਾ ਰਹਿੰਦਾ ਹੈ। ਇਸ ਦੀ ਪੁਸ਼ਟੀ ਮਿਰਜ਼ਾ ਗ਼ਾਲਿਬ ਦੀ ਗ਼ਜ਼ਲ ਦਾ ਇਕ ਮਿਸਰਾ ਕਰਦਾ ਹੈ-

ਮੁਝੇ ਕਿਆ ਬੁਰਾ ਮਰਨਾ
ਅਗਰ ਏਕ ਬਾਰ ਹੋਤਾ।

ਮੌਤ ਦੇ ਡਰ ਦੀ ਗੱਲ ਗ਼ਾਲਿਬ ਇਕ ਹੋਰ ਸ਼ੇਅਰ ਵਿਚ ਵੀ ਕਰਦੇ ਹਨ-

ਮੌਤ ਕਾ ਇਕ ਦਿਨ ਮੁਅਈਯਨ ਹੈ,
ਨੀਂਦ ਕਿਉ ਰਾਤ ਭਰ ਨਹੀਂ ਆਤੀ।

ਵੈਸੇ ਤਾਂ ਹਰੇਕ ਪ੍ਰਾਣੀ ਨੂੰ ਮੌਤ ਦਾ ਖ਼ਤਰਾ ਦਿਖਾਈ ਦੇਵੇ ਤਾਂ ਉਹ ਭੱਜ ਕੇ, ਉੱਡ ਕੇ ਜਾਂ ਸਾਹਮਣੇ ਦਿਸ ਰਹੀ ਮੌਤ ਦਾ ਮੁਕਾਬਲਾ ਕਰ ਕੇ ਪਹਿਲ ਆਪਣੀ ਜਾਨ ਬਚਾਉਣ ਨੂੰ ਹੀ ਦੇਂਦਾ ਹੈ। ਮਨੁੱਖ ਬਾਕੀ ਪ੍ਰਾਣੀਆਂ ਦੀ ਬਨਿਸਪਤ ਆਪਣੇ-ਆਪ ਨੂੰ ਮੌਤ ਤੋਂ ਲੰਮਾ ਸਮਾਂ ਬਚਾਉਣ ਲਈ ਆਪਣੇ ਦੁਸ਼ਮਣਾਂ ਨੂੰ ਖ਼ਤਮ ਕਰ ਕੇ ਖ਼ੁਦ ਜਿਊਣ ਦੀ ਲਾਲਸਾ ਨਾਲ ਮਾਰੂ ਹਥਿਆਰ ਤੇ ਟਨਾਂ ਦੇ ਟਨ ਬਰੂਦ ਇਕੱਠਾ ਕਰੀ ਬੈਠਾ ਹੈ। ਜਨਮ ਤੇ ਮੌਤ ਸਬੰਧੀ ਉਪਦੇਸ਼ ਦੇਣ ਵਾਲੇ ਅਖੌਤੀ ਸੰਤ-ਸੰਤਣੀਆਂ ਤੇ ਬਾਬੇ-ਬਾਬੀਆਂ, ਆਪਣੇ-ਆਪ ਨੂੰ ਪਹੁੰਚੇ ਹੋਣ ਦਾ ਦਾਅਵਾ ਕਰਨ ਵਾਲੇ, ਮੌਤ ਅਟੱਲ ਹੈ ਦਾ ਹੋਕਾ ਦੇਣ ਵਾਲੇ, ਕੁਰਬਾਨੀਆਂ ਦੇਣ ਲਈ ਤਿਆਰ ਰਹਿਣ ਲਈ ਕਹਿਣ ਵਾਲੇ, ਮੌਤ ਸਾਹਮਣੇ ਵੇਖ ਕੇ ਗਿੜਗਿੜਾਉਣ ਲੱਗਦੇ ਹਨ। ਅੰਦਰੋ-ਅੰਦਰੀ ਆਪ ਮੌਤ ਤੋਂ ਡਰਦੇ ਹਥਿਆਰਾਂ ਨਾਲ ਲੈਸ ਅੰਗ ਰੱਖਿਅਕਾਂ 'ਚ ਹਮੇਸ਼ਾ ਘਿਰੇ ਰਹਿੰਦੇ ਹਨ। ਅਸਲ ਵਿਚ ਹਰੇਕ ਮਨੁੱਖ ਮੌਤ ਦੇ ਡਰ ਕਰਕੇ ਜਿਨ੍ਹਾਂ ਰਿਸ਼ਤਿਆਂ 'ਤੇ ਮਾਣ ਵੀ ਕਰਦਾ ਹੈ, ਆਪਣੇ-ਆਪ ਨੂੰ ਬਚਾਉਣ ਲਈ ਉਨ੍ਹਾਂ ਤੋਂ ਵੀ ਕਿਨਾਰਾ ਕਰ ਲੈਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਮੌਤ ਦੇ ਖ਼ੌਫ਼ ਦੀ ਉਦਾਹਰਣ ਦੇਂਦੇ ਆਪਣੇ ਇਸ ਸਲੋਕ ਵਿਚ ਲਿਖਦੇ ਹਨ-

ਘਰਿ ਕੀ ਨਾਰਿ ਬਹੁਤੁ ਹਿਤੁ ਜਾ
ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ
ਪ੍ਰੇਤ ਪ੍ਰੇਤ ਕਰ ਭਾਗੀ॥

ਧੀਆਂ-ਪੁੱਤਰ, ਮਾਂ-ਬਾਪ, ਭੈਣ-ਭਰਾ ਅਤੇ ਹੋਰ ਕਈ ਰਿਸ਼ਤੇ ਭਾਵਨਾਤਮਿਕ ਤੌਰ 'ਤੇ ਮਨੁੱਖ ਨਾਲ ਜੁੜੇ ਹੁੰਦੇ ਹਨ। ਗੁਰੂ ਸਾਹਿਬ ਨੇ ਨਾਰ ਦੀ ਮਿਸਾਲ ਇਸ ਲਈ ਦਿੱਤੀ ਹੈ ਕਿ ਔਰਤ ਮਰਦ ਦਾ ਜਿਸਮਾਨੀ ਹੀ ਨਹੀਂ ਰੂਹ ਦਾ ਰਿਸ਼ਤਾ ਵੀ ਇਕ-ਦੂਜੇ ਨਾਲ ਜੁੜਦਾ ਹੈ। ਦੂਜੇ ਰਿਸ਼ਤਿਆਂ ਨਾਲੋਂ ਇਹ ਰਿਸ਼ਤਾ ਸਭ ਤੋਂ ਵੱਧ ਨੇੜੇ ਰਹਿੰਦਾ ਹੈ। ਪਰ ਮੌਤ ਦਾ ਖ਼ੌਫ਼ ਅਜਿਹਾ ਹੁੰਦਾ ਹੈ ਕਿ ਬੰਦੇ ਦੇ ਪ੍ਰਾਣ-ਪੰਖੇਰੂ ਉੱਡਣ ਤੋਂ ਬਾਅਦ ਹਮੇਸ਼ਾ ਸਾਥ-ਸੰਗ 'ਚ ਰਹਿਣ ਵਾਲੀ ਔਰਤ ਡਰਦੀ ਇਸ ਲਈ ਨੇੜੇ ਨਹੀਂ ਆਉਂਦੀ ਕਿ ਕਿਧਰੇ ਪ੍ਰੇਤ ਬਣ ਚੁੱਕੀ ਆਤਮਾ ਮੈਨੂੰ ਹੀ ਨਾ ਚੰਬੜ ਜਾਵੇ।

ਮਾਂ ਦੀ ਆਗੋਸ਼ ਤੋਂ ਵੱਧ ਬੱਚੇ ਲਈ ਸੁਰੱਖਿਅਤ ਜਗ੍ਹਾ ਹੋਰ ਕੋਈ ਨਹੀਂ ਹੋ ਸਕਦੀ।ਪਰ ਸਾਹਮਣੇ ਮੌਤ ਦਿਸਦੀ ਹੋਵੇ ਤਾਂ ਪਹਿਲ ਆਪਣੀ ਜਾਨ ਬਚਾਉਣ ਨੂੰ ਹੀ ਦਿੱਤੀ ਜਾਂਦੀ ਹੈ। ਸ਼ਾਇਦ ਅਜਿਹਾ ਕੁਝ ਵੇਖ ਕੇ ਹੀ ਇਹ ਅਖਾਣ ਬਣਿਆ ਹੋਵੇਗਾ ਕਿ, ਐਥੇ ਵੇਲੇ ਮਾਵਾਂ ਧੀ ਪੁੱਤ ਨਹੀਂ ਸੰਭਾਲਦੀਆਂ। ਵਰਤਮਾਨ ਸਦੀ ਵਿਚ ਫੈਲੀ ਕੋਰੋਨਾ ਨਾਮਕ ਮਹਾਂਮਾਰੀ ਨੇ ਮਨੁੱਖੀ ਰਿਸ਼ਤਿਆਂ ਦਾ ਕੱਚ-ਸੱਚ ਸਭ ਦੇ ਸਾਹਮਣੇ ਲੈ ਆਂਦਾ ਸੀ। ਹਰੇਕ ਰਿਸ਼ਤਾ ਹੀ ਆਪਣੀ ਜਾਨ ਬਚਾਉਣ ਨੂੰ ਪਹਿਲ ਦੇ ਰਿਹਾ ਸੀ। ਮਨੁੱਖ ਦੀ ਅੰਤਿਮ ਜਗ੍ਹਾ ਨੂੰ ਤਾਲੇ ਮਾਰਨਾ, ਹਸਪਤਾਲਾਂ 'ਚੋਂ ਆਪਣਿਆਂ ਦੀਆਂ ਲਾਸ਼ਾਂ ਲੈਣ ਤੋਂ ਇਨਕਾਰ ਕਰਨਾ, ਸਿਵੇ ਨੂੰ ਅੱਗ ਲਾਉਣ ਤੋਂ ਡਰਨ ਦੇ ਕੀ ਅਰਥ ਕੱਢੇ ਜਾਣ? ਕੀ ਕਦੀ ਆਪਣੇ ਨੇੜਲੇ ਦੀ ਮੌਤ ਹੋਣ 'ਤੇ ਉੱਚੀਆਂ-ਉੱਚੀਆਂ ਲੇਰਾਂ ਮਾਰਨੀਆਂ, ਛੁੱਟ-ਛੁੱਟ ਬਲਦੇ ਸਿਵੇ 'ਚ ਪੈਣ ਨੂੰ ਅਹੁਲਣਾ ਸਭ ਨਾਟਕ ਹੀ ਸਨ?

ਇਸ ਸਭ ਨੂੰ ਨਾਟਕ ਹੀ ਕਹਿਣਾ ਬਣਦਾ ਹੈ ਕਿਉਂਕਿ ਇਸ ਮੌਕੇ ਹਰੇਕ ਜੀਅ ਘਰ ਦੇ ਜੀਆਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਹੀ ਵੇਖ ਰਿਹਾ ਸੀ ਸਿਰਫ਼, ਅਦਿੱਖ ਮੌਤ ਦੇ ਡਰ ਕਰਕੇ।ਮੌਤ ਇਕ ਅਟੱਲ ਸੱਚਾਈ ਹੈ। ਇਸ ਤੋਂ ਕੁਝ ਉਪਰਾਲੇ ਕਰ ਕੇ ਕੁਝ ਸਮਾਂ ਤਾਂ ਬਚਿਆ ਜਾ ਸਕਦਾ ਹੈ ਪਰ ਸਦੀਵੀ ਨਹੀਂ।ਜੋ ਪੈਦਾ ਹੋਇਆ ਹੈ ਉਸਨੇ ਮਰਨਾ ਵੀ ਹੈ। ਕਈ ਉਪਦੇਸ਼ਕ ਆਖਦੇ ਹਨ ਕਿ ਦੁਨੀਆ ਨਾਸ਼ਵਾਨ ਹੈ।ਪਰ ਗੁਰਬਾਣੀ ਅਨੁਸਾਰ ਦੁਨੀਆ ਨਾਸ਼ਵਾਨ ਨਹੀਂ ਨਵੀਂ ਪੁਰਾਣੀ ਹੁੰਦੀ ਰਹਿੰਦੀ ਹੈ।ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਫ਼ਰਮਾਉਂਦੇ ਹਨ-

ਆਵਨ ਜਾਨੁ ਇਕੁ ਖੇਲੁ ਬਨਾਇਆ
ਆਗਿਆਕਾਰੀ ਕੀਨੀ ਮਾਇਆ॥

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਵੀ ਦੁਨੀਆ ਆਣੀ-ਜਾਣੀ ਨੂੰ ਆਪਣੇ ਸ਼ਲੋਕ ਵਿਚ ਇੰਜ ਆਖਦੇ ਹਨ,

ਜੈਸੇ ਜਲ ਤੇ ਬੁਦ ਬੁਦਾ ਉਪਜੈ ਬਿਨਸੈ ਨੀਤ
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥

ਜੇ ਕੁਦਰਤ ਨੇ ਇਸ ਧਰਤੀ ਨੂੰ ਜੀਵਨ ਯੋਗ ਬਣਾਇਆ ਹੈ ਤਾਂ ਇਸ ਧਰਤੀ 'ਤੇ ਜਾਨਦਾਰ ਪ੍ਰਾਣੀਆਂ, ਬਨਸਪਤੀ ਅਤੇ ਪੇੜ-ਪੌਦਿਆਂ ਦੇ ਜਿੰਦਾ ਰਹਿਣ ਲਈ ਲੋੜੀਂਦੀ ਮਾਤਰਾ ਵਿਚ ਹਰੇਕ ਚੀਜ਼ ਉਪਲਬਧ ਵੀ ਕਰਵਾਈ ਹੈ। ਕੁਝ ਲੋਕ ਇਹ ਸਮਝਦੇ ਹਨ ਕਿ ਕੁਦਰਤ ਦੀ ਹਰ ਨਿਹਮਤ ਸਿਰਫ਼ ਉਨ੍ਹਾਂ ਵਾਸਤੇ ਹੀ ਹੈ। ਉਹ ਆਪਣੇ ਜਿਊਣ ਅਤੇ ਆਪਣੇ ਕੋੜਮਿਆਂ ਦੇ ਐਸ਼ੋ-ਆਰਾਮ ਵਾਸਤੇ ਸਾਧਨ ਇਕੱਠੇ ਕਰਦੇ ਹੀ ਉਮਰ ਗੁਜ਼ਾਰ ਦੇਂਦੇ ਹਨ।ਜਿਵੇਂ ਸਾਰਾ ਕੁਝ ਇਕੱਠਾ ਕੀਤਾ ਮਰਨ ਵੇਲੇ ਆਪਣੇ ਨਾਲ ਹੀ ਲੈ ਜਾਣਗੇ। ਲੁੱਟ-ਮਾਰ ਤੇ ਖੋਹ-ਖਿੰਝ ਵੀ ਇਸ ਦਾ ਹੀ ਸਿੱਟਾ ਹੈ। ਜੇ ਕੁਦਰਤ ਨੇ ਮਰਨ ਤੋਂ ਬਾਅਦ ਧਨ-ਦੌਲਤ ਆਪਣੀ ਮਰਜ਼ੀ ਮੁਤਾਬਿਕ ਆਪਣੇ ਨਾਲ ਲਿਜਾਣ ਦਾ ਕੋਈ ਕਾਨੂੰਨ ਬਣਾਇਆ ਹੁੰਦਾ ਤਾਂ ਦੁਨੀਆ ਦੇ ਰੰਗ ਹੀ ਵੱਖਰੇ ਹੋਣੇ ਸਨ। ਪਰ ਕੁਦਰਤ ਦੇ ਕਾਨੂੰਨ ਆਪਣੇ ਹਨ, ਜਿਸ 'ਤੇ ਮਨੁੱਖਾਂ ਵੱਲੋਂ ਬਣਾਏ ਕਾਨੂੰਨ ਕਦੀ ਵੀ ਹਾਵੀ ਨਹੀਂ ਹੋ ਸਕਦੇ। ਮਨੁੱਖ ਜਿੰਨੀ ਮਰਜ਼ੀ ਤਰੱਕੀ ਕਰ ਕੇ ਅਸਮਾਨ ਗਾਹ ਲਵੇ, ਕੁਦਰਤ ਦੇ ਭੇਦ ਜਾਣਨ ਦੀ ਕੋਸ਼ਿਸ਼ ਕਰੇ ਪਰ ਕੁਦਰਤ ਦਾ ਹਾਣੀ ਨਹੀਂ ਬਣ ਸਕਦਾ। ਵੈਸੇ ਸਾਰੇ ਪੁਆੜੇ ਮਨੁੱਖ ਦੀ ਸਿਆਣਪ ਦੇ ਹੀ ਹਨ। ਗਿਆਨ, ਵਿਗਿਆਨ ਅਤੇ ਕੁਦਰਤ ਨੂੰ ਨਖੇੜ ਕੇ ਨਹੀਂ ਵੇਖਿਆ ਜਾ ਸਕਦਾ। ਕੁਦਰਤ ਦੀ ਬਿਨਾਂ ਰੁਕਿਆਂ ਨਿਰੰਤਰ ਕਾਰਜਸ਼ੀਲਤਾ ਅਤੇ ਬ੍ਰਹਿਮੰਡੀ ਵਰਤਾਰਿਆਂ ਦੇ ਭੇਦਾਂ ਦੀ ਜਾਣਕਾਰੀ ਹਾਸਿਲ ਕਰਨ ਨੂੰ ਗਿਆਨ ਕਿਹਾ ਜਾ ਸਕਦਾ ਹੈ। ਜਾਣਕਾਰੀ ਹਾਸਿਲ ਕਰਨ ਵਾਲੇ ਸਾਧਨਾਂ ਨੂੰ ਵਿਗਿਆਨ ਕਹਿ ਸਕਦੇ ਹਾਂ। ਮਨੁੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਜੋ ਭੂਚਾਲ ਨਾਲ ਧਰਤੀ ਹਿਲਦੀ ਹੈ, ਉਹ ਮਨੁੱਖ ਨਹੀਂ ਹਿਲਾਉਂਦਾ।ਹੜ੍ਹ, ਤੂਫ਼ਾਨ ਅਤੇ ਜੋ ਸੁਨਾਮੀਆਂ ਆਉਂਦੀਆਂ ਹਨ। ਇਹ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਛੇੜ-ਛਾੜ ਦਾ ਹੀ ਨਤੀਜਾ ਹੈ। ਅਜੋਕਾ ਮਨੁੱਖ ਆਪਣੇ ਗਿਆਨ ਤੇ ਵਿਗਿਆਨ ਸਦਕਾ ਕੁਦਰਤ ਨਾਲ ਛੇੜ-ਛਾੜ ਕਰ ਕੇ ਉਸਦਾ ਸ਼ਰੀਕ ਬਣ ਕੇ ਉਸਨੂੰ ਆਪਣੇ ਵੱਸ ਵਿਚ ਕਰਨ ਦੀ ਕੋਸ਼ਿਸ਼ 'ਚ ਲੱਗਾ ਹੋਇਆ ਹੈ। ਇਸੇ ਕੋਸ਼ਿਸ਼ 'ਚ ਲੱਗਾ ਕਈ ਵਾਰ ਆਪਣੀ ਮੌਤ ਵੀ ਸਹੇੜ ਲੈਂਦਾ ਹੈ। ਕੁਦਰਤ ਮਨੁੱਖ ਨੂੰ ਸ਼ੀਸ਼ਾ ਵਿਖਾਉਂਦੀ ਹੈ ਕਿ ਤੂੰ ਮੇਰਾ ਲਾਡਲਾ ਪੁੱਤਰ ਹੈਂ, ਬਾਪ ਬਣਨ ਦੀ ਕੋਸ਼ਿਸ਼ ਨਾ ਕਰ।

ਮਨੁੱਖੀ ਇਤਿਹਾਸ ਗਵਾਹ ਹੈ ਕਿ ਮਨੁੱਖ ਨੇ ਹੀ ਮਨੁੱਖ 'ਤੇ ਜ਼ੁਲਮ ਢਾਏ ਹਨ ਤੇ ਮਨੁੱਖ ਹੀ ਦਾਰੂ ਬਣਿਆ ਹੈ। ਆਫ਼ਤਾਂ ਕੁਦਰਤੀ ਹੋਣ ਜਾਂ ਮਨੁੱਖ ਦੀਆਂ ਆਪੂੰ ਸਹੇੜੀਆਂ, ਹਮੇਸ਼ਾ ਮਨੁੱਖ ਹੀ ਇਕ-ਦੂਜੇ ਦਾ ਸਹਿਯੋਗੀ ਬਣਿਆ ਹੈ। ਸੋ ਆਓ, ਇਕ ਦੂਜੇ ਦੇ ਸਹਿਯੋਗੀ ਬਣਦੇ ਕੁਦਰਤ ਦੇ ਵੀ ਸਹਿਯੋਗੀ ਬਣ ਕੇ ਆਪਣਾ ਫ਼ਰਜ਼ ਪਛਾਣੀਏ। ਨਹੀਂ ਫਿਰ ਕੁਦਰਤ ਆਪਣਾ ਸੰਤੁਲਨ ਬਣਾਉਣਾ ਜਾਣਦੀ ਹੈ।

- ਤਰਸੇਮ ਸਿੰਘ ਭੰਗੂ

# ਮਹਾਰਾਜਾ ਰਣਜੀਤ ਸਿੰਘ ਦੀਆਂ ਪੋਤਰੀਆਂ



ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਅਤੇ ਪੰਜਾਬ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਏ ਸਨ ਜਿੱਥੇ ਉਹ ਅੰਗਰੇਜ਼ ਸਰਕਾਰ ਦੀ ਨਜ਼ਰਸਾਨੀ ਵਿਚ ਪਲਿਆ ਤੇ ਜਵਾਨ ਹੋਇਆ। ਉਸ ਨੇ 1864 ਵਿਚ ਬੰਬਾ ਮੂਲਰ ਨਾਲ ਵਿਆਹ ਕੀਤਾ। ਬੰਬਾ ਜਰਮਨ ਬੈਂਕਰ ਲੁਡਵਿਗ ਮੂਲਰ ਅਤੇ ਈਥੋਪੀਅਨ ਮੂਲ ਦੀ ਸੋਫ਼ੀਆ ਦੀ ਧੀ ਸੀ। ਸੋਫ਼ੀਆ ਦੇ ਖ਼ਾਨਦਾਨ ਨੇ ਗ਼ੁਲਾਮੀ ਹੰਢਾਈ ਸੀ। ਉਨ੍ਹਾਂ ਦੇ ਸੱਤ ਧੀਆਂ ਪੁੱਤਰ ਸਨ। ਸਭ ਤੋਂ ਵੱਡੇ ਪੁੱਤਰ ਦੀ ਜਨਮ ਤੋਂ ਇਕ ਦਿਨ ਬਾਅਦ ਮੌਤ ਹੋ ਗਈ। ਤਿੰਨ ਪੁੱਤਰ ਇਹ ਸਨ: (1) ਵਿਕਟਰ ਐਲਬਰਟ ਜੇ ਦਲੀਪ ਸਿੰਘ (1866-1918), (2) ਫਰੈਡਰਿਕ ਵਿਕਟਰ ਦਲੀਪ ਸਿੰਘ (1808-1926), (3) ਐਲਬਰਟ ਐਡਵਰਡ ਅਲੈਗਜ਼ੈਂਡਰ ਦਲੀਪ ਸਿੰਘ (1879-1893); ਤਿੰਨ ਧੀਆਂ ਸਨ: (1) ਬੰਬਾ ਸੋਫ਼ੀਆ ਜਿੰਦਾਂ ਦਲੀਪ ਸਿੰਘ (1869-1957), (2) ਕੈਥਰੀਨ ਹਿਲਡਾ ਦਲੀਪ ਸਿੰਘ (1871-1942), (3) ਸੋਫ਼ੀਆ ਅਲਗਜ਼ੈਂਡਰਾ ਦਲੀਪ ਸਿੰਘ (1879-1893: ਕੁਝ ਸਰੋਤਾਂ ਅਨੁਸਾਰ ਇਸ ਰਾਜਕੁਮਾਰੀ ਦੇ ਨਾਂ ਵਿਚ 'ਜਿੰਦਾਂ' ਸ਼ਬਦ ਸੀ ਪਰ ਇਸ ਦੇ ਵੇਰਵੇ ਨਹੀਂ ਮਿਲਦੇ)। ਇਨ੍ਹਾਂ ਸ਼ਹਿਜ਼ਾਦਿਆਂ ਅਤੇ ਸ਼ਹਿਜ਼ਾਦੀਆਂ ਦੀਆਂ ਰਗਾਂ ਵਿਚ ਤਿੰਨ ਤਰ੍ਹਾਂ ਦਾ ਖ਼ੂਨ ਸੀ: ਪੰਜਾਬੀ, ਜਰਮਨ ਤੇ ਅਫਰੀਕੀ। ਧੀਆਂ ਆਪਣੇ ਪਹਿਲੇ ਨਾਵਾਂ ਦੇ ਪਹਿਲੇ ਸ਼ਬਦਾਂ ਤੋਂ ਜਾਣੀਆਂ ਜਾਂਦੀਆਂ ਹਨ ਅਰਥਾਤ (1) ਸ਼ਹਿਜ਼ਾਦੀ ਬੰਬਾ, (2) ਸ਼ਹਿਜ਼ਾਦੀ ਕੈਥਰੀਨ ਤੇ (3) ਸ਼ਹਿਜ਼ਾਦੀ ਸੋਫ਼ੀਆ।

ਮਹਾਰਾਜਾ ਦਲੀਪ ਸਿੰਘ ਬੰਬਾ ਨੇ ਪਹਿਲੀ ਪਤਨੀ ਬੰਬਾ ਮੂਲਰ ਦੀ 1887 ਵਿਚ ਮੌਤ ਤੋਂ ਬਾਅਦ ਦੂਜਾ ਵਿਆਹ ਐਡਾ ਡਗਲਸ ਵੈਦਰਹਿਲ ਨਾਲ ਕੀਤਾ। ਇਸ ਵਿਆਹ ਤੋਂ ਦੋ ਹੋਰ ਧੀਆਂ ਜੰਮੀਆਂ (1) ਸ਼ਹਿਜ਼ਾਦੀ ਪੌਲੀਨ ਅਲੈਗਜ਼ੈਂਡਰਾ ਦਲੀਪ ਸਿੰਘ ਅਤੇ (2) ਸ਼ਹਿਜ਼ਾਦੀ ਐਡਾ ਆਇਰੀਨ ਬੈਰਲ ਦਲੀਪ ਸਿੰਘ।

ਮਹਾਰਾਜਾ ਦਲੀਪ ਸਿੰਘ ਦੀਆਂ ਧੀਆਂ ਦੇ ਜੀਵਨ ਦੀ ਖ਼ਾਸ ਗੱਲ ਇਹ ਸੀ ਕਿ ਉਹ ਰਾਜਾ-ਰਜਵਾੜਾਸ਼ਾਹੀ ਜੀਵਨ-ਜਾਚ ਤੋਂ ਮੁਤਾਸਿਰ ਨਹੀਂ ਸਨ। ਕੈਥਰੀਨ ਤੇ ਸੋਫ਼ੀਆ ਇੰਗਲੈਂਡ ਵਿਚ ਔਰਤਾਂ ਲਈ ਵੋਟਾਂ ਦਾ ਹੱਕ ਪ੍ਰਾਪਤ ਕਰਨ ਦੀ ਲਹਿਰ ਦੀਆਂ ਆਗੂ ਬਣੀਆਂ। ਸੋਫ਼ੀਆ ਨੇ ਇਸ ਲਹਿਰ ਵਿਚ ਡਟ ਕੇ ਕੰਮ ਕਰਦਿਆਂ ਔਕੜਾਂ ਦਾ ਸਾਹਮਣਾ ਕੀਤਾ ਤੇ ਪ੍ਰਸਿੱਧੀ ਖੱਟੀ।

## ਸ਼ਹਿਜ਼ਾਦੀ ਬੰਬਾ

ਸ਼ਹਿਜ਼ਾਦੀ ਬੰਬਾ ਇੰਗਲੈਂਡ ਦੀ ਔਕਸਫੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੇ ਇਕ ਮੈਡੀਕਲ ਕਾਲਜ ਵਿਚ ਪੜ੍ਹੀ। ਉਹ ਹੰਗਰੀ ਮੂਲ ਦੀ ਔਰਤ ਮੈਰੀ ਐਨਟੋਨੀ ਗੌਟਸਮਾਨ ਨੂੰ ਲੈ ਕੇ ਕਈ ਵਾਰ ਹਿੰਦੋਸਤਾਨ ਆਈ ਅਤੇ ਲਾਹੌਰ, ਸ਼ਿਮਲਾ ਤੇ ਹੋਰ ਸ਼ਹਿਰਾਂ ਵਿਚ ਗਈ। 1915 ਵਿਚ ਬੰਬਾ ਨੇ ਲਾਹੌਰ ਦੇ ਕਿੰਗ ਐਡਵਰਡ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਡੇਵਿਡ ਵਾਟਰਜ਼ ਸਦਰਲੈਂਡ ਨਾਲ ਵਿਆਹ ਕੀਤਾ। ਉਸ ਨੇ 1924 ਵਿਚ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀਆਂ ਅਸਥੀਆਂ ਨੂੰ ਲਾਹੌਰ ਦਫ਼ਨਾਉਣ ਦਾ ਪ੍ਰਬੰਧ ਕੀਤਾ। 1939 ਵਿਚ ਡਾ. ਸਦਰਲੈਂਡ ਦੀ ਮੌਤ ਹੋ ਗਈ ਪਰ ਬੰਬਾ ਲਾਹੌਰ ਹੀ ਰਹਿੰਦੀ ਰਹੀ। ਉਸ ਦੇ ਘਰ ਦਾ ਨਾਂ 'ਗੁਲਜ਼ਾਰ' ਸੀ। ਉਸ ਨੂੰ ਫੁੱਲ ਖ਼ਾਸ ਕਰਕੇ ਗੁਲਾਬ ਉਗਾਉਣ ਦਾ ਬਹੁਤ ਸ਼ੌਕ ਸੀ। 1947 ਵਿਚ ਪੰਜਾਬ ਦੀ ਵੰਡ ਤੋਂ ਬਾਅਦ ਵੀ ਉਹ ਲਾਹੌਰ ਹੀ ਰਹੀ। ਉਸ ਨੇ 1957 ਵਿਚ ਇਸ ਦੁਨੀਆ ਨੂੰ ਅਲਵਿਦਾ ਕਹੀ। ਉਸ ਨੇ ਕਈ ਤਰ੍ਹਾਂ ਦੇ ਇਤਿਹਾਸਕ ਦਸਤਾਵੇਜ਼, ਤਸਵੀਰਾਂ ਅਤੇ ਹੋਰ ਸਮੱਗਰੀ ਆਪਣੇ ਸਕੱਤਰ ਪੀਰ ਕਰੀਮ ਬਖ਼ਸ਼ ਸੁਪਰਾ ਦੇ ਸਪੁਰਦ ਕਰ ਦਿੱਤੀ।

ਸ਼ਹਿਜ਼ਾਦੀ ਬੰਬਾ ਇੰਗਲੈਂਡ ਦੀ ਔਕਸਫੋਰਡ ਯੂਨੀਵਰਸਿਟੀ ਅਤੇ ਅਮਰੀਕਾ ਦੇ ਇਕ ਮੈਡੀਕਲ ਕਾਲਜ ਵਿਚ ਪੜ੍ਹੀ। ਉਹ ਹੰਗਰੀ ਮੂਲ ਦੀ ਔਰਤ ਮੈਰੀ ਐਨਟੋਨੀ ਗੌਟਸਮਾਨ ਨੂੰ ਲੈ ਕੇ ਕਈ ਵਾਰ ਹਿੰਦੋਸਤਾਨ ਆਈ ਅਤੇ ਲਾਹੌਰ, ਸ਼ਿਮਲਾ ਤੇ ਹੋਰ ਸ਼ਹਿਰਾਂ ਵਿਚ ਗਈ। 1915 ਵਿਚ ਬੰਬਾ ਨੇ ਲਾਹੌਰ ਦੇ ਕਿੰਗ ਐਡਵਰਡ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਡੇਵਿਡ ਵਾਟਰਜ਼ ਸਦਰਲੈਂਡ ਨਾਲ ਵਿਆਹ ਕੀਤਾ। ਉਸ ਨੇ 1924 ਵਿਚ ਆਪਣੀ ਦਾਦੀ ਮਹਾਰਾਣੀ ਜਿੰਦਾਂ ਦੀਆਂ

## ਸ਼ਹਿਜ਼ਾਦੀ ਕੈਥਰੀਨ

ਕੈਥਰੀਨ ਨੂੰ ਤਿੰਨਾਂ ਸ਼ਹਿਜ਼ਾਦੀਆਂ ਵਿਚੋਂ ਸਭ ਤੋਂ ਖ਼ੂਬਸੂਰਤ ਮੰਨਿਆ ਜਾਂਦਾ ਸੀ। ਉਹ ਵੀ ਔਕਸਫੋਰਡ ਯੂਨੀਵਰਸਿਟੀ ਵਿਚ ਪੜ੍ਹੀ। ਉਸ ਨੂੰ ਸੰਗੀਤ ਤੇ ਤੈਰਾਕੀ ਦਾ ਸ਼ੌਕ ਸੀ। ਉਹ ਔਰਤਾਂ ਲਈ ਵੋਟ ਦੇ ਹੱਕ ਮੰਗਣ ਵਾਲੀਆਂ ਸੰਸਥਾਵਾਂ ਫਾਅਸੈੱਟ ਵੋਮੈਨਜ਼ ਸਫਰੇਜ ਗਰੁੱਪ (Fawcett Women's Sufferage Group) ਅਤੇ ਨੈਸ਼ਨਲ ਯੂਨੀਅਨ ਆਫ਼ ਵੋਮੈਨਜ਼ ਸਫਰੇਜ ਸੋਸਾਇਟੀਜ਼ (National Union of Women's Sufferage Societies) ਦੀ ਮੈਂਬਰ ਬਣੀ। 1903 ਵਿਚ ਉਹ ਲਾਹੌਰ ਆਈ ਅਤੇ ਅੰਮ੍ਰਿਤਸਰ, ਕਪੂਰਥਲਾ, ਨਾਭਾ, ਜੀਂਦ, ਪਟਿਆਲਾ, ਡਲਹੌਜ਼ੀ, ਸ਼ਿਮਲਾ ਆਦਿ ਸ਼ਹਿਰਾਂ ਵਿਚ ਵੀ ਗਈ। 1904 ਤੋਂ ਬਾਅਦ ਉਹ ਜ਼ਿਆਦਾ ਕਰਕੇ ਆਪਣੀ ਸਾਥਣ ਲੀਨਾ ਸ਼ੇਫਰ (Lina Schafer) ਨਾਲ ਜਰਮਨੀ ਵਿਚ ਹੀ ਰਹੀ। ਨਾਜ਼ੀ ਰਾਜ ਆਉਣ 'ਤੇ ਇਨ੍ਹਾਂ ਦੋਵਾਂ ਨੇ ਕਈ ਯਹੂਦੀ ਪਰਿਵਾਰਾਂ ਨੂੰ ਇੰਗਲੈਂਡ ਪਹੁੰਚਾਇਆ। 1937 ਵਿਚ ਕੈਥਰੀਨ ਜਰਮਨੀ ਛੱਡ ਸਵਿੱਟਜ਼ਰਲੈਂਡ ਚਲੀ ਗਈ। 1942 ਵਿਚ ਉਹ ਸੋਫ਼ੀਆ ਨੂੰ ਮਿਲਣ ਇੰਗਲੈਂਡ ਗਈ ਸੀ ਜਿੱਥੇ 8 ਨਵੰਬਰ ਨੂੰ ਉਸ ਦਾ ਦੇਹਾਂਤ ਹੋ ਗਿਆ। ਉਸ ਨੇ ਵਸੀਅਤ ਕੀਤੀ ਸੀ ਕਿ ਉਸ ਦੀਆਂ ਅਸਥੀਆਂ ਨੂੰ ਉਸ ਦੀ ਸਾਥਣ ਲੀਨਾ ਸ਼ੇਫਰ (ਜਿਸ ਦੀ ਮੌਤ 1938 ਵਿਚ ਹੋਈ ਸੀ) ਦੀ ਕਬਰ ਦੇ ਕੋਲ ਜਰਮਨੀ ਵਿਚ ਦਫ਼ਨਾਇਆ ਜਾਵੇ।

1997 ਵਿਚ ਉਸ ਦਾ ਇਕ ਬੈਂਕ ਖਾਤਾ ਸਵਿੱਟਜ਼ਰਲੈਂਡ ਦੇ ਬੈਂਕ ਵਿਚ ਲੱਭਾ। ਕਈਆਂ ਨੇ ਉਸ 'ਤੇ ਦਾਅਵਾ ਕੀਤਾ ਪਰ ਅੰਤ ਵਿਚ ਬੈਂਕ ਨੇ ਉਹ ਪੈਸੇ ਉਸ ਦੀ ਵੱਡੀ ਭੈਣ ਬੰਬਾ ਦੇ ਸਕੱਤਰ ਪੀਰ ਕਰੀਮ ਬਖ਼ਸ਼ ਸੁਪਰਾ ਦੇ ਪਰਿਵਾਰ ਨੂੰ ਸੌਂਪ ਦਿੱਤੇ ਕਿਉਂਕਿ ਕੈਥਰੀਨ ਨੇ ਵੱਡੀ ਭੈਣ ਬੰਬਾ ਨੂੰ ਨਾਮਜ਼ਦ ਕੀਤਾ ਸੀ ਅਤੇ ਬੰਬਾ ਆਪਣੀ ਜਾਇਦਾਦ ਪੀਰ ਕਰੀਮ ਬਖ਼ਸ਼ ਸੁਪਰਾ ਨੂੰ ਸੌਂਪ ਗਈ ਸੀ।

## ਸ਼ਹਿਜ਼ਾਦੀ ਸੋਫ਼ੀਆ

ਸ਼ਹਿਜ਼ਾਦੀ ਸੋਫ਼ੀਆ ਨੇ ਆਪਣੀਆਂ ਭੈਣਾਂ 'ਚੋਂ ਸਭ ਤੋਂ ਜ਼ਿਆਦਾ ਪ੍ਰਸਿੱਧੀ ਖੱਟੀ। ਉਸ ਨੇ ਕੈਂਬਰਿਜ ਯੂਨੀਵਰਸਿਟੀ ਵਿਚ ਕੈਮਿਸਟਰੀ ਦੀ ਪੜ੍ਹਾਈ ਕੀਤੀ। ਉਹ 1903 ਅਤੇ 1907 ਵਿਚ ਭਾਰਤ ਆਈ। 1907 ਦੀ ਭਾਰਤ ਯਾਤਰਾ ਦੌਰਾਨ ਉਹ ਕਾਂਗਰਸੀ ਆਗੂਆਂ ਗੋਪਾਲ ਕ੍ਰਿਸ਼ਨ ਗੋਖਲੇ ਅਤੇ ਲਾਲਾ ਲਾਜਪਤ ਰਾਏ ਨੂੰ ਮਿਲੀ। 1909 ਵਿਚ ਉਹ ਔਰਤਾਂ ਲਈ ਵੋਟਾਂ ਦੇ ਹੱਕ ਲਈ ਸੰਘਰਸ਼ ਕਰਨ ਵਾਲੀ ਮਸ਼ਹੂਰ ਆਗੂ ਐਮੇਲੀਨ ਪੈਂਕਹਰਸਟ ਦੀ ਅਗਵਾਈ ਵਾਲੀ ਵੋਮੈਨਜ਼ ਫਰੈਂਚਾਈਜ਼ ਲੀਗ (Women's Franchise League) ਦੀ ਮੈਂਬਰ ਬਣ ਗਈ। ਜਥੇਬੰਦੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਂਦਿਆਂ ਉਸ ਨੇ ਟੈਕਸ ਦੇਣ ਤੋਂ ਇਨਕਾਰ ਕੀਤਾ। 18 ਨਵੰਬਰ 1910 ਨੂੰ ਉਹ ਐਮੇਲੀਨ ਪੈਂਕਹਰਸਟ ਅਤੇ ਹੋਰ ਕਾਰਕੁਨਾਂ ਨਾਲ ਬਰਤਾਨੀਆ ਦੀ ਸੰਸਦ ਦੇ ਹੇਠਲੇ ਸਦਨ 'ਹਾਊਸ ਆਫ ਕਾਮਨਜ਼' ਵਿਚ ਪ੍ਰਧਾਨ ਮੰਤਰੀ ਨੂੰ ਮਿਲਣ ਗਈ। ਉਸ ਵੇਲੇ ਦੇ ਗ੍ਰਹਿ ਮੰਤਰੀ ਵਿੰਸਟਨ ਚਰਚਿਲ ਨੇ ਉਨ੍ਹਾਂ ਨੂੰ ਉੱਥੋਂ ਬਾਹਰ ਕੱਢਣ ਦੇ ਆਦੇਸ਼ ਦਿੱਤੇ। ਔਰਤਾਂ ਨੇ ਮੁਜ਼ਾਹਰਾ ਕੀਤਾ ਅਤੇ ਪੁਲੀਸ ਕਾਰਵਾਈ ਕਾਰਨ ਕਈ ਔਰਤਾਂ ਜ਼ਖ਼ਮੀ ਹੋ ਗਈਆਂ। ਉਸ ਨੇ ਕਈ ਮੁਜ਼ਾਹਰਿਆਂ ਵਿਚ ਹਿੱਸਾ ਲਿਆ ਤੇ ਵੋਮੈਨਜ਼ ਸੋਸ਼ਲ ਐਂਡ ਪੋਲੀਟੀਕਲ ਲੀਗ ਦੇ ਕਈ ਸਮਾਗਮਾਂ ਦੀ ਪ੍ਰਧਾਨਗੀ ਕੀਤੀ। ਉਸ ਨੇ ਆਪਣੀਆਂ ਕਈ ਵਸਤਾਂ ਔਰਤਾਂ ਦੁਆਰਾ ਟੈਕਸ ਦੇਣ ਦਾ ਵਿਰੋਧ ਕਰਨ ਵਾਲੀ ਜਥੇਬੰਦੀ 'ਵੋਮੈਨਜ਼ ਟੈਕਸ ਰਿਜ਼ੈਸਟੈਂਸ ਲੀਗ' ਨੂੰ ਦਾਨ ਵਿਚ ਦਿੱਤੀਆਂ। ਇਸ ਜਥੇਬੰਦੀ ਦਾ ਤਰਕ ਇਹ ਸੀ ਕਿ ਜਦੋਂ ਤਕ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਮਿਲਦਾ ਉਹ ਕੋਈ ਟੈਕਸ ਨਹੀਂ ਦੇਣਗੀਆਂ। ਉਹ ਔਰਤਾਂ ਲਈ ਵੋਟ ਦੇ ਹੱਕ ਵਿਚ ਪ੍ਰਕਾਸ਼ਿਤ ਹੋਣ ਨਾਲੇ ਅਖ਼ਬਾਰ 'ਸਫ਼ਰਾਜੈੱਟ- Suffragette) ਵੀ ਵੇਚਦੀ ਰਹੀ। (ਦੇਖੋ ਤਸਵੀਰ)। ਸਰਕਾਰ ਨੇ ਕਈ ਵਾਰ ਜੁਰਮਾਨਾ ਕੀਤਾ ਪਰ ਉਸ ਨੇ ਜੁਰਮਾਨਾ ਦੇਣ ਤੋਂ ਇਨਕਾਰ ਕਰ ਦਿੱਤਾ।

ਪਹਿਲੀ ਆਲਮੀ ਜੰਗ ਦੌਰਾਨ ਉਸ ਨੇ ਜੰਗ ਦਾ ਵਿਰੋਧ ਕੀਤਾ। ਉਸ ਨੇ ਰੈੱਡਕਰਾਸ ਵਿਚ ਨਰਸ ਵਜੋਂ ਕੰਮ ਸ਼ੁਰੂ ਕੀਤਾ ਅਤੇ 1915 ਤੇ 1917 'ਚ ਆਈਸਲਵਰਥ, ਲੰਡਨ ਦੇ ਮਿਲਟਰੀ ਹਸਪਤਾਲ ਵਿਚ ਕੰਮ ਕੀਤਾ। ਉਸ ਨੇ ਪਹਿਲੀ ਆਲਮੀ ਜੰਗ ਵਿਚ ਜ਼ਖ਼ਮੀ ਹੋਏ ਫ਼ੌਜੀਆਂ, ਜਿਨ੍ਹਾਂ ਵਿਚ ਸਿੱਖ ਫ਼ੌਜੀ ਵੀ ਸ਼ਾਮਿਲ ਸਨ, ਦੀ ਦੇਖਭਾਲ ਕੀਤੀ। ਦੰਦਕਥਾ ਹੈ ਕਿ ਸਿੱਖ ਫ਼ੌਜੀਆਂ ਨੂੰ ਵਿਸ਼ਵਾਸ ਹੀ ਨਹੀਂ ਸੀ ਆਉਂਦਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਨਰਸ ਬਣ ਕੇ ਉਨ੍ਹਾਂ ਦੀ ਸੇਵਾ ਕਰ ਰਹੀ ਹੈ। ਸਤੰਬਰ 1919 ਵਿਚ ਉਸ ਨੇ ਭਾਰਤੀ ਫ਼ੌਜੀਆਂ ਨੂੰ ਖਾਣੇ 'ਤੇ ਸੱਦਿਆ। 1918 ਵਿਚ ਇੰਗਲੈਂਡ ਵਿਚ 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਵੋਟ ਦਾ ਹੱਕ ਮਿਲ ਗਿਆ। 1919 ਵਿਚ ਸੋਫ਼ੀਆ ਆਪਣੀ ਭੈਣ ਬੰਬਾ ਨੂੰ ਮਿਲਣ ਫਿਰ ਲਾਹੌਰ ਆਈ ਤੇ ਕਈ ਸ਼ਹਿਰਾਂ ਵਿਚ ਗਈ। ਭਾਰਤ ਵਿਚ ਵੀ ਉਸ ਨੇ ਔਰਤਾਂ ਨੂੰ ਵੋਟ ਦਾ ਹੱਕ ਦੇਣ ਦੀ ਵਕਾਲਤ ਕੀਤੀ। ਉਸ ਦਾ ਦੇਹਾਂਤ 1948 ਵਿਚ ਹੋਇਆ। ਉਸ ਨੇ ਵਸੀਅਤ ਕੀਤੀ ਕਿ ਉਸ ਦੀਆਂ ਆਖ਼ਰੀ ਰਸਮਾਂ ਸਿੱਖ ਰੀਤੀ ਰਿਵਾਜ ਅਨੁਸਾਰ ਨਿਭਾਈਆਂ ਜਾਣ। 2018 ਵਿਚ ਉਸ ਅਤੇ ਉਸ ਦੀਆਂ ਸਾਥਣਾਂ ਦੀ ਯਾਦ ਵਿਚ ਇੰਗਲੈਂਡ ਵਿਚ ਯਾਦਗਾਰੀ Stamp ਜਾਰੀ ਕੀਤਾ। ਉਸ 'ਤੇ ਫਿਲਮਾਂ ਵੀ ਬਣੀਆਂ। ਅਨੀਤਾ ਅਨੰਦ ਦਾ 'ਸੋਫ਼ੀਆ' ਨਾਵਲ ਉਸ ਦੀ ਜ਼ਿੰਦਗੀ 'ਤੇ ਆਧਾਰਿਤ ਹੈ।

## ਸ਼ਹਿਜ਼ਾਦੀ ਪੌਲੀਨ

ਮਹਾਰਾਜਾ ਦਲੀਪ ਸਿੰਘ ਦੇ ਦੂਜੇ ਵਿਆਹ ਤੋਂ ਜੰਮੀ ਵੱਡੀ ਧੀ ਪੌਲੀਨ ਦਾ ਜਨਮ 1889 ਵਿਚ ਰੂਸ ਵਿਚ ਕਾਫ਼ੀ ਮਾੜੇ ਹਾਲਾਤ ਵਿਚ ਹੋਇਆ। 1914 ਵਿਚ ਉਸ ਦਾ ਵਿਆਹ ਸੈਕਿੰਡ ਲੈਫਟੀਨੈਂਟ ਜੇਐਸਏ ਟੋਰੀ ਨਾਲ ਹੋਇਆ ਜਿਸ ਦੀ ਪਹਿਲੀ ਆਲਮੀ ਜੰਗ ਦੌਰਾਨ 1915 ਵਿਚ ਮੌਤ ਹੋ ਗਈ। ਉਸ ਦਾ ਸ਼ਹਿਜ਼ਾਦੀ ਬੰਬਾ ਨਾਲ ਜਾਇਦਾਦ ਬਾਰੇ ਮੁਕੱਦਮਾ ਵੀ ਚੱਲਿਆ। 1930 ਵਿਚ ਉਹ ਪੈਰਿਸ ਚਲੀ ਗਈ। ਉਹ ਤਪਦਿਕ ਦਾ ਸ਼ਿਕਾਰ ਹੋ ਗਈ ਅਤੇ ਉਸ ਦੀ ਮੌਤ 10 ਅਪਰੈਲ 1941 ਨੂੰ ਫਰਾਂਸ ਦੇ ਇਕ ਸੈਨੀਟੋਰੀਅਮ ਵਿਚ ਹੋਈ।

ਸ਼ਹਿਜ਼ਾਦੀ ਐਡਾ ਆਇਰੀਨ

ਇਸ ਸ਼ਹਿਜ਼ਾਦੀ ਦੀ ਜ਼ਿੰਦਗੀ ਦੇ ਜ਼ਿਆਦਾ ਵੇਰਵੇ ਨਹੀਂ ਮਿਲਦੇ। ਉਸ ਨੇ 1919 ਵਿਚ ਇਕ ਫਰਾਂਸੀਸੀ ਨਾਲ ਵਿਆਹ ਕੀਤਾ ਪਰ 1924-25 ਵਿਚ ਉਸ ਤੋਂ ਵੱਖ ਹੋ ਗਈ। 1925 ਵਿਚ ਉਸ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। 1926 ਵਿਚ ਉਸ ਦੀ ਲਾਸ਼ ਮੌਂਟੇ ਕਾਰਲੋ ਨਾਂ ਦੀ ਜਗ੍ਹਾ 'ਤੇ ਸਮੁੰਦਰ 'ਚੋਂ ਮਿਲੀ।

# ਪ੍ਰਸਿੱਧੀ ਤੇ ਬਦਨਾਮੀ ਦੋਵੇਂ ਖੱਟ ਗਿਆ ਸੀ ਸਿੱਧੂ ਮੂਸੇ ਵਾਲਾ

ਇਲਜ਼ਾਮ ਸੀ ਕਿ ਉਸ ਨੇ ਆਪਣੇ ਗੀਤਾਂ ਰਾਹੀਂ ਨੌਜਵਾਨਾਂ ਦੀਆਂ ਭਾਵਨਾਵਾਂ ਭੜਕਾਉਣ ਅਤੇ ਹਥਿਆਰਾਂ ਵੱਲ ਪ੍ਰੇਰਿਤ ਕਰਨ ਦਾ ਕੰਮ ਕੀਤਾ ਸੀ। ਵਿਵਾਦਾਂ ਨਾਲ ਉਸ ਦੀ ਕਾਫ਼ੀ ਸਾਂਝ ਰਹੀ ਸੀ। ਏ.ਕੇ.47 ਰਾਈਫ਼ਲ ਅਤੇ ਪਿਸਤੌਲ ਚਲਾਉਣ ਦੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਕਰਕੇ ਉਸ ਦੀ ਭੰਡੀ ਹੋਈ ਸੀ ਜਿਸ ਦਾ ਜਵਾਬ ਦੇਣ ਲਈ ਉਸ ਨੇ ਬਾਲੀਵੁੱਡ ਅਦਾਕਾਰ ਸੰਜੇ ਦੱਤ ਸਬੰਧੀ ਗੀਤ 'ਸੰਜੂ' ਗਾਇਆ ਸੀ। ਗੀਤ ' ਜੱਟੀ ਜਿਊਣੇ ਮੌੜ ਵਰਗੀ ' ਵਿੱਚ ਸਿੱਖ ਇਤਿਹਾਸ ਦੀ ਮਾਨਮੱਤੀ ਸ਼ਖ਼ਸੀਅਤ ਮਾਈ ਭਾਗੋ ਜੀ ਦਾ ਜ਼ਿਕਰ ਕਰਕੇ ਉਸ ਨੂੰ ਕੁਝ ਪੰਥਕ ਅਤੇ ਸਿਆਸੀ ਦਲਾਂ ਦੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਸੀ ਜਿਸ ਕਰਕੇ ਉਸ ਨੂੰ ਸੋਸ਼ਲ ਮੀਡੀਆ 'ਤੇ ਆ ਕੇ ਅਤੇ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮੁਆਫ਼ੀ ਮੰਗਣੀ ਪਈ ਸੀ। ਸਿੱਧੂ ਆਪਣੇ ਬਾਰੇ ਹਮੇਸ਼ਾ ਆਖਦਾ ਹੁੰਦਾ ਸੀ ''ਦਿਲ ਦਾ ਨੀ ਮਾੜਾ.. ਤੇਰਾ ਸਿੱਧੂ ਮੂਸੇ ਵਾਲਾ''। ਉਹ ਮੰਨਦਾ ਸੀ ਕਿ ਉਹ ਸਾਫ਼ ਦਿਲ ਵਾਲਾ ਅਤੇ ਸੱਚ ਬੋਲਣ ਵਾਲਾ ਇੱਕ ਸਧਾਰਨ ਜਿਹਾ ਪੇਂਡੂ ਬੰਦਾ ਸੀ ਜਿਸ ਨੂੰ ਮੀਡੀਆ ਵੱਲੋਂ ਖ਼ਾਹ-ਮਖ਼ਾਹ ਬਦਨਾਮ ਕੀਤਾ ਗਿਆ ਸੀ। ਉਹ ਆਪਣੇ ਮਾਪਿਆਂ, ਆਪਣੇ ਪਿੰਡ, ਆਪਣੇ ਟਰੈਕਟਰ ਅਤੇ ਆਪਣੇ ਪ੍ਰਸੰਸਕਾਂ ਨੂੰ ਬੇਇੰਤਹਾ ਪਿਆਰ ਕਰਦਾ ਸੀ। ਸਿੱਧੂ ਬੇਖ਼ੌਫ਼ ਸੀ ਤੇ ਬੇਪਰਵਾਹ ਸੀ। ਉਹ ਆਪਣੇ ਨਾਲ ਰੰਜਸ਼ ਰੱਖਣ ਵਾਲੇ ਆਪਣੇ ਹਮਪੇਸ਼ਾ ਕਲਾਕਾਰਾਂ ਅਤੇ ਕਈ ਨਾਮਵਰ ਗੈਂਗਸਟਰਾਂ ਦੀਆਂ ਵੰਗਾਰਾਂ ਦਾ ਹਮੇਸ਼ਾ ਠੋਕਵਾਂ ਜਵਾਬ ਦਿੰਦਾ ਰਿਹਾ ਸੀ। ਉਹ ਕੌੜਾ ਸੱਚ ਬੋਲਣ ਦਾ ਜਿਗਰਾ ਰੱਖਦਾ ਸੀ ਤੇ ਸੱਚ ਬੋਲਣ ਦੇ ਇਵਜ਼ ਵਿੱਚ ਜਾਨ ਚਲੇ ਜਾਣ ਤੋਂ ਵੀ ਭੋਰਾ ਨਹੀਂ ਡਰਦਾ ਸੀ।

ਸਿੱਧੂ ਮੂਸੇ ਵਾਲੇ ਨੇ 12 ਸਤੰਬਰ, ਸੰਨ 2021 ਨੂੰ ਲੰਦਨ ਵਿਖੇ ਹੋਏ 'ਵਾਇਰਲੈੱਸ ਫ਼ੈਸਟੀਵਲ' ਵਿੱਚ ਆਪਣੇ ਗੀਤਾਂ ਦੀ ਪੇਸ਼ਕਾਰੀ ਕੀਤੀ ਸੀ ਤੇ ਉਕਤ ਮੇਲੇ ਵਿੱਚ ਪੇਸ਼ਕਾਰੀ ਕਰਨ ਵਾਲਾ ਪਹਿਲਾ ਭਾਰਤੀ ਹੋਣ ਦਾ ਮਾਣ ਉਸ ਨੂੰ ਹਾਸਲ ਹੋਇਆ ਸੀ। ਵਿਦੇਸ਼ ਬੈਠੇ ਗੈਂਗਸਟਰਾਂ ਦੇ ਇਸ਼ਾਰੇ 'ਤੇ ਬੇਰਹਿਮੀ ਨਾਲ ਕਤਲ ਕਰ ਦਿੱਤੇ ਗਏ ਸਿੱਧੂ ਦੇ ਮਾਪੇ ਸਰਕਾਰਾਂ ਤੋਂ ਲਗਾਤਾਰ ਇਨਸਾਫ਼ ਦੀ ਮੰਗ ਕਰਦੇ ਹੋਏ ਉਸ ਦੇ ਕਾਤਲਾਂ ਨੂੰ ਫੜ ਕੇ ਫਾਂਸੀ 'ਤੇ ਲਟਕਾਏ ਜਾਣ ਦੀ ਗੱਲ ਕਰਦੇ ਹਨ ਪਰ ਅਫ਼ਸੋਸ ਹੈ ਕਿ ਉਸ ਦੀ ਮੌਤ ਤੋਂ ਇਕ ਸਾਲ ਬਾਅਦ ਵੀ ਉਸ ਦੇ ਅਸਲ ਕਾਤਿਲ ਸ਼ਰੇਆਮ ਘੁੰਮ ਰਹੇ ਹਨ ਤੇ ਇਹ ਗੱਲ ਸਿੱਧੂ ਦੇ ਮਾਪਿਆਂ ਤੇ ਚਾਹੁਣ ਵਾਲਿਆਂ ਨੂੰ ਨਾਸੂਰ ਬਣ ਕੇ ਚੁੱਭ ਰਹੀ ਹੈ।

ਬੜੀ ਹੀ ਹੈਰਾਨੀ ਦੀ ਗੱਲ ਹੈ ਕਿ ਸਿੱਧੂ ਮੂਸੇ ਵਾਲਾ ਜਿਸ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਗਾਇਕ 'ਟੂਪਾਕ ਸ਼ਕੂਰ ' ਦਾ ਫ਼ੈਨ ਸੀ, ਉਸ ਦੇ ਵਾਂਗ ਹੀ ਗੱਡੀ ਵਿੱਚ ਬੈਠੇ ਹੋਏ ਨੂੰ ਸਿੱਧੂ ਨੂੰ ਵੀ ਸਰ੍ਹੇ-ਬਾਜ਼ਾਰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਟੂਪਾਕ ਵਾਂਗ ਹੀ ਸਿੱਧੂ ਦੀ ਬਾਂਹ, ਪੱਟ, ਛਾਤੀ ਅਤੇ ਫ਼ੇਫੜੇ ਵਿੱਚ ਗੋਲੀਆਂ ਵੱਜੀਆਂ ਸਨ ਤੇ ਹੱਤਿਆ ਸਮੇਂ ਟੂਪਾਕ ਵਾਂਗ ਹੀ ਉਸ ਦੇ ਸੁਰੱਖਿਆ ਗਾਰਡ ਵੀ ਉਸ ਦੇ ਨਾਲ ਨਹੀਂ ਸਨ। ਟੂਪਾਕ ਨੂੰ ਸ਼ਰਧਾਂਜਲੀ ਦਿੰਦਿਆਂ ਸਿੱਧੂ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ 'ਚ ਗਾਇਆ ਸੀ- ''ਚੋਬਰ ਦੇ ਚਿਹਰੇ 'ਤੇ ਨੂਰ ਦੱਸਦਾ,ਇਹਦਾ ਉੱਠੂਗਾ ਜਵਾਨੀ 'ਚ ਜਨਾਜ਼ਾ ਮਿੱਠੀਏ''। ਆਪਣੇ ਇਕ ਹੋਰ ਗੀਤ ''ਸੈਲੀਬ੍ਰਿਟੀ ਕਿੱਲਰ'' ਦੀ ਇਕ ਸਤਰ ਵਿੱਚ ਉਸ ਨੇ ਲਿਖਿਆ ਸੀ '' ਰਾਈਟ ਵਿੱਡੋ ਬੋਨਟ 'ਤੇ ਵੱਜੇ ਹੋਏ ਆ ਜਿਸ ਦੇ ਫਾਇਰ '' । ਸਿੱਧੂ ਦੇ ਇਨ੍ਹਾਂ ਦੋਵਾਂ ਗੀਤ ਦੇ ਬੋਲ ਉਸ ਦੇ ਆਪਣੇ ਲਈ ਵੀ ਅੱਖਰ-ਅੱਖਰ ਸੱਚ ਹੋ ਨਿੱਬੜੇ ਸਨ ਤੇ ਉਹ ਭਰ ਜਵਾਨੀ 'ਚ ਇਸ ਫ਼ਾਨੀ ਜਹਾਨ ਤੋਂ ਸਦਾ ਲਈ ਟੁਰ ਗਿਆ ਸੀ ।

# ਪੰਜਾਬੀਆਂ 'ਚ ਵਿਖਾਵੇਬਾਜ਼ੀ ਦਾ ਵਧਦਾ ਰੁਝਾਨ

ਹੀ ਨਹੀਂ ਚੱਲਦਾ ਕਦੋਂ ਇਹ ਰਸਮ ਹੋ ਗਈ ਹੈ। ਖਾਊ ਪੀਊ ਸੱਭਿਆਚਾਰ ਸਾਡੇ ਮਨਾਂ 'ਤੇ ਹਾਵੀ ਹੋ ਚੁੱਕਿਆ ਹੈ। ਸਿਰਫ਼ ਚੰਦ ਪਲਾਂ ਦੀ ਝੂਠੀ ਖ਼ੁਸ਼ੀ ਨੂੰ ਅਸੀਂ ਅਨੰਦ ਸਮਝਣ ਦਾ ਵਹਿਮ ਪਾਲ ਬੈਠੇ ਹਾਂ।

ਫ਼ਜ਼ੂਲ ਖ਼ਰਚੀ ਦਾ ਸਬੰਧ ਸਿਰਫ਼ ਖ਼ੁਸ਼ੀ ਨਾਲ ਹੀ ਨਹੀਂ ਹੈ ਸਗੋਂ ਗ਼ਮੀ ਵਿੱਚ ਵੀ ਫ਼ਜ਼ੂਲ ਖ਼ਰਚੀ ਘੱਟ ਨਹੀਂ ਕੀਤੀ ਜਾਂਦੀ।ਜ਼ਮਾਨਾ ਚਾਹੇ ਬਦਲ ਗਿਆ ਹੈ ਪਰ ਮਰਨੇ ਆਦਿ ਰਸਮਾਂ 'ਤੇ ਕਾਫ਼ੀ ਖ਼ਰਚ ਕੀਤਾ ਜਾ ਦਾ ਹੈ। ਬਜ਼ੁਰਗਾਂ ਨੂੰ ਵੱਡਾ ਕਰਨ ਦੇ ਨਾਂਅ 'ਤੇ ਜਲੇਬੀਆਂ ਜਾਂ ਹੋਰ ਪਕਵਾਨਾਂ ਨਾਲ ਲੋਕਾਂ ਦੀ ਖ਼ਿਦਮਤ ਕੀਤੀ ਜਾਂਦੀ ਹੈ। ਇਹ ਕੌੜਾ ਸੱਚ ਹੈ ਜਿਸ ਬਜ਼ੁਰਗ ਨੂੰ ਵੱਡਾ ਕੀਤਾ ਜਾ ਦਾ ਹੈ ਅਕਸਰ ਹੀ ਉਸ ਦੀ ਔਲਾਦ ਨੇ ਉਸ ਨੂੰ ਠੋਕਰਾਂ ਮਾਰੀਆਂ ਹੁੰਦੀਆਂ ਹਨ ਅਤੇ ਸਿਰਫ਼ ਸ਼ਰੀਕੇ 'ਚ ਧੌਂਸ ਰੱਖਣ ਲਈ ਅਜਿਹਾ ਕੀਤਾ ਜਾ ਦਾ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਅੱਜ ਬਿਰਧ ਆਸ਼ਰਮ ਸਾਡੇ ਸਮਾਜ ਦੇ ਮੱਥੇ 'ਤੇ ਕਲੰਕ ਨਾ ਬਣਦੇ। ਅਜੋਕੇ ਅਗਾਂਹਵਧੂ ਤੇ ਪੜ੍ਹੇ ਲਿਖੇ ਜ਼ਿਆਦਾਤਰ ਲੋਕਾਂ ਨੇ ਆਪਣੇ ਬਜ਼ੁਰਗਾਂ ਨੂੰ ਘਰ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਆਪਣੇ ਆਪ ਨੂੰ ਪਾਕ ਸਾਫ਼ ਦੱਸਣ ਲਈ ਲੋਕ ਉਨ੍ਹਾਂ ਬਜ਼ੁਰਗਾਂ ਦੇ ਮਰਨੇ 'ਤੇ ਇਹ ਲੋਕ ਫ਼ਜ਼ੂਲ ਖ਼ਰਚੀ ਕਰਦੇ ਹਨ।ਆਖ਼ਿਰ ਸਮਾਜ ਕਿਸ ਪਾਸੇ ਨੂੰ ਤੁਰ ਪਿਆ ਹੈ। ਇਹ ਸਦੀਵੀ ਸੱਚ ਹੈ ਅਗਰ ਅਸੀਂ ਆਪਣੇ ਮਾਪਿਆਂ ਦਾ ਕਹਿਣਾ ਨਹੀਂ ਮੰਨਦੇ ਤੇ ਬਣਦਾ ਸਤਿਕਾਰ ਨਹੀਂ ਦਿੰਦੇ ਤਾਂ ਸਾਨੂੰ ਆਪਣੀ ਆਉਣ ਵਾਲੀ ਪੀੜ੍ਹੀ ਤੋਂ ਸਤਿਕਾਰ ਦੀ ਆਸ ਛੱਡ ਦੇਣੀ ਚਾਹੀਦੀ ਹੈ।

ਇਸ ਵਿਖਾਵੇਬਾਜ਼ੀ ਵਿੱਚ ਪੰਜਾਬੀ ਲੋਕ ਸਭ ਤੋਂ ਅੱਗੇ ਹਨ ਅਤੇ ਸਮਾਜ 'ਚ ਨੱਕ ਰੱਖਣ ਲਈ ਆਪਣੀ ਹੈਸੀਅਤ ਤੋਂ ਕਿਤੇ ਜ਼ਿਆਦਾ ਖ਼ਰਚਾ ਕਰਦੇ ਹਨ ਅਤੇ ਜਦ ਮੱਧਵਰਗੀ ਪਰਿਵਾਰ ਲਈ ਉਸ ਕਰਜ਼ੇ ਦੀ ਅਦਾਇਗੀ ਮੁਸ਼ਕਿਲ ਬਣਦੀ ਹੈ ਤਾਂ ਖ਼ੁਦਕੁਸ਼ੀਆਂ ਦਾ ਪੱਲਾ ਫੜਨਾ ਮਜਬੂਰੀ ਹੋ ਨਿੱਬੜਦੀ ਹੈ। ਆਖ਼ਿਰ ਕਿਉਂ ਅਜਿਹੀ ਫੋਕੀ ਸ਼ਾਨ ਲਈ ਅਡੰਬਰ ਰਚਿਆ ਜਾ ਦਾ ਹੈ ਤੇ ਫਿਰ ਉਹ ਨੱਕ ਕਿੱਥੇ ਚਲਿਆ ਜਾ ਦਾ ਹੈ ਜਦ ਕਰਜ਼ੇ ਦੀ ਮਾਰ ਕਾਰਨ ਖ਼ੁਦਕੁਸ਼ੀ ਅਖ਼ਬਾਰਾਂ ਦੇ ਪੰਨੇ ਕਾਲੇ ਕਰਦੀ ਹੈ। ਸਾਡੇ ਸਮਾਜ ਨੂੰ ਅਜਿਹੀਆਂ ਫ਼ਾਲਤੂ ਗੱਲਾਂ ਤੋਂ ਹਰ ਹੀਲੇ ਉੱਪਰ ਉੱਠਣ ਦੀ ਲੋੜ ਹੈ।

ਸਾਡੇ ਰੀਤੀ ਰਿਵਾਜ ਸੰਸਕਾਰ ਜੋ ਸਾਨੂੰ ਸਾਡੇ ਪੂਰਵਜਾਂ ਤੋਂ ਮਿਲੇ ਹਨ ਉਹ ਬੜੇ ਮਹਾਨ ਹਨ ਜੋ ਸਾਨੂੰ ਭਾਈਚਾਰਕ ਬੰਧਨਾਂ 'ਚ ਬੰਨ੍ਹਦੇ ਹਨ। ਅਜੋਕੇ ਸਮੇਂ ਦੀ ਇਹ ਪੁਰਜ਼ੋਰ ਮੰਗ ਹੈ ਕਿ ਅਸੀਂ ਆਪਣੇ ਅਖੌਤੀ ਰੀਤੀ ਰਿਵਾਜਾਂ ਦੇ ਉੱਪਰ ਫ਼ਜ਼ੂਲ ਖ਼ਰਚੀ ਨੂੰ ਹਰ ਹੀਲੇ ਬੰਦ ਕਰੀਏ। ਕੌਮੀ ਨਮੂਨਾ ਸਰਵੇਖਣ ਸੰਗਠਨ ਅਨੁਸਾਰ ਦੇਸ਼ ਦੇ 52 ਫ਼ੀਸਦੀ ਕਿਸਾਨ ਕਰਜ਼ਾਈ ਹਨ ਅਤੇ ਪੰਜਾਬ ਦੇ 53 ਫ਼ੀਸਦੀ ਕਿਸਾਨ ਕਰਜ਼ੇ ਦੇ ਬੋਝ ਹੇਠਾਂ ਦੱਬੇ ਹੋਏ ਹਨ।ਇੱਕ ਤਾਜ਼ਾ ਸਰਵੇਖਣ ਅਨੁਸਾਰ ਪੰਜਾਬ ਦੇ 10.53 ਲੱਖ ਲੋਕਾਂ 'ਚੋਂ 89 ਫ਼ੀਸਦੀ ਲੋਕ ਕਰਜ਼ਾਈ ਹਨ ਅਤੇ ਹਰ ਪਿੰਡ ਵਾਸੀ ਦੇ ਸਿਰ ਅੱਠ ਲੱਖ ਦਾ ਕਰਜ਼ਾ ਹੈ। ਇਸ ਵੇਲੇ ਪੰਜਾਬ ਦੇ ਕਿਸਾਨਾਂ ਸਿਰ 80000 ਕਰੋੜ ਰੁਪਏ ਹੈ ਜੋ 2009-10 ਵਿੱਚ 35000 ਕਰੋੜ ਰੁਪਏ ਸੀ। ਸਰਵੇਖਣ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਖ਼ੁਦਕੁਸ਼ੀ ਕਰਨ ਵਾਲੇ 79 ਫ਼ੀਸਦੀ ਕਿਸਾਨ ਪੰਜ ਏਕੜ ਤੋਂ ਵੀ ਘੱਟ ਜ਼ਮੀਨ ਦੇ ਮਾਲਕ ਹਨ ਅਤੇ ਇਹ ਖ਼ੁਦਕੁਸ਼ੀਆਂ ਬੇਤਹਾਸ਼ਾ ਕਰਜ਼ੇ ਕਾਰਨ ਹੋਈਆਂ ਹਨ। ਸੂਬੇ ਦੇ 74 ਫ਼ੀਸਦੀ ਕਿਸਾਨਾਂ ਅਤੇ 58.6 ਫ਼ੀਸਦੀ ਮਜ਼ਦੂਰਾਂ ਨੇ ਖ਼ੁਦਕੁਸ਼ੀ ਕਰਜ਼ੇ ਕਾਰਨ ਕੀਤੀ ਹੈ। ਸਮਾਜ 'ਚ ਹੋਈ ਉੱਥਲ ਪੁੱਥਲ ਨੂੰ ਠੱਲ੍ਹ ਪਾਉਣ ਲਈ ਸਾਨੂੰ ਅਖੌਤੀ ਰੀਤੀ ਰਿਵਾਜ ਤਿਆਗਣੇ ਪੈਣਗੇ। ਫ਼ਜ਼ੂਲ ਖ਼ਰਚੀ ਨੂੰ ਬੰਦ ਕਰਕੇ ਇਸ ਪੈਸੇ ਦਾ ਸਾਰਥਿਕ ਉਪਯੋਗ ਕੀਤਾ ਜਾਵੇ। ਦੇਸ਼ ਦੇ 21 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ ਤੇ ਮੁਲਕ ਦੇ 40 ਫ਼ੀਸਦੀ ਬੱਚੇ ਕੁਪੋਸ਼ਿਤ ਹਨ। ਗ਼ਰੀਬੀ ਕਾਰਨ ਸਾਡੇ ਦੇਸ਼ ਦੇ 1.40 ਕਰੋੜ ਲੋਕ ਬੰਧੂਆ ਵਰਗੀ ਗ਼ੁਲਾਮੀ ਦਾ ਜੀਵਨ ਬਿਤਾ ਰਹੇ ਹਨ। ਗ਼ਰੀਬੀ ਕਾਰਨ ਲਾਇਕ ਬੱਚੇ ਪੜ੍ਹਾਈ ਛੱਡਣ ਲਈ ਮਜਬੂਰ ਹਨ। ਇਨ੍ਹਾਂ ਲੋਕਾਂ ਦੀ ਮਦਦ ਕਰਕੇ ਪੈਸੇ ਦੀ ਵਰਤੋਂ ਸਾਰਥਿਕ ਹੋ ਸਕਦੀ ਹੈ। ਸਰਦੀ, ਬਿਮਾਰੀਆਂ ਕਾਰਨ ਹਰ ਰੋਜ਼ ਸਾਡੇ ਨੇੜੇ ਤੇੜੇ ਕਿੰਨੇ ਲੋਕ ਮਰਦੇ ਹਨ ਪਰ ਫਿਰ ਵੀ ਸਾਡੀ ਇਨਸਾਨੀਅਤ ਨਹੀਂ ਜਾਗਦੀ। ਸੋ ਇਹ ਜ਼ਰੂਰੀ ਹੈ ਕਿ ਰੀਤੀ ਰਿਵਾਜਾਂ ਦੇ ਨਾਂਅ 'ਤੇ ਜੋ ਫ਼ਜ਼ੂਲ ਖ਼ਰਚੀ ਹੋ ਰਹੀ ਹੈ ਉਸ ਨੂੰ ਸਮਾਜ ਬੰਦ ਕਰੇ।

# ਨਿੱਕੀਆਂ ਗੱਲਾਂ ਵੱਡੇ ਰੋਗ

ਵੀ ਵਸ ਗਿਆ, ਪਰਿਵਾਰ ਫਿਰ ਤੋਂ ਖ਼ੁਸ਼ਹਾਲ ਅਤੇ ਰੌਣਕਾਂ ਭਰਪੂਰ ਹੋ ਗਿਆ। ਜੇ ਮੁੰਡੇ ਦਾ ਪਿਓ ਉਸ ਸਮੱਸਿਆ ਨੂੰ ਇੱਕ ਸਮਾਜਿਕ ਵਰਤਾਰਾ ਸਮਝ ਕੇ ਕੋਈ ਹੱਲ ਕੱਢਣ ਦੀ ਕੋਸ਼ਿਸ਼ ਕਰਦਾ ਤਾਂ ਉਹ ਵੀ ਆਪਣੇ ਇਸ ਖ਼ੁਸ਼ਹਾਲ ਪਰਿਵਾਰ ਦਾ ਬਹੁਤ ਲੰਮੇ ਸਮੇਂ ਤੱਕ ਹਿੱਸਾ ਬਣ ਕੇ ਆਨੰਦ ਮਾਣ ਸਕਦਾ ਸੀ। ਇਸੇ ਤਰ੍ਹਾਂ ਕਈ ਲੋਕਾਂ ਨੂੰ ਕੋਈ ਨਿੱਕਾ ਜਿਹਾ ਸਰੀਰਕ ਕਸ਼ਟ ਵੀ ਵੱਡਾ ਲੱਗ ਰਿਹਾ ਹੁੰਦਾ ਹੈ ਤੇ ਉਸ ਨੂੰ ਸਾਰੀ ਦੁਨੀਆ ਕੋਲ ਡੌਂਡੀ ਪਿੱਟ ਪਿੱਟ ਕੇ ਵੱਡਾ ਰੋਗ ਬਣਾ ਲੈਂਦੇ ਹਨ ਤੇ ਕਈ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਨਾਲ ਵੀ ਹੱਸਦੇ ਹੱਸਦੇ ਮੁਕਾਬਲਾ ਕਰਕੇ ਉਸ ਨੂੰ ਹਰਾ ਦਿੰਦੇ ਹਨ। ਇਹ ਗੱਲ ਤਾਂ ਮਨੋਵਿਗਿਆਨਕਾਂ ਨੇ ਵੀ ਸਿੱਧ ਕਰ ਦਿੱਤੀ ਹੈ ਕਿ ਅਸੀਂ ਮਨ ਵਿੱਚੋਂ ਜਿਹੋ ਜਿਹੀਆਂ ਭਾਵਨਾਵਾਂ ਪੈਦਾ ਕਰਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਨ ਵਿੱਚ ਤਰੰਗਾਂ ਫੈਲਾਉਂਦੇ ਹਾਂ, ਉਹੋ ਜਿਹਾ ਹੀ ਸਾਡੇ ਆਲੇ ਦੁਆਲੇ ਦਾ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹੀ ਤਰੰਗਾਂ ਵਾਪਸ ਸਾਡੇ ਕੋਲ ਵਾਪਸ ਆਉਂਦੀਆਂ ਹਨ। ਫਿਰ ਮਨ ਵਿੱਚ ਚੰਗੀ ਸੋਚ ਪੈਦਾ ਕਰਕੇ ਆਪਣੇ ਆਲੇ ਦੁਆਲੇ ਚੰਗਾ ਵਾਤਾਵਰਨ ਹੀ ਕਿਉਂ ਨਾ ਸਿਰਜਿਆ ਜਾਵੇ?

ਇਹੋ ਜਿਹੀਆਂ ਰਲਵੀਆਂ ਮਿਲਵੀਆਂ ਸਮੱਸਿਆਵਾਂ ਵਿੱਚੋਂ ਅੱਜ ਦਾ ਨੌਜਵਾਨ ਗੁਜ਼ਰ ਰਿਹਾ ਹੈ। ਸਿੱਟਾ ਆਪਣੇ ਸਭ ਦੇ ਸਾਹਮਣੇ ਹੈ। ਕੋਈ ਨਸ਼ਿਆਂ ਦਾ ਆਦੀ ਹੋ ਰਿਹਾ ਹੈ, ਕੋਈ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਰਿਹਾ ਹੈ, ਕੋਈ ਆਪਣੇ ਪਰਿਵਾਰ ਤੋਂ ਬਾਗ਼ੀ ਹੋ ਰਿਹਾ ਹੈ। ਅੱਜਕੱਲ ਜ਼ਿਆਦਾਤਰ ਮਾਪੇ ਸਕੂਲੀ ਸਮੇਂ ਤੋਂ ਹੀ ਬੱਚਿਆਂ ਦੀ ਦਸ ਵਰ੍ਹੇ ਬਾਅਦ ਆਉਣ ਵਾਲੀ ਜ਼ਿੰਦਗੀ ਪ੍ਰਤੀ ਇਹੋ ਜਿਹਾ ਨਜ਼ਰੀਆ ਰੱਖ ਕੇ ਮਾਹੌਲ ਸਿਰਜਦੇ ਹਨ ਕਿ ਉਨ੍ਹਾਂ ਨੂੰ ਹਰ ਵੇਲੇ ਆਉਣ ਵਾਲੇ ਸਮੇਂ ਦੀ ਦੁਹਾਈ ਦਿੰਦੇ ਹੋਏ ਅਕਸਰ ਇਹ ਆਖਦੇ ਸੁਣਦੇ ਹਾਂ ਕਿ ਉਨ੍ਹਾਂ ਦਾ ਭਵਿੱਖ ਬਹੁਤ ਮੁਸੀਬਤਾਂ ਤੇ ਚੁਣੌਤੀਆਂ ਭਰਪੂਰ ਹੈ, ਮੁਕਾਬਲੇ ਦਾ ਜ਼ਮਾਨਾ ਹੈ, ਜੇ ਹੁਣੇ ਮਿਹਨਤ ਨਾ ਕੀਤੀ ਤਾਂ ਉਨ੍ਹਾਂ ਦਾ ਭਵਿੱਖ ਚੰਗਾ ਨਹੀਂ ਹੋਵੇਗਾ। ਆਪਣੇ ਵੱਲੋਂ ਉਹ ਬੱਚੇ ਦੀ ਭਲਾਈ ਕਰ ਰਹੇ ਹੁੰਦੇ ਹਨ, ਪਰ ਇਸ ਤਰ੍ਹਾਂ ਕਰਕੇ ਉਹ ਬੱਚਿਆਂ ਦੀਆਂ ਕੋਮਲ ਭਾਵਨਾਵਾਂ ਨੂੰ ਨਾ ਸਮਝਦੇ ਹੋਏ ਅੱਜ ਦੇ ਸਮੇਂ ਨੂੰ ਬਿਹਤਰ ਬਣਾਉਣ ਲਈ ਪ੍ਰੇਰਿਤ ਕਰਨ ਦੀ ਥਾਂ ਉਨ੍ਹਾਂ ਦੇ ਮਨ ਵਿੱਚ ਆਉਣ ਵਾਲੇ ਸਮੇਂ ਨੂੰ ਇੱਕ ਡਰਾਉਣਾ ਭੂਤ ਬਣਾ ਕੇ ਵਸਾ ਦਿੰਦੇ ਹਨ। ਜਿਸ ਨਾਲ ਉਨ੍ਹਾਂ ਦੇ ਮਨ ਵਿੱਚ ਉਹੋ ਜਿਹਾ ਹੀ ਵਾਤਾਵਰਨ ਸਿਰਜਿਆ ਜਾਂਦਾ ਹੈ ਤੇ ਉਹ ਭਵਿੱਖ ਨੂੰ ਲੈ ਕੇ ਆਪਣੇ ਮਨ ਵਿੱਚ ਇੱਕ ਨਕਾਰਾਤਮਕ ਰਵੱਈਆ ਸਿਰਜ ਲੈਂਦਾ ਹੈ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ।

ਸੋ ਜ਼ਿੰਦਗੀ ਨੂੰ ਮੁੱਲਵਾਨ ਬਣਾਉਣ ਲਈ ਆਪਣੇ ਆਉਣ ਵਾਲੇ ਸਮੇਂ ਪ੍ਰਤੀ ਨਾਂਹ ਪੱਖੀ ਸੋਚ ਤੋਂ ਕਿਨਾਰਾ ਕਰਦੇ ਹੋਏ ਆਪਣੇ ਅੰਦਰ ਅਤੇ ਆਲੇ ਦੁਆਲੇ ਇੱਕ ਸਕਾਰਾਤਮਕ ਊਰਜਾ ਪੈਦਾ ਕਰਨੀ ਚਾਹੀਦੀ ਹੈ, ਚਾਹੇ ਮਨੁੱਖ ਕਿੰਨੇ ਵੀ ਕਸ਼ਟਮਈ ਸਮੇਂ ਵਿੱਚੋਂ ਹੀ ਕਿਉਂ ਨਾ ਗੁਜ਼ਰ ਰਿਹਾ ਹੋਵੇ। ਸਕਾਰਾਤਮਕ ਸੋਚ ਅਤੇ ਉਸ ਵਿੱਚੋਂ ਪੈਦਾ ਹੋਣ ਵਾਲੀ ਊਰਜਾ ਜਿੱਥੇ ਮਨੁੱਖ ਨੂੰ ਜ਼ਿੰਦਾ ਦਿਲ ਇਨਸਾਨ ਬਣਾਉਂਦੀ ਹੈ, ਉੱਥੇ ਹੀ ਉਸ ਨੂੰ ਵੱਡੀਆਂ ਵੱਡੀਆਂ ਮੁਸ਼ਕਲਾਂ ਨੂੰ ਹਰਾਉਣ ਦੇ ਯੋਗ ਵੀ ਬਣਾਉਂਦੀ ਹੈ।

ਸੰਪਰਕ: 99889-01324

# ਇਮਾਨਦਾਰੀ ਦੀ ਸਜ਼ਾ

**ਮਨੋਰਮਾ ਪੰਤ**

ਉਹ ਪੰਜ ਮਹੀਨਿਆਂ ਤੋਂ ਆਪਣੇ ਦਫ਼ਤਰ ਦੇ ਚੱਕਰ ਲਾ ਰਹੇ ਹਨ, ਪਰ ਪੈਨਸ਼ਨ ਦੀ ਫ਼ਾਈਲ ਅੱਗੇ ਖਿਸਕ ਹੀ ਨਹੀਂ ਰਹੀ ਸੀ। ਸੇਵਾਮੁਕਤੀ ਪਿੱਛੋਂ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਪੈਨਸ਼ਨ ਤੁਰੰਤ ਸ਼ੁਰੂ ਹੋ ਜਾਵੇਗੀ। ਪੂਰੀ ਨੌਕਰੀ ਇਮਾਨਦਾਰੀ ਨਾਲ ਜੋ ਕੀਤੀ ਹੈ। ਦਫ਼ਤਰ ਦੇ ਗੇੜੇ ਕੱਢ-ਕੱਢ ਕੇ ਉਹ ਥੱਕ ਚੁੱਕੇ ਹਨ। ਉਹ ਜਾਣਨਾ ਚਾਹੁੰਦੇ ਸਨ ਕਿ ਇਸ ਦਾ ਕਾਰਨ ਕੀ ਹੈ। ਆਪਣੇ ਸਵੈਮਾਨ ਨੂੰ ਭੁੱਲ ਕੇ ਅੱਜ ਵੱਡੇ ਬਾਬੂ ਕੋਲ ਆ ਗਏ। ਉਸ ਤੋਂ ਕਾਰਨ ਪੁੱਛਿਆਂ ਤਾਂ ਉਸ ਨੇ ਕੋਈ ਲੜ-ਸਿਰਾ ਨਾ ਫੜਾਇਆ। ਇਹ ਰੁੱਖਾ ਜਵਾਬ ਸੁਣ ਕੇ ਉਹ ਸਾਹਮਣੇ ਉਹ ਗਿੜਗਿੜਾ ਕੇ ਬੋਲੇ, "ਮੇਰਾ ਕੀ ਕਸੂਰ ਹੈ ਕਿ ਮੇਰੀ ਫ਼ਾਈਲ ਅਜੇ ਤੱਕ ਰੁਕੀ ਹੋਈ ਹੈ...।"

ਵੱਡੇ ਬਾਬੂ ਹੱਸ ਕੇ ਬੋਲੇ, "ਬੱਸ ਪੰਜ ਮਹੀਨਿਆਂ 'ਚ ਹੀ ਘਬਰਾ ਗਏ ਓ! ਸਾਲਾਂਬੱਧੀ ਤੁਹਾਡੀ ਇਮਾਨਦਾਰੀ ਕਰਕੇ ਸਾਡਾ ਸਭ ਦਾ ਲੱਖਾਂ ਦਾ ਨੁਕਸਾਨ ਹੋਇਆ ਹੈ। ਇਸੇ ਪੋਸਟ 'ਤੇ ਸੀ ਤੁਸੀਂ, ਰਿਸ਼ਵਤ ਨਹੀਂ ਲੈਂਦੇ ਸੀ। ਇਸ ਲਈ ਟੈਂਡਰ ਪਾਸ ਨਹੀਂ ਕਰਦੇ ਸੀ ਤੁਸੀਂ। ਹੁਣ ਆਪਣੀ ਇਮਾਨਦਾਰੀ ਦੇ ਮਜ਼ੇ ਲਓ! ਤੁਹਾਡੀ ਇਮਾਨਦਾਰੀ ਦੇ ਸਿੱਟੇ ਭੁਗਤਣ ਦੇ ਬਾਵਜੂਦ ਹੁਣ ਇਸ ਕੁਰਸੀ ਦਾ ਮਾਲਕ ਹੋਣ ਨਾਤੇ ਤੁਹਾਡੀ ਕੁਝ ਮਦਦ ਕਰ ਸਕਦਾ ਹਾਂ।" ਉਨ੍ਹਾਂ ਪੁੱਛਿਆ, "ਉਹ ਕਿਸ ਤਰ੍ਹਾਂ?" ਵੱਡੇ ਬਾਬੂ ਨੇ ਬੇਸ਼ਰਮੀ ਨਾਲ ਕਿਹਾ, "ਜੇ ਆਪਣਾ ਗੁੰਝਲਦਾਰ ਕੇਸ ਹੱਲ ਕਰਵਾਉਣਾ ਚਾਹੁੰਦੇ ਹੋ ਤਾਂ ਦਸ ਹਜ਼ਾਰ ਰੁਪਏ ਕੱਢੋ। ਨਹੀਂ ਤਾਂ ਫ਼ਾਈਲ ਨਹੀਂ ਤੁਰੇਗੀ, ਸਮਝ ਗਏ?"

**ਪੰਜਾਬੀ ਰੂਪ: ਪ੍ਰੋ. ਨਵ ਸੰਗੀਤ ਸਿੰਘ**
**ਸੰਪਰਕ: 94176-92015**

# ਮੁਫ਼ਤ ਸਫ਼ਰ

**ਹਰਭਿੰਦਰ ਸਿੰਘ ਸੰਧੂ**

ਕੰਡਕਟਰ ਨੇ ਬੱਸ ਵਿੱਚ ਚੜ੍ਹਦੀ ਹੋਈ ਬੁਜ਼ਰਗ ਮਾਤਾ ਨੂੰ ਦੇਖ ਕੇ ਹੀ ਬੋਲਣਾ ਸ਼ੁਰੂ ਕਰ ਦਿੱਤਾ, "ਇੱਕ ਤਾਂ ਇਨ੍ਹਾਂ ਬੁੱਢੀਆਂ ਨੂੰ ਘਰੇ ਟਿਕਾਅ ਨਹੀਂ ਆਉਂਦਾ, ਰੋਜ਼ ਹੀ ਝੋਲਾ ਚੁੱਕ ਕੇ ਤੁਰ ਪੈਂਦੀਆਂ ਨੇ ਸ਼ਹਿਰ ਨੂੰ। ਇਸ ਮੁਫ਼ਤ ਸਫ਼ਰ ਨੇ ਤਾਂ ਜ਼ਨਾਨੀਆਂ ਨੂੰ...।" ਉਹ ਹੋਰ ਵੀ ਪਤਾ ਨਹੀਂ ਕੀ ਕੀ ਬੋਲਿਆ। ਬਜ਼ੁਰਗ ਔਰਤ ਉਦਾਸ ਚਿਹਰੇ ਨਾਲ ਸੀਟ 'ਤੇ ਬੈਠ ਗਈ, ਪਰ ਬੋਲੀ ਕੁਝ ਨਾ। ਅੱਗੇ ਜਾ ਕੇ ਜਦੋਂ ਉਹ ਬੱਸ ਤੋਂ ਉਤਰੀ ਤਾਂ ਥੱਲੇ ਖੜ੍ਹੇ ਕੰਡਕਟਰ ਦੀ ਬਾਂਹ ਫੜ ਕੇ ਬੋਲੀ, "ਮੇਰਾ ਆਪਣਾ ਕੋਈ ਬੇਟਾ ਨਹੀਂ ਹੈਗਾ, ਮੇਰੇ ਨੌਜਵਾਨ ਭਤੀਜੇ ਦੀ ਮੌਤ ਹੋਗੀ ਏ, ਅੱਜ ਉਸ ਦਾ ਸਸਕਾਰ ਹੈ। ਦੱਸ ਨਾ ਜਾਵਾਂ ਉੱਥੇ ਮੈਂ?" ਬਜ਼ੁਰਗ ਮਾਤਾ ਦੀ ਗੱਲ ਸੁਣ ਕੇ ਕੰਡਕਟਰ ਜਿਵੇਂ ਬੁੱਤ ਹੀ ਹੋ ਗਿਆ ਅਤੇ ਡਰਾਈਵਰ ਬੱਸ ਅੰਦਰੋਂ ਉੱਚੀ ਆਵਾਜ਼ ਮਾਰ ਰਿਹਾ ਸੀ, "ਚੱਲ ਹੁਣ ਚੱਲੀਏ, ਖੜ੍ਹ ਕੇ ਕੀ ਕਰਦੈਂ ਹੁਣ!" ਬਜ਼ੁਰਗ ਮਾਤਾ ਆਪਣੀ ਗੱਲ ਕਹਿ ਕੇ ਦੂਜੀ ਬੱਸ ਚੜ੍ਹਨ ਲਈ ਦੂਰ ਜਾ ਚੁੱਕੀ ਸੀ।

ਸੰਪਰਕ: 97810-81888

## ਸੰਪਾਦਕੀ

# ਦੇਸ਼ ਵਿਚ ਕੋਵਿਡ ਕੇਸਾਂ 'ਚ ਵਾਧਾ

ਪਿਛਲੇ ਹਫ਼ਤੇ ਭਾਰਤ ਵਿੱਚ ਕੋਵਿਡ-19 ਦੇ ਕੇਸਾਂ 'ਚ 1200 ਪ੍ਰਤੀਸ਼ਤ ਦਾ ਅਚਾਨਕ ਵਾਧਾ (ਸਿਰਫ਼ 257 ਤੋਂ ਵਧ ਕੇ 3395 ਹੋਏ ਐਕਟਿਵ ਕੇਸ ਅਤੇ ਇਸ ਸਮੇਂ ਦੌਰਾਨ ਹੋਈ ਕੁਝ ਮਰੀਜ਼ਾਂ ਦੀ ਮੌਤ) ਸਰਸਰੀ ਜਿਹੀ ਨਜ਼ਰ ਨਾਲੋਂ ਕਿਤੇ ਵੱਧ ਧਿਆਨ ਮੰਗਦੀ ਹੈ। ਭਾਰਤੀ ਮੈਡੀਕਲ ਖੋਜ ਕੌਂਸਲ (ਆਈਸੀਐੱਮਆਰ) ਅਤੇ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਭਾਵੇਂ ਜ਼ੋਰ ਦਿੰਦੇ ਹਨ ਕਿ ਓਮੀਕਰੋਨ ਦੇ ਸਰੂਪ ਐੱਲਐੱਫ.7, ਐਕਸਐੱਫਜੀ, ਜੇਐੱਨ.1 ਅਤੇ ਐੱਨਬੀ.1.8.1 ਦੀ ਮੌਜੂਦਾ ਲਹਿਰ ਜ਼ਿਆਦਾਤਰ ਸ਼ਕਤੀਸ਼ਾਲੀ ਨਹੀਂ ਹੁੰਦੀ ਪਰ ਕੇਰਲ, ਮਹਾਰਾਸ਼ਟਰ ਅਤੇ ਦਿੱਲੀ ਵਿੱਚ ਵਾਧੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਭਰੋਸੇ ਦੇ ਬਾਵਜੂਦ ਤਜਰਬੇ ਨੇ ਸਾਨੂੰ ਪਹਿਲਾਂ ਸਿਖਾਇਆ ਹੈ ਕਿ ਸ਼ੁਰੂਆਤੀ ਸੰਕੇਤਾਂ ਨੂੰ ਅਣਗੌਲਿਆਂ ਕਰਨ ਦੀ ਕੀ ਕੀਮਤ ਭੁਗਤਣੀ ਪੈਂਦੀ ਹੈ। ਲਾਗ ਤੇਜ਼ੀ ਨਾਲ ਵਧ ਜਾਂਦੀ ਹੈ ਤੇ ਕਈ ਵਾਰ ਬੇਕਾਬੂ ਹੋ ਜਾਂਦੀ ਹੈ। ਇਸ ਲਈ ਸਾਵਧਾਨੀ ਨਾਲ ਅਗਾਊਂ ਕਾਰਵਾਈ ਜ਼ਰੂਰੀ ਹੈ ਕਿਉਂਕਿ ਹਲਕੇ ਲੱਛਣ ਗੰਭੀਰ ਬਿਮਾਰੀ ਵਿੱਚ ਬਦਲ ਸਕਦੇ ਹਨ। ਰੋਗ ਨਾਲ ਲੜਨ ਦੀ ਸ਼ਕਤੀ ਘਟ ਸਕਦੀ ਹੈ ਤੇ ਸਿਹਤ ਸੰਭਾਲ ਵੀ ਖ਼ਾਸ ਕਰ ਕੇ ਦਿਹਾਤੀ ਇਲਾਕਿਆਂ ਵਿੱਚ ਕਮਜ਼ੋਰ ਹੈ। ਹਾਲਾਂਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਪਰ ਲੋਕਾਂ ਦੇ ਮਨਾਂ 'ਚ ਇਸ ਵੇਲੇ ਜਿਹੜੀ ਅਣਗਹਿਲੀ ਘਰ ਕਰ ਗਈ ਹੈ (ਮਾਸਕ ਪਹਿਨਣਾ ਤੇ ਟੈਸਟਿੰਗ ਨੂੰ ਲਗਭਗ ਭੁੱਲਣਾ), ਉਹ ਜੋਖ਼ਿਮ ਭਰਪੂਰ ਹੈ।

ਜਿਹੜੀ ਗੱਲ ਭਰੋਸਾ ਦੇਣ ਵਾਲੀ ਹੈ, ਉਹ ਇਹ ਹੈ ਕਿ ਆਈਸੀਐੱਮਆਰ ਅਤੇ ਡਬਲਿਊਐੱਚਓ, ਦੋਵਾਂ ਨੇ ਹੀ ਇਹ ਪੁਸ਼ਟੀ ਕੀਤੀ ਹੈ ਕਿ ਮੌਜੂਦਾ ਵੈਕਸੀਨ ਨਵੇਂ ਸਰੂਪਾਂ ਵਿਰੁੱਧ ਅਸਰਦਾਰ ਹਨ। ਖ਼ਾਸ ਤੌਰ 'ਤੇ ਡਬਲਿਊਐੱਚਓ ਨੇ ਇਹ ਦੇਖਦੇ ਹੋਏ ਕਿ ਮੌਜੂਦਾ ਅੰਕੜੇ ਅਜੇ ਲਾਗ ਦੀ ਵਧੀ ਹੋਈ ਗੰਭੀਰਤਾ ਨੂੰ ਨਹੀਂ ਦਰਸਾਉਂਦੇ, ਐੱਲਐੱਫ.7 ਅਤੇ ਐੱਨਬੀ.1.8.1 ਨੂੰ 'ਨਿਗਰਾਨੀ ਅਧੀਨ ਵੇਰੀਐਂਟ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਲੋਕਾਂ ਦੇ ਸਹਿਯੋਗ ਤੋਂ ਬਿਨਾਂ ਵਿਗਿਆਨ ਸਿਰਫ਼ ਐਨਾ ਹੀ ਕਰਨ ਦੇ ਸਮਰੱਥ ਹੈ। ਹੁੰਗਾਰਾ ਹੁਣ ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ ਅਧੀਨ ਨਿਗਰਾਨੀ ਵਧਾਉਣ, ਜੀਨੋਮ-ਸੀਕੁਐਂਸਿੰਗ ਤੇਜ਼ ਕਰਨ ਅਤੇ ਟੈਸਟਿੰਗ ਨੂੰ ਦੁਬਾਰਾ ਪਹੁੰਚਯੋਗ ਬਣਾਉਣ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਪੰਜਾਬ ਦਾ ਟੈਸਟਿੰਗ ਵਧਾਉਣ ਦਾ ਫ਼ੈਸਲਾ ਸਵਾਗਤ ਵਾਲਾ ਕਦਮ ਹੈ, ਕਿਉਂਕਿ ਪਿਛਲੇ ਰੁਝਾਨ ਦੱਸਦੇ ਹਨ ਕਿ ਦਿੱਲੀ ਵਿੱਚ ਵਾਧਾ ਅਕਸਰ ਗੁਆਂਢੀ ਖੇਤਰਾਂ ਵਿੱਚ ਵਾਧੇ ਤੋਂ ਪਹਿਲਾਂ ਹੁੰਦਾ ਹੈ। ਦੂਜੇ ਰਾਜਾਂ ਨੂੰ ਵੀ ਕੇਸਾਂ ਦੀ ਗਿਣਤੀ ਵਧਣ ਦੀ ਉਡੀਕ ਕਰਨ ਦੀ ਬਜਾਏ ਇਹੀ ਪਹੁੰਚ ਅਪਣਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਟੈਸਟਿੰਗ ਵਿੱਚ ਵਾਧਾ ਕਰਨਾ ਚਾਹੀਦਾ ਹੈ ਤਾਂ ਕਿ ਰੋਗ ਨੂੰ ਫੈਲਣ ਤੋਂ ਪਹਿਲਾਂ ਹੀ ਕਾਬੂ ਕੀਤਾ ਜਾ ਸਕੇ।ਇਹ ਚੇਤੇ ਰੱਖਣ ਦੀ ਲੋੜ ਹੈ ਕਿ ਚੌਕਸੀ ਡਰਾਉਣ ਵਾਲੀ ਨਹੀਂ ਹੋਣੀ ਚਾਹੀਦੀ, ਪਰ ਵਾਧੇ ਦੇ ਮੱਦੇਨਜ਼ਰ ਚੁੱਪ ਧਾਰਨਾ ਵੀ ਲਾਪਰਵਾਹੀ ਹੈ। ਜੇਕਰ ਭਾਰਤ ਫੌਰੀ ਕਾਰਵਾਈ ਕਰਦਾ ਹੈ ਤਾਂ ਇਸ ਕੋਲ ਕੋਵਿਡ ਨਾਲ ਨਜਿੱਠਣ ਲਈ ਵਧੇਰੇ ਸਮਾਂ ਹੋਵੇਗਾ। ਯਾਦ ਰੱਖੀਏ ਕਿ ਮਾਸਕ, ਟੈਸਟ ਅਤੇ ਵੈਕਸੀਨ ਅਜੇ ਵੀ ਸਾਡੀ ਸਭ ਤੋਂ ਮਜ਼ਬੂਤ ਢਾਲ ਹਨ।

# ਅਪਰੇਸ਼ਨ ਸਿੰਧੂਰ ਕੋਈ ਤਰੁੱਟੀਹੀਣ, ਸਹਿਜ ਕਾਰਵਾਈ ਨਹੀਂ

ਚੀਫ ਆਫ ਡਿਫੈਂਸ ਸਟਾਫ (ਸੀਡੀਐੱਸ) ਜਨਰਲ ਅਨਿਲ ਚੌਹਾਨ ਨੇ ਸੰਕੇਤ ਕੀਤਾ ਹੈ ਕਿ ਅਪਰੇਸ਼ਨ ਸਿੰਧੂਰ ਕੋਈ ਤਰੁੱਟੀਹੀਣ, ਸਹਿਜ ਕਾਰਵਾਈ ਨਹੀਂ ਸੀ। ਭਾਰਤ ਨੂੰ ਹਵਾਈ ਜਹਾਜ਼ਾਂ ਦਾ ਨੁਕਸਾਨ ਹੋਇਆ। ਇਹ ਅਜਿਹਾ ਤੱਥ ਹੈ ਜਿਸ ਬਾਰੇ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਦੇਸ਼ ਦੀ ਸਿਆਸੀ ਲੀਡਰਸ਼ਿਪ ਟਾਲ-ਮਟੋਲ ਕਰਦੀ ਰਹੀ ਹੈ। ਜਨਰਲ ਅਨਿਲ ਚੌਹਾਨ ਅਨੁਸਾਰ, ਅਸੀਂ ਰਣਨੀਤਕ ਗ਼ਲਤੀਆਂ ਨੂੰ ਸਮਝਣ ਅਤੇ ਤੇਜ਼ੀ ਨਾਲ ਸੁਧਾਰ ਕਰਨ ਦੇ ਯੋਗ ਹੋਏ ਹਾਂ। ਉਨ੍ਹਾਂ ਦਾ ਇਹ ਇਮਾਨਦਾਰ ਇਕਬਾਲ ਅਪਰੇਸ਼ਨ ਸਿੰਧੂਰ ਦੀ ਸਫਲਤਾ ਨੂੰ ਕਿਸੇ ਵੀ ਤਰ੍ਹਾਂ ਘੱਟ ਨਹੀਂ ਕਰਦਾ; ਅਸਲ ਵਿੱਚ ਇਹ ਦਰਸਾਉਂਦਾ ਹੈ ਕਿ ਭਾਰਤ ਦੀਆਂ ਹਥਿਆਰਬੰਦ ਸੈਨਾਵਾਂ ਸ਼ੁਰੂਆਤੀ ਉਲਝਣ ਤੋਂ ਬਿਲਕੁਲ ਵੀ ਨਹੀਂ ਘਬਰਾਈਆਂ, ਬਲਕਿ ਉਹ ਪਾਕਿਸਤਾਨੀ ਇਲਾਕੇ ਦੇ ਧੁਰ ਅੰਦਰ ਗਹਿਰੀ ਸੱਟ ਮਾਰਨ ਅਤੇ ਨੁਕਸਾਨ ਕਰਨ ਲਈ ਝੱਟ ਮੁੜ ਤਕੜੀਆਂ ਹੋ ਗਈਆਂ। ਜਨਰਲ ਚੌਹਾਨ ਨੇ ਇਹ ਦੱਸਣ ਤੋਂ ਤਾਂ ਗੁਰੇਜ਼ ਕੀਤਾ ਹੈ ਕਿ ਕਿੰਨੇ ਭਾਰਤੀ ਜਹਾਜ਼ ਡੇਗੇ ਗਏ ਸਨ, ਉਂਝ ਉਨ੍ਹਾਂ ਪਾਕਿਸਤਾਨ ਦੇ ਉਸ ਦਾਅਵੇ ਨੂੰ 'ਬਿਲਕੁਲ ਗ਼ਲਤ' ਦੱਸਿਆ ਕਿ ਭਾਰਤ ਦੇ ਛੇ ਜਹਾਜ਼ ਸੁੱਟੇ ਗਏ ਸਨ। ਪਾਕਿਸਤਾਨ ਨੇ ਪਹਿਲਾਂ ਭਾਰਤ ਦੇ ਕਈ ਜਹਾਜ਼ ਸੁੱਟਣ ਦਾ ਦਾਅਵਾ ਕੀਤਾ ਸੀ।

ਵਿਰੋਧੀ ਧਿਰ, ਖ਼ਾਸ ਕਰ ਕੇ ਕਾਂਗਰਸ, ਸਰਕਾਰ ਨੂੰ ਵਿਵਾਦ ਵਾਲੇ ਇਸ ਮੁੱਦੇ 'ਤੇ ਸਥਿਤੀ ਸਪੱਸ਼ਟ ਕਰਨ ਦੀ ਲਗਾਤਾਰ ਅਪੀਲ ਕਰਦੀ ਰਹੀ ਹੈ, ਪਰ ਕੋਈ ਫ਼ਾਇਦਾ ਨਹੀਂ ਹੋਇਆ। ਲੰਘੀ 11 ਮਈ ਨੂੰ ਇੱਕ ਮੀਡੀਆ ਕਾਨਫਰੰਸ ਵਿੱਚ ਗੋਲੀਬੰਦੀ ਦੇ ਐਲਾਨ ਤੋਂ ਇੱਕ ਦਿਨ ਬਾਅਦ, ਭਾਰਤੀ ਹਵਾਈ ਸੈਨਾ ਦੇ ਏਅਰ ਅਪਰੇਸ਼ਨ ਦੇ ਡਾਇਰੈਕਟਰ ਜਨਰਲ, ਏਅਰ ਮਾਰਸ਼ਲ ਏ ਕੇ ਭਾਰਤੀ ਨੇ ਸਵੀਕਾਰ ਕੀਤਾ ਸੀ ਕਿ ਨੁਕਸਾਨ ਕਿਸੇ ਵੀ ਲੜਾਈ ਦਾ ਹਿੱਸਾ ਹੁੰਦਾ ਹੈ ਅਤੇ ਭਾਰਤੀ ਹਵਾਈ ਸੈਨਾ ਦੇ ਸਾਰੇ ਪਾਇਲਟ ਸੁਰੱਖਿਅਤ ਘਰ ਪਰਤ ਆਏ ਹਨ। ਉਂਝ, ਉਨ੍ਹਾਂ ਨੇ ਇਸ ਗੱਲ ਨੂੰ ਅੱਗੇ ਨਹੀਂ ਵਧਾਇਆ ਅਤੇ ਉੱਥੇ ਹੀ ਛੱਡ ਦਿੱਤਾ ਅਤੇ ਇਸ ਤਰ੍ਹਾਂ ਜਾਣਕਾਰੀ 'ਤੇ ਪਰਦਾ ਕਾਇਮ ਰੱਖਿਆ। ਇਹ ਸਪੱਸ਼ਟ ਹੈ ਕਿ ਸਰਕਾਰ ਇਨ੍ਹਾਂ ਵੇਰਵਿਆਂ ਨੂੰ ਜਨਤਕ ਕਰਨ ਦੀ ਇਛੁੱਕ ਨਹੀਂ ਹੈ, ਸ਼ਾਇਦ ਇਸ ਡਰੋਂ ਕਿ ਇਹ ਪਹਿਲਗਾਮ ਅਤਿਵਾਦੀ ਹਮਲੇ ਖ਼ਿਲਾਫ਼ ਭਾਰਤ ਦੇ ਜ਼ੋਰਦਾਰ ਜਵਾਬ ਦੀ ਚਮਕ ਨੂੰ ਫਿੱਕਾ ਕਰ ਦੇਵੇਗਾ। ਇਸ ਲਈ ਸਰਕਾਰ ਖੁੱਲ੍ਹ ਕੇ ਜਾਣਕਾਰੀ ਦੇਣ ਤੋਂ ਗੁਰੇਜ਼ ਕਰ ਰਹੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਸ ਦਲੀਲ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਹੈ ਕਿ ਅਪਰੇਸ਼ਨ ਸਿੰਧੂਰ ਦੇਸ਼ ਦੇ ਇਤਿਹਾਸ ਦਾ ਸਭ ਤੋਂ ਵੱਡਾ ਤੇ ਸਭ ਤੋਂ ਸਫਲ ਅਤਿਵਾਦ ਵਿਰੋਧੀ ਅਪਰੇਸ਼ਨ ਹੈ; ਹਾਲਾਂਕਿ, ਕਿਸੇ ਅਸਹਿਜ ਸਚਾਈ ਨੂੰ ਦਬਾਉਣਾ ਪਾਰਦਰਸ਼ਤਾ ਬਾਰੇ ਸਵਾਲ ਖੜ੍ਹੇ ਕਰਦਾ ਹੈ ਤੇ ਚਿੰਤਤ ਕਰਨ ਵਾਲਾ ਵੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਦੇਸ਼ ਨੂੰ ਹੋਏ ਨੁਕਸਾਨ ਬਾਰੇ ਸਪੱਸ਼ਟ ਸ਼ਬਦਾਂ ਵਿੱਚ ਦੱਸੇ ਤੇ ਇਹ ਪਤਾ ਲਾਉਣ ਲਈ ਜਾਂਚ ਕਮੇਟੀ ਬਣਨੀ ਚਾਹੀਦੀ ਹੈ ਕਿ ਕਿਵੇਂ ਤੇ ਕਿਉਂ ਚੀਜ਼ਾਂ ਗ਼ਲਤ ਹੋਈਆਂ। ਇਹ ਯਕੀਨੀ ਤੌਰ 'ਤੇ ਹਥਿਆਰਬੰਦ ਸੈਨਾਵਾਂ ਦੇ ਸਬਕ ਸਿੱਖਣ ਅਤੇ ਦੁਬਾਰਾ ਅਜਿਹਾ ਹੋਣ ਤੋਂ ਰੋਕਣ ਦੇ ਕੰਮ ਆਵੇਗਾ।

# ਪੰਜਾਬ ਸਰਕਾਰ ਵੱਲੋਂ ਜਲਦੀ ਹੀ 1000 ਮੈਡੀਕਲ ਅਫ਼ਸਰਾਂ ਦੀ ਭਰਤੀ ਕੀਤੀ ਜਾਵੇਗੀ : ਰਮਨ ਬਹਿਲ

**ਗੁਰਦਾਸਪੁਰ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਖੇ ਨਵੇਂ ਨਿਯੁਕਤ ਕੀਤੇ 14 ਹਾਊਸ ਸਰਜਨਾਂ ਨੂੰ ਅੱਜ ਦਫ਼ਤਰ ਸਿਵਲ ਸਰਜਨ ਗੁਰਦਾਸਪੁਰ ਵਿਖੇ ਨਿਯੁਕਤੀ ਪੱਤਰ ਦਿੱਤੇ ਹਨ।

ਨਵ ਨਿਯੁਕਤ ਹਾਊਸ ਸਰਜਨਾਂ ਨੂੰ ਵਧਾਈ ਦਿੰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਇਨ੍ਹਾਂ ਹਾਊਸ ਸਰਜਨਾਂ ਦੀ ਨਿਯੁਕਤੀ ਨਾਲ ਮਰੀਜ਼ਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਮਿਆਰੀ ਸਿਹਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਇਹ ਮੈਡੀਕਲ ਅਫ਼ਸਰ ਜ਼ਿਲ੍ਹੇ ਦੇ ਵੱਖ-ਵੱਖ ਹਸਪਤਾਲਾਂ ਵਿਖੇ ਆਪਣੀਆਂ ਸੇਵਾਵਾਂ ਦੇਣਗੇ ਅਤੇ ਜ਼ਰੂਰਤ ਅਨੁਸਾਰ ਇਨ੍ਹਾਂ ਦੇ ਸੇਵਾਕਾਲ ਵਿੱਚ ਵਾਧਾ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਾਊਸ ਸਰਜਨ ਦੀ ਭਰਤੀ ਨਾਲ ਮੈਡੀਕਲ ਅਫ਼ਸਰਾਂ ਦੀ ਕਮੀ ਘੱਟ ਹੋਈ ਹੈ। ਇਸ ਮੌਕੇ ਉਨ੍ਹਾਂ ਨਵ-ਨਿਯੁਕਤ ਹਾਊਸ ਸਰਜਨਾਂ ਨੂੰ ਕਿਹਾ ਕਿ ਉਹ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨੂੰ ਨਿਭਾਉਣ ਅਤੇ ਮੈਡੀਕਲ ਖੇਤਰ ਵਿੱਚ ਆਪਣੀ ਪੇਸ਼ੇਵਾਰਾਨਾ ਪਹੁੰਚ ਨਾਲ ਮਰੀਜ਼ਾਂ ਦੀ ਸੇਵਾ ਕਰਨ। ਇਸ ਮੌਕੇ ਉਨ੍ਹਾਂ ਨਵ ਨਿਯੁਕਤ ਹਾਊਸ ਸਰਜਨਾਂ ਦੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਜਲਦੀ ਹੀ 1000 ਮੈਡੀਕਲ ਅਫ਼ਸਰਾਂ ਦੀ ਭਰਤੀ ਕਰਨ ਜਾ ਰਹੀ ਹੈ। ਇਸ ਭਰਤੀ ਲਈ ਹੁਣ ਤੱਕ 4600 ਦੇ ਕਰੀਬ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਜਲਦੀ ਹੀ ਪ੍ਰਵੇਸ਼ ਪਰੀਖਿਆ ਲਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਭਰਤੀ ਦੇ ਮੁਕੰਮਲ ਹੋਣ ਨਾਲ ਰਾਜ ਵਿੱਚ ਮੈਡੀਕਲ ਅਫ਼ਸਰਾਂ ਦੀ ਕਮੀ ਨਹੀਂ ਰਹੇਗੀ ਅਤੇ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮਿਲਣਗੀਆਂ। ਉਨ੍ਹਾਂ ਕਿਹਾ ਸਿਹਤ ਦਾ ਖੇਤਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸਭ ਤੋਂ ਤਰਜੀਹੀ ਖੇਤਰ ਹੈ ਅਤੇ ਬੀਤੇ ਤਿੰਨ ਸਾਲਾਂ ਵਿੱਚ ਆਪ ਸਰਕਾਰ ਨੇ ਸਿਹਤ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ।

ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਨਵੇਂ ਚੁਣੇ ਹਾਊਸ ਸਰਜਨਾਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਡਾਕਟਰੀ ਪੇਸ਼ਾ ਇੱਕ ਪਵਿੱਤਰ ਪੇਸ਼ਾ ਹੈ ਅਤੇ ਇਸ ਪੇਸ਼ੇ ਦੀ ਪਵਿੱਤਰਤਾ ਬਰਕਰਾਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਊਸ ਸਰਜਨਾਂ ਦੀ ਇਹ ਭਰਤੀ ਨਿਰੋਲ ਮੈਰਿਟ ਦੇ ਅਧਾਰ 'ਤੇ ਕੀਤੀ ਗਈ ਹੈ। ਇਸ ਮੌਕੇ ਏ.ਸੀ.ਐੱਸ ਡਾਕਟਰ ਪ੍ਰਭਜੋਤ ਕੌਰ ਕਲਸੀ, ਸੁਪਰਡੈਂਟ ਸੁਰੇਖਾ ਠਾਕੁਰ, ਮਾਸ ਮੀਡੀਆ ਅਫ਼ਸਰ ਰੁਪਿੰਦਰਜੀਤ ਕੌਰ, ਪੁਸ਼ਪਿੰਦਰ ਕੁਮਾਰ ਆਦਿ ਹਾਜ਼ਰ ਸਨ

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਜਾਰੀ



**ਫਾਜ਼ਿਲਕਾ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਕੱਢੀ ਜਾ ਰਹੀ ਨਸ਼ਾ ਮੁਕਤੀ ਯਾਤਰਾ ਦੇ ਤਹਿਤ ਅੱਜ ਨਵਾਂ ਸਲੇਮ ਸ਼ਾਹ, ਗਾਗਨ ਕੇ ਅਤੇ ਕਾਵਾਂਵਾਲੀ ਵਿੱਚ ਜਾਗਰੂਕਤਾ ਸਮਾਗਮ ਹੋਏ।

ਇਹਨਾਂ ਸਮਾਗਮਾਂ ਵਿੱਚ ਬੋਲਦਿਆਂ ਹਲਕਾ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਜਦੋਂ ਤੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਹੋਈ ਹੈ ਪੰਜਾਬ ਵਿੱਚ 14944 ਨਸ਼ਾ ਤਸ਼ਕਰਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਉਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਨਸ਼ੇ ਵੇਚਣ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਅਜਿਹੇ ਲੋਕਾਂ ਨੂੰ ਜ਼ੇਲ੍ਹਾਂ ਵਿੱਚ ਡੱਕਣ ਦੇ ਨਾਲ ਨਾਲ ਉਹਨਾਂ ਦੇ ਘਰ ਵੀ ਢਾਏ ਜਾ ਰਹੇ ਹਨ।

ਉਹਨਾਂ ਕਿਹਾ ਕਿ ਲੋਕ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਲਈ ਅੱਗੇ ਆ ਰਹੇ ਹਨ ਅਤੇ ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖਦੇ ਹੋਏ ਮਾੜੇ ਅੰਸਰਾਂ ਨੂੰ ਜੇਲਾਂ ਵਿਚ ਭੇਜਿਆ ਜਾ ਰਿਹਾ ਹੈ।

ਵਿਧਾਇਕ ਨੇ ਕਿਹਾ ਕਿ ਨਸ਼ਾ ਵੀ ਇੱਕ ਬਿਮਾਰੀ ਹੈ, ਜਿਸ ਦਾ ਇਲਾਜ ਸੰਭਵ ਹੈ ਅਤੇ ਸਰਕਾਰ ਇਹ ਇਲਾਜ ਮੁਫਤ ਕਰਵਾ ਰਹੀ ਹੈ। ਉਹਨਾਂ ਨੇ ਲੋਕਾਂ ਨੂੰ ਪ੍ਰੇਰਿਤ ਕੀਤਾ ਕਿ ਜੇਕਰ ਕੋਈ ਨਸ਼ੇ ਕਰਦਾ ਹੈ ਤਾਂ ਆਪਣਾ ਇਲਾਜ ਕਰਵਾਏ।

ਉਹਨਾਂ ਨੇ ਇਸ ਮੌਕੇ ਨੌਜਵਾਨਾਂ ਨੂੰ ਯੂਥ ਕਲੱਬ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਅਜਿਹੇ ਯੂਥ ਕਲੱਬਾਂ ਨੂੰ ਖੇਡ ਕਿੱਟਾਂ ਵੀ ਵਿਭਾਗ ਵੱਲੋਂ ਦਿੱਤੀਆਂ ਜਾਣਗੀਆਂ ।

ਉਹਨਾਂ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਸਟੇਡੀਅਮ ਵੀ ਬਣਾਏ ਜਾ ਰਹੇ ਹਨ ਅਤੇ ਸਰਕਾਰ ਵੱਲੋਂ 56 ਹਜਾਰ ਸਰਕਾਰੀ ਨੌਕਰੀਆਂ ਦੇ ਕੇ ਨੌਜਵਾਨਾਂ ਨੂੰ ਰੁਜ਼ਗਾਰ ਨਾਲ ਜੋੜਿਆ ਗਿਆ ਹੈ।

ਇਸ ਮੌਕੇ ਖੁਸ਼ਬੂ ਸਾਵਣ ਸੁੱਖਾ ਸਵਨਾ ਨੇ ਕਿਹਾ ਕਿ ਸਾਡੇ ਨੌਜਵਾਨ ਸਾਡੇ ਸਮਾਜ ਦਾ ਸਰਮਾਇਆ ਹਨ। ਉਹਨਾਂ ਨੇ ਕਿਹਾ ਕਿ ਇਹ ਇੱਕ ਸਮਾਜਿਕ ਜਿੰਮੇਵਾਰੀ ਹੈ ਅਤੇ ਆਪਾਂ ਸਾਰਿਆਂ ਨੇ ਆਪਣੇ ਸਮਾਜ ਨੂੰ ਮਿਲ ਕੇ ਨਸ਼ਾ ਮੁਕਤ ਬਣਾਉਣਾ ਹੈ।

ਇਸ ਦੌਰਾਨ ਉਨਾਂ ਦੇ ਨਾਲ ਚੇਅਰਮੈਨ ਮਾਰਕੀਟ ਕਮੇਟੀ ਪਰਮਜੀਤ ਸਿੰਘ ਨੂਰ ਸ਼ਾਹ, ਸਿੱਖਿਆ ਕੋਆਰਡੀਨੇਟਰ ਸੁਰਿੰਦਰ ਕੰਬੋਜ, ਨਸ਼ਾ ਮੁਕਤੀ ਯਾਤਰਾ ਕੋਆਰਡੀਨੇਟਰ ਰਾਜੇਸ਼ ਖੁਰਾਣਾ, ਕੁਸੁਮ ਲਤਾ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 4 ਦੇ ਸ਼ਿਵ ਸ਼ਕਤੀ ਨਗਰ ਵਿਚ ਸੜਕ ਨਿਰਮਾਣ ਕਾਰਜ ਦਾ ਕੀਤਾ ਉਦਘਾਟਨ



**ਹੁਸ਼ਿਆਰਪੁਰ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 4 ਦੇ ਮਹਾਰਾਣਾ ਪ੍ਰਤਾਪ ਭਵਨ ਨੇੜੇ ਸਥਿਤ ਸ਼ਿਵ ਸ਼ਕਤੀ ਨਗਰ ਵਿਚ 30 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੜਕ ਨਿਰਮਾਣ ਪ੍ਰੋਜੈਕਟ ਦਾ ਰਸਮੀ ਉਦਘਾਟਨ ਕੀਤਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਸੜਕ ਸਥਾਨਕ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਹੋਰ ਅਧੂਰੇ ਵਿਕਾਸ ਕਾਰਜਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।

ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਪੱਸ਼ਟ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਨਿਰਮਾਣ ਕਾਰਜ ਵਿਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਗੁਣਵੱਤਾ ਦੀ ਘਾਟ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਨਤਾ ਦੀਆਂ ਸਹੂਲਤਾਂ ਲਈ ਜਾਰੀ ਕੀਤੇ ਗਏ ਫੰਡਾਂ ਦੀ ਪੂਰੀ ਵਰਤੋਂ ਕੀਤੀ ਜਾਵੇ।

ਉਨ੍ਹਾਂ ਠੇਕੇਦਾਰ ਅਤੇ ਸਬੰਧਤ ਵਿਭਾਗ ਨੂੰ ਨਿਰਧਾਰਿਤ ਸਮਾਂ ਸੀਮਾ ਦੇ ਅੰਦਰ ਸੜਕ ਦਾ ਕੰਮ ਪੂਰਾ ਕਰਨ ਦੇ ਨਿਰਦੇਸ਼ ਦਿੱਤੇ, ਤਾਂ ਜੋ ਲੋਕਾਂ ਨੂੰ ਬਾਰਿਸ਼ਾਂ ਤੋਂ ਪਹਿਲਾਂ ਇਸ ਦਾ ਲਾਭ ਮਿਲ ਸਕੇ।

ਸੜਕ ਨਿਰਮਾਣ ਕਾਰਜ ਸ਼ੁਰੂ ਹੋਣ ਨਾਲ ਸਥਾਨਕ ਨਿਵਾਸੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

ਲੋਕਾਂ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਉਨ੍ਹਾਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਨਾਲ ਬਣਨ ਵਾਲੇ ਸੜਕ ਨਿਰਮਾਣ ਪ੍ਰੋਜੈਕਟ ਦਾ ਰਸਮੀ ਉਦਘਾਟਨ ਕੀਤਾ।

ਵਿਧਾਇਕ ਜਿੰਪਾ ਨੇ ਕਿਹਾ ਕਿ ਇਹ ਸੜਕ ਸਥਾਨਕ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਸੀ, ਜਿਸ ਨੂੰ ਹੁਣ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਹੋਰ ਅਧੂਰੇ ਵਿਕਾਸ ਕਾਰਜਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।ਇਸ ਮੌਕੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸਪੱਸ਼ਟ ਸ਼ਬਦਾਂ ਵਿੱਚਅਤੇ ਇਲਾਕੇ ਦੇ ਸਮੁੱਚੇ ਵਿਕਾਸ ਨੂੰ ਵੀ ਯਕੀਨੀ ਬਣਾਇਆ ਜਾਵੇਗਾ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਡਿਪਟੀ ਮੇਅਰ ਰਣਜੀਤ ਚੌਧਰੀ, ਸੁਮੇਸ਼ ਸੋਨੀ, ਵਰਿੰਦਰ ਵੈਦਿਆ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਨਸ਼ਾ ਮੁਕਤੀ ਯਾਤਰਾ ਵੱਖ-ਵੱਖ ਪਿੰਡਾਂ ਤੋਂ ਹੁੰਦੀ ਹੋਈ ਪਿੰਡ ਦੂਨੀਆਂ ਸੰਧੂ, ਲੋਹਚੱਪ ਅਤੇ ਗ੍ਰੰਥਗੜ੍ਹ ਵਿਖੇ ਪਹੁੰਚੀ



**ਬਟਾਲਾ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਦਾ ਹਲਕਾ ਬਟਾਲਾ ਦੇ ਪਿੰਡ ਦੂਨੀਆਂ ਸੰਧੂ, ਲੋਹਚੱਪ ਅਤੇ ਗਰੰਥਗੜ੍ਹ ਵਿਖੇ ਪੁਹੰਚੀ।

ਇਸ ਯਾਤਰਾ ਦੀ ਅਗਵਾਈ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੇ ਭਰਾਤਾ ਅੰਮ੍ਰਿਤ ਕਲਸੀ ਅਤੇ ਨਾਇਬ ਤਹਿਸੀਲਦਾਰ ਸਤਨਾਮ ਸਿੰਘ ਵਲੋਂ ਕੀਤੀ ਗਈ।

ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਉਥੇ ਹੀ ਪੰਜਾਬ ਦੇ ਲੋਕਾਂ ਵਲੋਂ ਇਸ ਨਸ਼ਾ ਮੁਕਤੀ ਮੁਹਿੰਮ ਵਿੱਚ ਅੱਗੇ ਹੋ ਕੇ ਸਾਥ ਦਿੱਤਾ ਜਾ ਰਿਹਾ ਹੈ, ਜੋ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਬਹੁਤ ਜਰੂਰੀ ਹੈ।

ਉਨਾਂ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਤੁਹਾਡੀ ਭਰਵੀਂ ਸ਼ਮੂਲੀਅਤ ਇਸ ਗੱਲ ਦਾ ਸਬੂਤ ਹੈ ਕਿ ਜਿੱਥੇ ਤੁਸੀਂ ਆਮ ਆਦਮੀ ਪਾਰਟੀ ਨੂੰ ਪਿਆਰ ਕਰਦੇ ਹੋ, ਉਥੇ ਤੁਸੀਂ ਨਸ਼ੇ ਵਿਰੁੱਧ ਲੜਨ ਲਈ ਵੀ ਕਮਰ ਕੱਸੇ ਕਰ ਚੁੱਕੇ ਹੋ। ਇਸ ਮੌਕੇ ਉਨਾਂ ਨਸ਼ੇ ਖਿਲਾਫ ਸਭ ਨੂੰ ਇੱਕਜੁੱਟ ਹੋ ਕੇ ਲੜਨ ਦੀ ਸਹੁੰ ਵੀ ਚੁਕਾਈ।

ਉਨ੍ਹਾਂ ਨੇ ਕਿਹਾ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਹਲਕੇ ਅੰਦਰ ਨਸ਼ੇ ਨੂੰ ਜੜੋਂ ਖਤਮ ਕਰਨ ਦੀ ਮੁਹਿੰਮ ਵਿੱਢੀ ਗਈ ਹੈ, ਜਿਸ ਦੇ ਚੱਲਦਿਆਂ ਅੱਜ ਉਹ ਤੁਹਾਡੇ ਕੋਲ ਆਏ ਹਨ। ਉਨਾਂ ਕਿਹਾ ਕਿ ਸਾਨੂੰ ਪਾਰਟੀਬਾਜੀ ਤੋ ਉਪਰ ਉਠ ਕੇ ਆਪਣੇ ਪਿੰਡ, ਕਸਬੇ, ਸ਼ਹਿਰ ਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਨਸ਼ਾ ਇਕ ਗੰਭੀਰ ਬਿਮਾਰੀ ਹੈ, ਜੋ ਸਾਡੇ ਨੌਜਵਾਨਾਂ ਨੂੰ ਘੁਣ ਵਾਂਗ ਖਾ ਰਿਹਾ ਹੈ ਅਤੇ ਇਸ ਬਿਮਾਰੀ ਤੋ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ, ਜੇਕਰ ਅਸੀਂ ਸਾਰੇ ਇਕਜੁੱਟ ਹੋ ਕੇ ਨਸ਼ਿਆਂ ਦਾ ਡਟਕੇ ਮੁਕਾਬਲਾ ਕਰੀਏ।

ਇਸ ਮੌਕੇ ਸਰਪੰਚ ਜਸਬੀਰ ਸਿੰਘ, ਸਰਪੰਚ ਸਲਵਿੰਦਰ ਸਿੰਘ ਮੋਤੀ, ਸਰਪੰਚ ਕਰਮਜੀਤ ਸਿੰਘ, ਮਨਜੀਤ ਸਿੰਘ ਬਮਰਾਹ, ਵੀਨੂੰ ਕਾਹਲੋਂ, ਲੰਬੜਦਾਰ ਅਮਰੀਕ ਸਿੰਘ, ਨੌਜਵਾਨ, ਬਜ਼ੁਰਗ, ਔਰਤਾਂ ਸਮੇਤ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਸਬ-ਜ਼ੇਲ੍ਹ ਫਾਜ਼ਿਲਕਾ ਵਿਖੇ ਮੈਡੀਕਲ ਚੈਕਅਪ ਕੈਂਪ ਦਾ ਕੀਤਾ ਗਿਆ ਆਯੋਜਨ



**ਫਾਜ਼ਿਲਕਾ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬ-ਜ਼ੇਲ੍ਹ ਫਾਜ਼ਿਲਕਾ ਵਿਖੇ ਕੈਦੀਆਂ ਦੀ ਸਿਹਤ ਜਾਂਚ ਲਈ ਇੱਕ ਮੈਡੀਕਲ ਚੈਕਅਪ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦਾ ਮੁੱਖ ਉਦੇਸ਼ ਕੈਦੀਆਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਨੂੰ ਬਿਹਤਰ ਸਿਹਤ ਸਹੂਲਤਾਂ ਉਪਲਬਧ ਕਰਵਾਉਣਾ ਸੀ।

ਇਸ ਮੌਕੇ ਸ. ਅਵਤਾਰ ਸਿੰਘ, ਮਾਣਯੋਗ ਜ਼ਿਲਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਵਿਸ਼ੇਸ਼ ਤੌਰ 'ਤੇ ਕੈਂਪ ਵਿਚ ਪਹੁੰਚੇ। ਉਨ੍ਹਾਂ ਨੇ ਜੇਲ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਅਤੇ ਕੈਂਪ ਦੀ ਪੂਰੀ ਜਾਂਚ-ਪੜਤਾਲ ਕੀਤੀ।

ਸ. ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਮੈਡਮ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ ਜੀ ਨੇ ਕੈਦੀਆਂ ਨਾਲ ਰੂਬਰੂ ਹੋ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਅਤੇ ਜ਼ੇਲ੍ਹ ਅੰਦਰ ਉਪਲਬਧ ਸਹੂਲਤਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਕੈਦੀਆਂ ਨੂੰ ਕਾਨੂੰਨੀ ਸਹਾਇਤਾ, ਸਿਹਤ ਸੇਵਾਵਾਂ ਅਤੇ ਹੋਰ ਹੱਕਾਂ ਬਾਰੇ ਵੀ ਜਾਗਰੂਕ ਕੀਤਾ।

ਇਸ ਮੈਡੀਕਲ ਕੈਂਪ ਦੌਰਾਨ ਡਾਕਟਰੀ ਟੀਮ ਵਿੱਚ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ. ਵਿਕਾਸ ਗਾਂਧੀ, ਦੰਦਾਂ ਦੇ ਰੋਗਾਂ ਦੇ ਮਾਹਿਰ ਡਾ. ਐਡੀਸਨ ਐਰਿਕ, ਛਾਤੀ ਅਤੇ ਟੀ.ਬੀ. ਦੇ ਰੋਗਾਂ ਦੇ ਮਾਹਿਰ ਡਾ. ਨੀਲੂ ਚੁੱਘ, ਚਮੜੀ ਦੇ ਰੋਗਾਂ ਦੇ ਮਾਹਿਰ ਡਾ. ਸੌਰਭ ਨਾਰੰਗ ਅਤੇ ਹੋਰ ਮੈਡੀਕਲ ਸਟਾਫ ਆਦਿ ਮੌਜੂਦ ਸੀ, ਜਿਨ੍ਹਾਂ ਵੱਲੋਂ ਕੈਦੀਆਂ ਦੀ ਜਾਂਚ ਕੀਤੀ ਗਈ ਅਤੇ ਜ਼ਰੂਰੀ ਦਵਾਈਆਂ ਉਪਲਬਧ ਕਰਵਾਈਆਂ ਗਈਆਂ।

ਇਹ ਕੈਂਪ ਸਿਹਤ ਵਿਭਾਗ ਅਤੇ ਜੇਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਫਲਤਾਪੂਰਕ ਸੰਪੰਨ ਹੋਇਆ।

ਵਧੇਰੀ ਜਾਣਕਾਰੀ ਅਤੇ ਮੁਫਤ ਕਾਨੂੰਨੀ ਸੇਵਾਵਾਂ ਲਈ ਟੋਲ ਫਰੀ ਨੰ. 15100 ਤੇ ਕਾਲ ਕਰੋ।

# ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋ ਵਿਸ਼ਵ ਵਾਤਾਵਰਣ ਦਿਵਸ ਸਬੰਧੀ ਪਿੰਡ ਬਨਵਾਲੀਪੁਰ ਵਿਖੇ ਕੀਤੀਆਂ ਗਈਆਂ ਗਤੀਵਿਧੀਆ




**ਤਰਨ ਤਾਰਨ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸੰਕਟ ਜਾਗਰੂਕਤਾ ਮੁਹਿੰਮ ਅਤੇ ਵਿਸ਼ਵ ਵਾਤਾਵਰਣ ਦਿਵਸ 2025 ਦੀਆ ਪ੍ਰੀ -ਗਤੀਵਿਧੀਆ ਦੌਰਾਨ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਲੋ ਪਿੰਡ ਬਨਵਾਲੀਪੁਰ ਬਲਾਕ ਨੌਸ਼ਹਿਰਾ ਪਨੂੰਆਂ ਜਿਲ੍ਹਾ ਤਰਨ ਤਾਰਨ ਵਿਖੇ ਵੱਖ-ਵੱਖ ਗਤੀਵਿਧੀਆ ਕੀਤੀਆਂ ਗਈਆਂ।

ਜਿਸ ਤਹਿਤ ਸਰਪੰਚ, ਗ੍ਰਾਮ ਪੰਚਾਇਤ, ਪਿੰਡ ਵਾਸੀਆਂ ਨੂੰ ਗਿੱਲੇ ਕੂੜੇ ਅਤੇ ਸੁੱਕੇ ਕੂੜੇ ਨੂੰ ਘਰੇਲੂ ਪੱਧਰ ਤੇ ਵੱਖਰਾ ਕਰਨ ਦੇ ਨਾਲ-ਨਾਲ ਸਿੰਗਲ ਯੂਜ਼ ਪਲਾਸਟਿਕ ਥੈਲੀਆਂ ਦੀ ਵਰਤੋ ਨਾ ਕਰਕੇ ਜੂਟ ਬੈਗ ਦਾ ਇਸਤੇਮਾਲ ਕਰਨ, ਪਲਾਸਟਿਕ ਵੈਸਟ ਨੂੰ ਵੱਖਰੇ ਕਰਕੇ ਪਲਾਸਟਿਕ ਵੈਸਟ ਯੂਨਿਟ ਤੇ ਭੇਜਣ ਲਈ ਜਾਗਰੂਕ ਕੀਤਾ ਗਿਆ ਅਤੇ ਪਾਣੀ ਦੀ ਸਾਂਭ ਸੰਭਾਲ ਅਤੇ ਜਲ ਸਪਲਾਈ ਸਕੀਮ ਤੋਂ ਸਾਫ਼ ਅਤੇ ਸ਼ੁੱਧ ਪਾਣੀ ਪ੍ਰਾਪਤ ਕਰਨ ਦੇ ਲਾਭ ਅਤੇ ਗੰਦੇ ਪਾਣੀ ਨਾਲ ਹੋਣ ਵਾਲੀਆ ਬਿਮਾਰੀਆਂ ਅਤੇ ਮੀਂਹ ਦੇ ਪਾਣੀ ਦੀ ਸਾਂਭ ਸੰਭਾਲ ਲਈ ਰੇਨ ਵਾਟਰ ਹਾਰਵੇਸਟਿੰਗ ਦਾ ਨਿਰਮਾਣ ਅਤੇ ਸਹੀ ਵਰਤੋ ਸਬੰਧੀ ਜਾਗਰੂਕ ਕੀਤਾ ਗਿਆ।

# ਪੇਂਡੂ ਖੇਤਰਾਂ ਵਿੱਚ ਅੱਖਾਂ ਦੀਆਂ ਸਮੱਸਿਆਵਾਂ ਆਮ ਹਨ, ਜੇਕਰ ਸਮੇਂ ਸਿਰ ਟੈਸਟ ਕੀਤੇ ਜਾਣ ਤਾਂ ਇਲਾਜ ਸੰਭਵ ਹੈ : ਡਾ. ਲਵਲੀ

**ਫਾਜ਼ਿਲਕਾ, 3 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਦੀ ਯੋਗ ਅਗਵਾਈ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਵਿਕਾਸ ਗਾਂਧੀ ਦੀ ਨਿਗਰਾਨੀ ਹੇਠ, ਸ਼੍ਰੀ ਸੱਤਿਆ ਸਾਈਂ ਸੇਵਾ ਸਮਿਤੀ ਅਬੋਹਰ ਵੱਲੋਂ ਬਲਾਕ ਖੂਈਖੇੜਾ ਅਧੀਨ ਪੈਂਦੇ ਪਿੰਡ ਡੰਗਰਖੇੜਾ ਵਿੱਚ ਸਥਿਤ ਸ਼੍ਰੀ ਬਸੰਤੀ ਮਾਤਾ ਮੰਦਰ ਵਿੱਚ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ ਅਤੇ ਕੈਂਪ ਵਿੱਚ ਆਏ ਸਾਰੇ ਲੋਕਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਸਿਵਲ ਹਸਪਤਾਲ ਅਬੋਹਰ ਦੇ ਨੇਤਰ ਰੋਗ ਮਾਹਿਰ ਡਾ. ਲਵਲੀ ਕਾਂਸਲ ਨੇ ਕੈਂਪ ਵਿੱਚ ਆਪਣੀਆਂ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਬਲਾਕ ਖੂਈਖੇੜਾ ਅਧੀਨ ਪੈਂਦੇ ਪਿੰਡ ਡੰਗਰਖੇੜਾ ਵਿੱਚ, ਸ਼੍ਰੀ ਸੱਤਿਆ ਸਾਈਂ ਸੇਵਾ ਸਮਿਤੀ ਅਬੋਹਰ ਨੇ ਸ਼੍ਰੀ ਸੱਤਿਆ ਸਾਈਂ ਬਾਬਾ ਜੀ ਦੀ ਜਨਮ ਸ਼ਤਾਬਦੀ ਮਨਾਉਣ ਲਈ ਸ਼੍ਰੀ ਸੱਤਿਆ ਸਾਈਂ ਨੇਤਰਾ ਮੋਬਾਈਲ ਕਲੀਨਿਕ ਵੈਨ 'ਤੇ ਨਵੀਨਤਮ ਮਸ਼ੀਨਾਂ ਨਾਲ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ। ਕੈਂਪ ਵਿੱਚ ਸਿਵਲ ਹਸਪਤਾਲ ਅਬੋਹਰ ਦੇ ਨੇਤਰ ਰੋਗ ਵਿਗਿਆਨੀ ਡਾ. ਲਵਲੀ ਕਾਂਸਲ ਨੇ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਦੇ ਨਾਲ ਨੇਤਰ ਰੋਗ ਅਧਿਕਾਰੀ ਮਨਦੀਪ ਸਿੰਘ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਇਹ ਕੈਂਪ ਇੱਕ ਨਾਮਵਰ ਸਮਾਜਿਕ ਸੰਸਥਾ ਸ਼੍ਰੀ ਸੱਤਿਆ ਸਾਈਂ ਸੇਵਾ ਸਮਿਤੀ ਅਬੋਹਰ ਵੱਲੋਂ ਸਿਹਤ ਵਿਭਾਗ ਦੇ ਸਹਿਯੋਗ ਨਾਲ ਲਗਾਇਆ ਗਿਆ ਸੀ, ਜਿਸ ਵਿੱਚ ਪਿੰਡ ਦੇ ਸੈਂਕੜੇ ਲੋਕਾਂ ਨੇ ਹਿੱਸਾ ਲਿਆ ਅਤੇ ਆਪਣੀਆਂ ਅੱਖਾਂ ਦੀ ਜਾਂਚ ਕਰਵਾਈ। ਕੈਂਪ ਵਿੱਚ ਮੌਜੂਦ ਅੱਖਾਂ ਦੇ ਮਾਹਿਰ ਡਾ. ਲਵਲੀ



ਕਾਂਸਲ ਨੇ ਕਿਹਾ, ਪੇਂਡੂ ਖੇਤਰਾਂ ਵਿੱਚ ਅੱਖਾਂ ਦੀਆਂ ਸਮੱਸਿਆਵਾਂ ਆਮ ਹਨ, ਪਰ ਸਮੇਂ ਸਿਰ ਜਾਂਚ ਨਾ ਹੋਣ ਕਾਰਨ ਲੋਕ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਜਿਹੇ ਕੈਂਪ ਲੋਕਾਂ ਨੂੰ ਜਾਗਰੂਕ ਕਰਨ ਅਤੇ ਮੁੱਢਲਾ ਇਲਾਜ ਪ੍ਰਦਾਨ ਕਰਨ ਵਿੱਚ ਬਹੁਤ ਮਦਦਗਾਰ ਹੁੰਦੇ ਹਨ। ਅਸੀਂ ਇੱਥੇ ਬਹੁਤ ਸਾਰੇ ਮਰੀਜ਼ਾਂ ਦੀਆਂ ਅੱਖਾਂ ਵਿੱਚ ਮੋਤੀਆਬਿੰਦ, ਕਮਜ਼ੋਰ ਨਜ਼ਰ ਅਤੇ ਹੋਰ ਸਮੱਸਿਆਵਾਂ ਪਾਈਆਂ ਹਨ, ਜਿਸ ਲਈ ਅਸੀਂ ਤੁਰੰਤ ਇਲਾਜ ਸ਼ੁਰੂ ਕੀਤਾ ਅਤੇ ਜ਼ਰੂਰੀ ਦਵਾਈਆਂ ਵੀ ਦਿੱਤੀਅਡਾ. ਲਵਲੀ ਨੇ ਇਹ ਵੀ ਕਿਹਾ ਕਿ ਜੇਕਰ ਸਮੇਂ-ਸਮੇਂ 'ਤੇ ਅੱਖਾਂ ਦੀ ਜਾਂਚ ਕੀਤੀ ਜਾਵੇ ਤਾਂ ਬਹੁਤ ਸਾਰੀਆਂ ਗੁੰਝਲਦਾਰ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਨੇ ਸਾਰੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੀਆਂ ਅੱਖਾਂ ਦੀ ਨਿਯਮਤ ਤੌਰ 'ਤੇ ਜਾਂਚ ਕਰਵਾਉਣ।ਕੈਂਪ ਵਿੱਚ, ਅੱਖਾਂ ਦੇ ਮਾਹਿਰਾਂ ਦੀ ਟੀਮ ਨੇ ਪਿੰਡ ਵਾਸੀਆਂ ਦੀ ਅੱਖਾਂ ਦੀ ਵਿਸਥਾਰਤ ਜਾਂਚ ਕੀਤੀ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਦਾ ਉਦੇਸ਼ ਪਿੰਡ ਵਾਸੀਆਂ ਵਿੱਚ ਅੱਖਾਂ ਦੀ ਸਿਹਤ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਸਮੇਂ ਸਿਰ ਅੱਖਾਂ ਦੀਆਂ ਸਮੱਸਿਆਵਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦਾ ਸਹੀ ਇਲਾਜ ਯਕੀਨੀ ਬਣਾਉਣਾ ਸੀ।ਸਮਾਜਿਕ ਸੰਸਥਾ ਦੇ ਨੁਮਾਇੰਦਿਆਂ ਡਾ. ਵਿਨੋਦ ਪਾਲ ਸੇਠੀ ਅਤੇ ਕਮਲੇਸ਼ ਡਾਵਰ ਨੇ ਕਿਹਾ ਕਿ ਅਜਿਹੇ ਸਿਹਤ ਕੈਂਪ ਪਹਿਲਾਂ ਵੀ ਲਗਾਏ ਜਾਂਦੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਏ ਜਾਂਦੇ ਰਹਿਣਗੇ ਤਾਂ ਜੋ ਪੇਂਡੂ ਖੇਤਰਾਂ ਵਿੱਚ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਪਿੰਡ ਦੇ ਲੋਕਾਂ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਸਿਹਤ ਵਿਭਾਗ ਅਤੇ ਸੰਸਥਾ ਦਾ ਧੰਨਵਾਦ ਕੀਤਾ। ਇਹ ਕੈਂਪ ਨਾ ਸਿਰਫ਼ ਸਿਹਤ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਕਦਮ ਸੀ, ਸਗੋਂ ਇਸ ਨੇ ਪਿੰਡ ਵਾਸੀਆਂ ਨੂੰ ਇਹ ਸੰਦੇਸ਼ ਵੀ ਦਿੱਤਾ ਕਿ ਨਿਯਮਤ ਜਾਂਚ ਅਤੇ ਜਾਗਰੂਕਤਾ ਰਾਹੀਂ ਸਮੇਂ ਸਿਰ ਕਈ ਬਿਮਾਰੀਆਂ ਨੂੰ ਰੋਕਿਆ ਜਾ ਸਕਦਾ ਹੈ। ਸ਼੍ਰੀ ਸੱਤਿਆ ਸਾਈਂ ਸਮਿਤੀ ਦੇ ਸਟੇਟ ਕੋਆਰਡੀਨੇਟਰ ਡਾ. ਵਿਨੋਦ ਪਾਲ ਸੇਠੀ, ਜ਼ਿਲ੍ਹਾ ਪ੍ਰਧਾਨ ਕਮਲੇਸ਼ ਡਾਵਰ, ਕਮੇਟੀ ਪ੍ਰਧਾਨ ਰਾਮ ਕੁਮਾਰ, ਸੇਵਾਦਲ ਪ੍ਰਧਾਨ ਬਰਿੰਦਰ ਮਹਿਰਾ, ਪ੍ਰੋਜੈਕਟ ਇੰਚਾਰਜ ਡਾ. ਭੂਪਿੰਦਰ ਸਮੇਤ ਸਾਰੇ ਅਧਿਕਾਰੀਆਂ ਨੇ ਕੈਂਪ ਨੂੰ ਸਫਲ ਬਣਾਉਣ ਵਿੱਚ ਪੂਰਾ ਸਹਿਯੋਗ ਦਿੱਤਾ।

ਕਹਾਣੀ

# ਭੀੜੀ ਗਲੀ



ਰਾਮ ਸਰੂਪ ਅਣਖੀ

"ਨੀ ਬੀਬੋ, ਭੀੜੀ ਗਲੀ ਨਾ ਜਾਈਂ, ਚੰਦਰੀਏ।" ਪਿੰਡ ਪਿੱਛੇ ਉੱਚਾ ਬੋਲ ਕੇ ਮਾਂ ਨੇ ਧੀ ਨੂੰ ਤਾੜਿਆ।

"ਨਹੀਂ ਬੇਬੇ, ਪਤੈ ਮੈਨੂੰ। ਮੈਂ ਤਾਂ ਐਧਰ ਝਾਲ ਕੰਨੀ ਦੀ ਜਾਊਂਗੀ।" ਕੁੜੀ ਨੇ ਮਾਂ ਦੀ ਤਸੱਲੀ ਕਰਾ ਦਿੱਤੀ।

ਘੁਮਿਆਰਾਂ ਦੇ ਘਰਾਂ ਤੋਂ ਲੈ ਕੇ ਉਧਰ ਪਰਲੇ ਅਗਵਾੜ ਮੱਘਣ ਝਿਊਰ ਦੇ ਘਰ ਤੱਕ ਭੀੜੀ ਗਲੀ ਜਾਂਦੀ ਸੀ। ਗਲੀ ਵਿੱਚ ਬਰਾਬਰ-ਬਰਾਬਰ ਦੋ ਬੰਦੇ ਮਸਾਂ ਤੁਰ ਸਕਦੇ। ਓਧਰੋਂ ਆ ਰਹੇ ਕਿਸੇ ਬੰਦੇ ਕੋਲ ਦੀ ਏਧਰੋਂ ਜਾ ਰਿਹਾ ਬੰਦਾ ਮੋਢਾ ਵੱਟ ਕੇ ਲੰਘਦਾ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਗਲੀ ਦੀ ਕਿਸੇ ਕੰਧ ਵਿੱਚ ਕੋਈ ਬਾਰ ਤਾਂ ਕੀ ਖਿੜਕੀ ਵੀ ਨਹੀਂ ਸੀ। ਉਧਰ ਝਿਊਰਾਂ ਦੇ ਘਰਾਂ ਤੋਂ ਲੈ ਕੇ ਏਧਰ ਘੁਮਿਆਰਾਂ ਦੇ ਘਰਾਂ ਤੱਕ ਗਲੀ ਦੀ ਢਲਾਣ ਨੀਵੀਂ ਹੀ ਨੀਵੀਂ ਹੁੰਦੀ ਆਉਂਦੀ। ਮੀਂਹ ਪਏ ਤੋਂ ਇਹ ਭੀੜੀ ਗਲੀ ਇੱਕ ਤਰ੍ਹਾਂ ਨਾਲ ਪਾਣੀ ਦਾ ਖਾਲ ਬਣ ਜਾਂਦੀ। ਮੀਂਹ ਪੈ ਰਿਹਾ ਹੁੰਦਾ ਤਾਂ ਕੋਈ ਭੀੜੀ ਗਲੀ ਜਾਂਦਾ ਹੀ ਨਾ। ਜੇ ਕੋਈ ਤੁਰ ਹੀ ਪੈਂਦਾ ਤਾਂ ਜਿੱਥੇ ਜਾ ਕੇ ਖੜ੍ਹਦਾ, ਖੜ੍ਹਾ ਰਹਿੰਦਾ। ਤਿਲਕਣ ਹੁੰਦੀ ਜਾਂ ਫਿਰ ਪਾਣੀ। ਸੁੱਕਾ ਥਾਂ ਕਿਧਰੇ ਨਹੀਂ ਹੁੰਦਾ ਸੀ। ਇੱਟਾਂ-ਵੱਟੇ ਤੇ ਟੁੱਟੇ ਹੋਏ ਮਿੱਟੀ ਦੇ ਭਾਂਡਿਆਂ ਦੀਆਂ ਠੀਕਰੀਆਂ ਥਾਂ-ਥਾਂ ਖਿੰਡੀਆਂ ਰਹਿੰਦੀਆਂ। ਪਾਣੀ ਦੇ ਹੜ੍ਹ ਨਾਲ ਮਿੱਟੀ ਖੁਰਨ ਦੇ ਡਰੋਂ ਹਰ ਕੱਚੀ ਕੰਧ ਦੀਆਂ ਜੜ੍ਹਾਂ ਵਿੱਚ ਪੱਕੀਆਂ ਇੱਟਾਂ ਦੇ ਚਰ੍ਹੇ ਭਰੇ ਹੁੰਦੇ।

ਪਿੰਡ ਵਿੱਚ ਬਜ਼ਾਰ ਵੀ ਸੀ, ਉਸ ਤਰ੍ਹਾਂ ਦਾ ਬਜ਼ਾਰ ਨਹੀਂ, ਜਿਵੇਂ ਸ਼ਹਿਰਾਂ ਵਿੱਚ ਹੁੰਦਾ ਹੈ। ਦਸ-ਬਾਰਾਂ ਦੁਕਾਨਾਂ ਸਨ, ਜਿਨ੍ਹਾਂ ਤੋਂ ਪਿੰਡ ਵਿੱਚ ਲੋੜੀਂਦੀਆਂ ਖ਼ਾਸ-ਖ਼ਾਸ ਚੀਜ਼ਾਂ ਮਿਲ ਜਾਂਦੀਆਂ-ਖੰਡ, ਚਾਹ, ਗੁੜ ਤੇ ਲੂਣ, ਤੇਲ, ਵਸਾਰ ਤੋਂ ਲੈ ਕੇ ਕੱਪੜਾ-ਲੀੜਾ ਤੇ ਹੋਰ ਸਾਰਾ ਨਿੱਕ-ਸੁੱਕ। ਇੱਥੇ ਹੀ ਸ਼ਰਾਬ ਦਾ ਠੇਕਾ ਵੀ ਸੀ। ਦਰਜੀ ਦੀ ਦੁਕਾਨ ਤੇ ਲਲਾਰੀ ਵੀ ਬੈਠਦਾ। ਡਾਕਟਰ ਦੀ ਦੁਕਾਨ ਵੀ ਸੀ। ਹਲਵਾਈ ਸੀ। ਬੱਸ ਏਸੇ ਨੂੰ ਬਜ਼ਾਰ ਕਹਿੰਦੇ। ਸਾਰਾ ਪਿੰਡ ਬਜ਼ਾਰ ਵਿੱਚ ਆਉਂਦਾ-ਕੁੜੀਆਂ, ਬੁੜ੍ਹੀਆਂ, ਬਹੂਆਂ ਤੇ ਛੋਟੇ ਜੁਆਕ। ਪਿੱਪਲ ਥੱਲੇ ਵਿਹਲੇ ਬੰਦੇ ਤਾਸ਼ ਖੇਡਦੇ।

ਘੁਮਿਆਰਾਂ ਦੇ ਘਰਾਂ ਵੱਲ ਦੋ ਅਗਵਾੜ ਪੈਂਦੇ ਸਨ-ਲਾਲੂ ਦੀ ਪੱਤੀ ਤੇ ਬਾਜ੍ਹਿਆਂ ਦਾ ਅਗਵਾੜ। ਦੋਵੇਂ ਅਗਵਾੜ ਪਿੰਡ ਦੇ ਛਿਪਦੇ ਪਾਸੇ ਸਨ ਤੇ ਨੀਵੇਂ ਥਾਂ ਵੀ। ਪਿੰਡ ਦਾ ਸਾਰਾ ਹੀ ਪਾਣੀ ਏਧਰ ਹੀ ਆਉਂਦਾ। ਦੋਵਾਂ ਅਗਵਾੜਾਂ ਨੂੰ ਪੱਕੀ ਝਾਲ ਜੋੜਦੀ। ਝਾਲ 'ਤੇ ਆ ਕੇ ਹੀ ਦੋਵੇਂ ਅਗਵਾੜ ਖ਼ਤਮ ਹੁੰਦੇ। ਬਰਸਾਤਾਂ ਵਿੱਚ ਗਲੀਆਂ ਦੀ ਮਿੱਟੀ ਰੁੜ੍ਹ ਜਾਣ ਦਾ ਖ਼ਤਰਾ ਬਣਿਆ ਰਹਿੰਦਾ, ਇਸੇ ਕਰਕੇ ਇਹ ਝਾਲ ਬਣਾਈ ਗਈ ਸੀ। ਝਾਲ ਕਰਕੇ ਗਲੀਆਂ ਦਾ ਪਾਣੀ ਬੰਨ੍ਹਿਆ ਜਾਂਦਾ ਤੇ ਟਿਕਵੀਂ ਤੋਰ ਵਗ ਕੇ ਝਾਲ ਤੋਂ ਡਿੱਗਦਾ। ਇਸ ਝਾਲ ਤੋਂ ਬਜ਼ਾਰ ਤੱਕ ਵਿੰਗ-ਵਲੇਵੇਂ ਜੇ ਖਾਂਦਾ ਤੇ ਕਈ ਗਲੀਆਂ-ਅਗਵਾੜਾਂ ਨੂੰ ਪਾਰ ਕਰਦਾ ਇੱਕ ਲੰਮਾ ਰਾਹ ਸੀ-ਸਾਰਾ ਪਿੰਡ ਲੰਘ ਕੇ ਜਾਣਾ ਪੈਂਦਾ। ਪਰ ਜੇ ਭੀੜੀ ਗਲੀ ਜਾਈਦਾ ਤਾਂ ਬਜ਼ਾਰ ਬਹੁਤ ਨੇੜੇ ਸੀ। ਕਿਸੇ ਨੇ ਕਾਹਲ ਨਾਲ ਬਜ਼ਾਰ ਜਾਣਾ ਹੁੰਦਾ ਤਾਂ ਭੀੜੀ ਗਲੀ ਜਾਂਦਾ।

ਅਜਿਹਾ ਤਾਂ ਆਮ ਹੀ ਹੁੰਦਾ ਰਹਿੰਦਾ, ਕੋਈ ਛੋਟੀ ਉਮਰ ਦਾ ਮੁੰਡਾ ਜਾਂ ਕੁੜੀ ਦਾਣਿਆਂ ਦੀ ਝੋਲੀ ਜਾਂ ਨਕਦ ਪੈਸੇ ਲੈ ਕੇ ਭੀੜੀ ਗਲੀ ਵਿੱਚ ਦੀ ਬਜ਼ਾਰ ਨੂੰ ਜਾਂਦਾ ਜਾਂ ਬਜ਼ਾਰੋਂ ਕੋਈ ਸੌਦਾ ਲੈ ਕੇ ਮੁੜਦਾ, ਮਛਰੀਆਂ ਦੇ ਮੁੰਡੇ ਝਪੱਟ ਮਾਰ ਕੇ ਉਸ ਹੱਥੋਂ ਚੀਜ਼ ਜਾਂ ਪੈਸੇ ਖੋਹਦੇ ਤੇ ਭੱਜ ਜਾਂਦੇ। ਜੁਆਕਾਂ ਨੂੰ ਉਹ ਕੁੱਟਦੇ ਵੀ।

ਕਈ ਵਰ੍ਹਿਆਂ ਦੀ ਗੱਲ ਹੈ, ਜੇਠ-ਹਾੜ੍ਹ ਦੀ ਰੁੱਤ ਸੀ, ਉਸ ਦਿਨ ਹਨੇਰੀ ਵਗ ਰਹੀ ਸੀ। ਟਿੱਬਿਆਂ ਦਾ ਬਦਾਮੀ ਰੇਤਾ ਅਸਮਾਨ ਨੂੰ ਜਾ ਚੜ੍ਹਿਆ। ਵਾਰ-ਵਾਰ ਅੱਖਾਂ ਭਮਕਦੀਆਂ ਪੈਂਦੀਆਂ। ਖੁੱਲ੍ਹੀਆਂ ਅੱਖਾਂ ਤਾਂ ਰੇਤੇ ਨਾਲ ਭਰ ਜਾਂਦੀਆਂ। ਦਿਸਣੋਂ ਹਟ ਜਾਂਦਾ। ਦਿਨ ਦਾ ਛਿਪਾਅ ਸੀ। ਲਾਲੂ ਕੀ ਪੱਤੀ ਦੇ ਸੰਤੋਖ ਸਿੰਘ ਦੀ ਵੱਡੀ ਕੁੜੀ ਬਜ਼ਾਰ ਗਈ-ਦਰੀਆਂ ਦਾ ਰੰਗ ਲੈਣ। ਸਰਵਣ ਨੰਬਰਦਾਰ ਦਾ ਨਾਮਕਟੀਆ ਫ਼ੌਜੀ ਦਾਰੂ ਦੇ ਠੇਕੇ ਮੂਹਰੇ ਖੜ੍ਹਾ ਮੁੱਛਾਂ ਨੂੰ ਵੱਟ ਦੇ ਰਿਹਾ ਸੀ। ਮੂੰਹ ਨੂੰ ਘੁੱਟ ਲੱਗੀ ਹੋਈ ਸੀ। ਉਹ ਕੁੜੀ ਮਗਰ ਹੋ ਗਿਆ। ਭੀੜੀ ਗਲੀ ਦੇ ਵਿਚਾਲੇ ਜਿਹੇ ਜਾ ਕੇ ਕੁੜੀ ਨੇ ਮਗਰੇ ਕਿਸੇ ਦੀ ਪੈੜਤਾਲ ਸੁਣੀ ਤਾਂ ਉਹ ਚੁੱਕਵੇਂ ਪੈਰੀਂ ਤੁਰਨ ਲੱਗੀ, ਪਰ ਛੇਤੀ ਤਾਂ ਭੱਜ ਹੀ ਪਿਆ। ਅੱਖ ਦੇ ਫੋਰ ਵਿਚ ਉਹਨੇ ਆਪਣੀਆਂ ਬਾਹਾਂ ਦੇ ਸ਼ਕੰਜੇ ਵਿੱਚ ਕੁੜੀ ਨੂੰ ਜਾ ਦਬੋਚਿਆ। ਜਿਵੇਂ ਕੋਈ ਬਾਜ਼ ਚਿੜੀ 'ਤੇ ਝਪਟਦਾ ਹੋਵੇ। ਗੱਲ ਵਿੱਚੇ ਦੱਬੀ ਗਈ, ਪਰ ਗਲੀ ਵਿੱਚ ਡੁੱਲ੍ਹਿਆ ਲਾਲ ਰੰਗ ਓਦੋਂ ਤੱਕ ਚਰਚਾ ਦਾ ਵਿਸ਼ਾ ਬਣਦਾ ਰਿਹਾ, ਜਦੋਂ ਕਈ ਦਿਨਾਂ ਬਾਅਦ ਮੀਂਹ ਦੇ ਛੜਾਕਿਆਂ ਨੇ ਉੱਡਦਾ ਰੇਤਾ ਦੱਬ ਨਹੀਂ ਦਿੱਤਾ। ਆਥਣੇ ਜਿਹੇ ਸੰਤੋਖ ਸਿੰਘ ਦਾ ਵਿਚਕਾਰਲਾ ਮੁੰਡਾ ਗੰਡਾਸਾ ਲੈ ਕੇ ਬਜ਼ਾਰ ਵਿੱਚ ਪਿੱਪਲ ਦੀ ਚੌਕੜੀ 'ਤੇ ਆ ਬੈਠਦਾ ਤੇ ਦੱਬਵੀਂ ਜਿਹੀ ਖੰਘੂਰ ਮਾਰ ਕੇ ਮੁੱਛਾਂ 'ਤੇ ਹੱਥ ਫੇਰਦਾ ਰਹਿੰਦਾ। ਕਦੇ ਗੰਡਾਸੇ ਦੀ ਚੁੰਝ ਮਿੱਟੀ ਵਿੱਚ ਖੁਭੋਅ ਕੇ ਲੰਮੀ ਸਾਰੀ ਲਕੀਰ ਖਿੱਚਦਾ। ਸੱਜੇ-ਖੱਬੇ ਵਾਰ-ਵਾਰ ਝਾਕਦਾ, ਜਿਵੇਂ ਕਿਸੇ ਨੂੰ ਬੇਸਬਰੀ ਨਾਲ ਉਡੀਕ ਰਿਹਾ ਹੋਵੇ।

ਸਰਵਣ ਨੰਬਰਦਾਰ ਦਾ ਘਰ ਪਿੰਡ ਦੇ ਚੜ੍ਹਦੇ ਪਾਸੇ ਬਜ਼ਾਰ ਤੋਂ ਤੀਜੇ ਅਗਵਾੜ ਸੀ।

ਇਹ ਤਾਂ ਪਿਛਲੇ ਸਾਲ ਦੀ ਹੀ ਗੱਲ ਹੈ, ਝਾਲ 'ਤੇ ਬੈਠੇ ਬੰਦੇ ਝਗੜ ਰਹੇ ਸਨ। ਕੋਈ ਕਹਿੰਦਾ ਸੀ, 'ਭੀੜੀ ਗਲੀ ਨਾਲ ਲੱਗਦੀਆਂ ਪਿੱਠਾਂ ਵਾਲੇ ਘਰਾਂ 'ਚੋਂ ਕਿਸੇ ਨੇ ਸਿੱਟਿਐ ਇਹ ਪਾਪ।'

ਦੂਜਾ ਕੋਈ ਆਖਦਾ, 'ਕਿਸੇ ਹੋਰ ਅਗਵਾੜੋਂ ਵੀ ਆ ਸਕਦੈ ਕੋਈ।'

ਤੀਜਾ ਦਲੀਲ ਦਿੰਦਾ, 'ਹੋਰ ਅਗਵਾੜੋਂ ਵੀ ਕੋਈ ਆਉਂਦਾ ਤਾਂ, ਭਾਈ ਸਾਅਬ, ਗਲੀ ਦੇ ਮੋੜ 'ਤੇ ਸਿੱਟ ਕੇ ਜਾਂਦਾ।'

ਕੋਈ ਹੋਰ ਉਹ ਦੀ ਹਾਮੀ ਭਰਦਾ, 'ਹੋਰ ਕਿਧਰੋਂ ਆਉਣ ਵਾਲਾ ਗਲੀ ਦੇ ਐਨ ਵਿਚਾਲੇ ਜਾ ਕੇ ਕਿਉਂ ਸਿੱਟੂ ਬਣੀ। ਇਹ ਤਾਂ ਜਮ੍ਹਾਂ ਅੱਧ-ਵਿਚਾਲੇ ਪਿਆ ਐ।'

ਇੱਕ ਰੋਜ਼ ਪੱਕੀ ਕਰਦਾ, 'ਪਹਿਲਾਂ ਵੀ ਹੋ ਚੁੱਕੀ ਇਹੀ ਵਾਰਦਾਤ। ਇੱਕ ਵਾਰੀ ਉਧਰ ਝਿਊਰਾਂ ਵੱਲੀ ਐਨ ਮੋੜ 'ਤੇ। ਇੱਕ ਵਾਰੀ ਐਧਰ ਧਰ ਕੇ ਗਿਆ ਕੋਈ, ਘੁਮਿਆਰਾਂ ਕੰਨੀ, ਜਮ੍ਹਾਂ ਗਲੀ ਦੇ ਮੂੰਹ 'ਤੇ। ਓਧਰ ਤਾਂ ਬਹੁਤੇ ਵਰ੍ਹੇ ਹੋ 'ਗੇ। ਐਧਰ ਇਹ ਦਸ ਕੁ ਵਰ੍ਹਿਆਂ ਦੀ ਗੱਲ ਐ। ਆਪਣੇ ਸਾਰਿਆਂ 'ਚੋਂ ਵੱਡਾ ਆਹ ਮੋਂਗਲ ਬੁੜ੍ਹਾ ਬੈਠਾ ਐ। ਇਹ ਨੂੰ ਪੁੱਛ ਲੈਨੇ ਆਂ। ਇਹਨੂੰ ਸਾਰਾ ਪਤਾ ਐ।'

ਇਸ ਵਾਰ ਇਹ ਨਵਾਂ ਜੰਮਿਆ ਬੱਚਾ ਜਿਉਂਦਾ ਸੀ। ਮੁੰਡਾ ਸੀ, ਜਦੋਂ ਕਿ ਪਹਿਲਾਂ ਦੋਵੇਂ ਕੁੜੀਆਂ ਸਨ, ਮਰੀਆਂ ਹੋਈਆਂ।

ਤੇ ਫੇਰ ਘੁਸਰ-ਮੁਸਰ ਹੋਣ ਲੱਗੀ, ਭੀੜੀ ਗਲੀ ਨਾਲ ਲੱਗਦੀਆਂ ਪਿੱਠਾਂ ਵਾਲੇ ਘਰਾਂ ਵਿੱਚੋਂ ਕਿਹੜੇ ਘਰ ਦੀ ਗੱਲ ਹੋ ਸਕਦੀ ਹੈ ਇਹ?

ਦੂਰ ਦੇ ਪਿੰਡਾਂ ਤੱਕ ਵੀ ਉਸ ਕਤਲ ਦਾ ਪਤਾ ਸੀ, ਜਿਹੜਾ ਇਸ ਭੀੜੀ ਗਲੀ ਵਿੱਚ ਹੋਇਆ ਸੀ। ਦੋ ਪਰਿਵਾਰਾਂ ਦੀ ਨਿੱਜੀ ਦੁਸ਼ਮਣੀ ਸੀ। ਤਿੰਨ ਪੁਸ਼ਤਾਂ ਤੋਂ ਉਨ੍ਹਾਂ ਦੇ ਕਈ ਕਤਲ ਹੋ ਚੁੱਕੇ ਸਨ। ਹਰ ਚੌਥੇ-ਪੰਜਵੇਂ ਸਾਲ ਨਵਾਂ ਕਤਲ ਹੋ ਜਾਂਦਾ। ਕਦੇ ਉਸ ਪਰਿਵਾਰ ਦਾ ਤੇ ਕਦੇ ਉਸ ਪਰਿਵਾਰ ਦਾ। ਸ਼ੇਰਾ ਤਾਂ ਬਹੁਤਾ ਹੀ ਸੁਕਰ ਗਿਆ ਸੀ। ਵਿਹਲਾ ਰਹਿੰਦਾ। ਉਹ ਪੰਜ ਭਰਾ ਸਨ। ਐਡਾ ਉੱਚਾ ਕੱਦ ਤੇ ਭਰਵਾਂ ਸਰੀਰ। ਜ਼ੋਰਦਾਰ ਬਹੁਤ ਸੀ। ਮੋਢੇ ਗੰਧਾਲਾ ਰੱਖਦਾ, ਡੱਬ ਵਿੱਚ ਬਾਰਾਂ ਬੋਰ ਦਾ ਦੇਸੀ ਪਸਤੌਲ। ਦੂਜੇ ਪਰਿਵਾਰ ਦੀਆਂ ਔਰਤਾਂ ਖੇਤ ਰੋਟੀ ਲੈ ਕੇ ਨਾ ਜਾਂਦੀਆਂ। ਦਿਨ ਛਿਪੇ ਤੋਂ ਬਾਅਦ ਉਨ੍ਹਾਂ ਦਾ ਕੋਈ ਬੰਦਾ ਘਰੋਂ ਬਾਹਰ ਨਹੀਂ ਨਿਕਲਦਾ ਸੀ। ਖੇਤਾਂ ਵਿੱਚ ਬਹੁਤਾ ਸੀਰੀ ਸਾਂਝੀ ਹੀ ਕੰਮ ਕਰਦੇ ਜਾਂ ਘਰ ਦੇ ਬੁੜ੍ਹੇ ਬੰਦੇ। ਇੱਕ ਤਰ੍ਹਾਂ ਸ਼ੇਰੇ ਨੇ ਉਨ੍ਹਾਂ ਨੂੰ ਘਰ ਹੀ ਕੈਦ ਕਰ ਦਿੱਤਾ ਸੀ। ਅਖ਼ੀਰ ਉਨ੍ਹਾਂ ਨੂੰ ਅੱਕ ਚੱਬਣਾ ਪਿਆ। ਉਹ ਵੀ ਤਿੰਨ ਸਨ। ਆਥਣ ਵੇਲੇ ਸ਼ੇਰਾ ਸ਼ਰਾਬ ਦੇ ਠੇਕੇ 'ਤੇ ਜ਼ਰੂਰ ਜਾਂਦਾ। ਠੇਕੇ ਵਿੱਚ ਬੈਠ ਕੇ ਹੀ ਪੀਂਦਾ ਠੇਕੇ ਦਾ ਕਰਿੰਦਾ ਉਹ ਤੋਂ ਭੈਅ ਖਾਂਦਾ। ਨਹੀਂ ਤਾਂ ਹੋਰ ਕਿਸੇ ਨੂੰ ਠੇਕੇ ਵਿੱਚ ਬੈਠ ਕੇ ਪੀਣ ਨਹੀਂ ਦਿੰਦਾ ਸੀ। ਅਗਲੇ ਨੂੰ ਬੋਤਲ ਅਧੀਆ ਫੜਾਉਂਦਾ ਤੇ ਤੁਰਦਾ ਕਰਦਾ। ਉਨ੍ਹਾਂ ਨੇ ਪਹਿਲਾਂ ਹੀ ਓਹਦੇ ਬੰਦੇ ਏਧਰ-ਉਧਰ ਬਿਠਾਏ ਹੋਏ ਸਨ। ਗੁੱਟ ਹੀ 'ਤੇ ਗੰਧਾਲਾ ਖੜਕਾਉਂਦਾ ਭੀੜੀ ਗਲੀ ਦੇ ਰਾਹ ਪੈ ਗਿਆ। ਅੱਧ ਵਿਚਕਾਰ ਗਿਆ ਤਾਂ ਦੋਵਾਂ ਪਾਸਿਆਂ ਤੋਂ ਪੈ ਗਏ ਟੁੱਟ ਕੇ ਉਹ। ਨਾ ਕੋਈ ਗੋਲੀ ਚੱਲੀ ਨਾ ਕੋਈ ਰੌਲਾ-ਗੌਲਾ। ਸੋਟੀਆਂ ਨਾਲ ਉਹ ਇਉਂ ਕੁੱਟ ਦਿੱਤਾ, ਜਿਵੇਂ ਗਿੱਦੜਮਾਰ ਰਤੇ ਮੈਦਾਨ ਗਿੱਦੜ ਦਾ ਸ਼ਿਕਾਰ ਖੇਡਦੇ ਹੋਣ।



ਫੇਰ ਤਾਂ ਪਿੰਡ ਦੀ ਪੰਚਾਇਤ ਨੇ ਭੀੜੀ ਗਲੀ ਨੂੰ ਬੰਦ ਹੀ ਕਰਵਾ ਦਿੱਤਾ ਸੀ। ਦੋਵੇਂ ਮੂੰਹਿਆਂ 'ਤੇ ਮੋੜ੍ਹੀਆਂ ਹੀ ਗੱਡ ਦਿੱਤੀਆਂ ਤੇ ਵਿਚ ਝਾਫੇ ਲਾ ਦਿੱਤੇ। ਚਲੋ ਜੀ, ਨਾ ਹੀ ਕੋਈ ਆਵੇ ਤੇ ਨਾ ਹੀ ਕੋਈ ਜਾਵੇ। ਨਹੀਂ ਤਾਂ ਨਿੱਤ ਕੋਈ ਨਾ ਕੋਈ ਕਾਰਾ ਹੋਇਆ ਰਹਿੰਦਾ। ਬੜੀ ਮਨਹੂਸ ਸੀ ਇਹ ਭੀੜੀ ਗਲੀ।

ਪਰ ਇਹ ਭੀੜੀ ਗਲੀ ਤਾਂ ਅੰਨ੍ਹੀ ਗਲੀ ਬਣ ਗਈ। ਮਾੜੇ ਬੰਦਿਆਂ ਨੂੰ ਮੌਜ ਹੋ ਗਈ। ਉਹ ਝਾਫਿਆਂ ਨੂੰ ਪਰ੍ਹੇ ਹਟਾਉਂਦੇ ਤੇ ਜਾ ਵੜਦੇ ਗਲੀ ਅੰਦਰ। ਹੁਣ ਕਿਹੜਾ ਇਹ ਸ਼ਰ੍ਹੇਆਮ ਰਸਤਾ ਸੀ। ਜਿਵੇਂ ਘੁੱਪ-ਹਨੇਰੇ ਦੀ ਖੁੱਲ੍ਹੀ ਬੁੱਕਲ ਹੋਵੇ ਤੇ ਫੇਰ ਉਹ ਦਿਨ ਵੀ ਆ ਗਿਆ, ਜਦੋਂ ਕਿਸੇ ਨੇ ਇੱਕ ਪਾਸਿਓਂ ਸਾਰੇ ਦੇ ਸਾਰੇ ਝਾਫੇ ਦੂਰ ਵਗਾਹ ਮਾਰੇ, ਮੋੜ੍ਹੀਆਂ ਪੁੱਟ ਦਿੱਤੀਆਂ। ਦੂਜੇ ਪਾਸੇ ਵੀ ਇਹੀ ਹੋਇਆ। ਭੀੜੀ ਗਲੀ ਦਾ ਕਾਰੋਬਾਰ ਪਹਿਲਾਂ ਵਾਂਗ ਹੀ ਚੱਲਣ ਲੱਗਿਆ।

ਮਾਵਾਂ ਆਪਣੀਆਂ ਮੁਟਿਆਰ ਧੀਆਂ ਨੂੰ ਭੀੜੀ ਗਲੀ ਜਾਣ ਨਾ ਦਿੰਦੀਆਂ। ਕੋਈ ਕੁੜੀ ਜਾਂਦੀ ਵੀ ਤਾਂ ਕਿਸੇ ਵੱਡੀ ਬੁੜ੍ਹੀ ਦਾ ਆਸਰਾ ਲੈ ਕੇ। ਛੋਟੇ ਜੁਆਕ ਵੀ ਕਿਸੇ ਵੱਡੇ ਦਾ ਸਾਥ ਕਰ ਕੇ ਜਾਂਦੇ। ਦੋ-ਚਾਰ ਜੁਆਕ ਇੱਕਠੇ ਜਾਂਦੇ ਤਾਂ ਭੱਜ ਕੇ ਗਲੀ ਨੂੰ ਪਾਰ ਕਰਦੇ, ਜਿਵੇਂ ਉਨ੍ਹਾਂ ਮਗਰ ਕੋਈ ਭੂਤ-ਪ੍ਰੇਤ ਪਿਆ ਹੋਵੇ।

ਇੱਕ ਦਿਨ ਘੋਰ ਅਨਰਥ ਹੋ ਗਿਆ। ਸਾਰਾ ਪਿੰਡ ਮੂੰਹ ਵਿੱਚ ਉਂਗਲਾਂ ਪਾਉਣ ਲੱਗਿਆ। ਕਿੱਡਾ ਵੱਡਾ ਗੁਨਾਹ ਕੀਤਾ ਸੀ। ਪਰਸ਼ੋਤਮ ਸਿੰਘ ਨੇ। ਉਹ ਦੇ ਘਰ ਦੀ ਪਿੱਠ ਭੀੜੀ ਗਲੀ ਨਾਲ ਲੱਗਦੀ ਸੀ। ਓਧਰਲੇ ਪਾਸੇ ਉਹ ਦੇ ਘਰ ਦਾ ਵਿਹੜਾ ਛੋਟਾ ਸੀ। ਵਰਾਂਡੇ ਮਗਰ ਦੋ ਕਮਰੇ ਸਨ, ਜਿਹੜੇ ਘਰ ਦੇ ਲਕੇ-ਤੁਕੇ ਨਾਲ ਅੱਟੇ ਰਹਿੰਦੇ। ਇਨ੍ਹਾਂ ਦੇ ਕਮਰਿਆਂ ਮਗਰ ਦੇ ਕਮਰੇ ਹੋਰ ਸਨ, ਇੱਕ ਵਿੱਚ ਪੇਟੀਆਂ-ਸੰਦੂਕ ਤੇ ਦੂਜੇ ਵਿੱਚ ਰਜ਼ਾਈਆਂ, ਗੁਦੈਲੇ ਤੇ ਹੋਰ ਲੀੜਾ-ਕੱਪੜਾ ਮੰਜਿਆਂ 'ਤੇ। ਪਿਛਲੇ ਦੋਵੇਂ ਕਮਰਿਆਂ ਦੀਆਂ ਛੱਤਾਂ ਵਿੱਚ ਮੋਘੇ ਰੱਖੇ ਹੋਏ ਸਨ, ਨਹੀਂ ਤਾਂ ਸੂਰਜ ਦੀ ਰੋਸ਼ਨੀ ਪਹੁੰਚਦੀ ਨਹੀਂ ਸੀ। ਬੁੜ੍ਹੀਆਂ ਨੇ ਅੰਦਰੋਂ ਕੋਈ ਚੀਜ਼ ਲੈਣੀ ਹੁੰਦੀ ਤਾਂ ਲਾਲਟੈਣ ਲੈ ਕੇ ਅੰਦਰ ਵੜਦੀਆਂ।

ਪਰਸ਼ੋਤਮ ਸਿੰਘ ਨੇ ਦਿਲ ਕਰੜਾ ਕੀਤਾ ਤੇ ਭੀੜੀ ਗਲੀ ਵਾਲੀ ਪਿਛਲੀ ਕੰਧ ਭੰਨ੍ਹ ਕੇ ਲੱਕੜ ਦੀ ਚੁਗਾਠ ਨੂੰ ਤਖ਼ਤੇ ਵਲਾ ਦਿੱਤੇ। ਰਜ਼ਾਈ-ਗੁਦੈਲਿਆਂ ਵਾਲੇ ਕਮਰੇ ਨੂੰ ਬੈਠਕ ਬਣਾ ਲਿਆ। ਧੁਰ ਤੋਂ ਧੁਰ ਤੱਕ ਸਾਰੇ ਘਰ ਵਿੱਚ ਚਾਨਣ ਹੋ ਗਿਆ।

ਉਹ ਝਾਲ 'ਤੇ ਆ ਕੇ ਬੈਠਾ ਤਾਂ ਕੋਈ ਜਾਣਾ ਉਹ ਦੇ ਨਾਲ ਬੋਲੇ ਹੀ ਨਾ, ਜਿਵੇਂ ਉਹ ਨੇ ਗਊ ਮਾਰ ਦਿੱਤੀ ਹੋਵੇ। ਚੁੱਪ-ਕੀਤਾ ਉੱਠ ਕੇ ਘਰ ਨੂੰ ਆ ਗਿਆ। 'ਦਮਾਕ ਨ੍ਹੀਂ ਫਿਰ ਗਿਆ ਲੱਗਦਾ ਇਹਦਾ?' ਕੋਈ ਉਹਦੀ ਪਿੱਠ ਪਿੱਛੇ ਕਹਿ ਰਿਹਾ ਸੀ।

ਪਰ ਕੁਝ ਦਿਨ ਹੀ ਲੰਘੇ ਹੋਣਗੇ, ਪਰਸ਼ੋਤਮ ਸਿੰਘ ਤੋਂ ਚੌਥੇ ਘਰ ਵਾਲੇ ਸੱਜਣ ਸਿੰਘ ਨੇ ਵੀ ਕੰਧ ਭੰਨ੍ਹ ਕੇ ਬਾਰ ਕੱਢ ਲਿਆ ਤੇ ਫੇਰ ਛੇ ਮਹੀਨਿਆਂ ਦੇ ਅੰਦਰ-ਅੰਦਰ ਗਲੀ ਦੀਆਂ ਦੋਵੇਂ ਪਾਸਿਆਂ ਦੀਆਂ ਕੰਧਾਂ ਵਿੱਚ ਸੱਤ-ਅੱਠ ਬਾਰ ਨਿਕਲ ਗਏ। ਜਿਵੇਂ ਭੀੜੀ ਇਹ ਰਹੀ ਹੀ ਨਾ ਹੋਵੇ। ਹੁਣ ਗਲੀ ਵਿੱਚ ਦੀ ਲੰਘਣ ਵਾਲੇ ਲੋਕ ਕਾਹਲ ਨਾਲ ਨਹੀਂ ਤੁਰਦੇ ਸਨ। ਹੌਲੀ-ਹੌਲੀ ਜਾਂਦੇ ਧੀਰਜ-ਮਤੇ ਨਾਲ, ਗੱਲਾਂ ਕਰਦੇ। ਬਜ਼ਾਰ ਨੂੰ ਝਾਲ ਕੰਨੀਂ ਦੀ ਹੁਣ ਕਾਹਨੂੰ ਜਾਂਦਾ ਸੀ ਕੋਈ।

# ਸੱਤ ਡਾਲਰ

ਹਰਜੀਤ ਸਿੰਘ/ 92177-01415

"ਹਾਂ ਜੀ, ਪਹੁੰਚ ਗਏ ਕੈਨੇਡਾ।" ਮੇਰੇ ਮਿੱਤਰ ਨੇ ਪੁੱਛਿਆ, "ਹਾਂ ਜੀ।" ਮੈਂ ਜਵਾਬ ਦਿੱਤਾ। "ਮੇਰਾ ਜੀ ਕਰਦਾ ਹੈ, ਹੁਣੇ ਤੇਰੇ ਕੋਲ ਆ ਜਾਵਾਂ, ਮਨ ਟਿਕਾਣੇ ਆ ਜਾਏ, ਇੱਥੇ ਬਸ ਭਟਕਣਾ ਹੀ ਹੈ, ਚੱਲ ਪਰਸੋਂ ਮਿਲਦੇ ਹਾਂ, ਫੋਨ ਕਰਕੇ ਆਵਾਂਗਾ।" "ਠੀਕ ਹੈ, ਜਦੋਂ ਮਰਜ਼ੀ ਆ ਜਾਣਾ।" ਮੈਂ ਆਖਿਆ ਅਤੇ ਉਸ ਨੇ ਫੋਨ ਬੰਦ ਕਰ ਦਿੱਤਾ।

ਇਹ ਮੇਰਾ ਦੋਸਤ ਸੀ। ਸਾਡੇ ਪਿੰਡ ਨੇੜੇ ਨੇੜੇ ਸਨ। 22 ਕੁ ਕਿੱਲੇ ਜ਼ਮੀਨ ਉਸ ਦੇ ਹਿੱਸੇ ਆਈ ਸੀ। ਅਸੀਂ ਇਕੱਠੇ ਕਾਲਜ ਪੜ੍ਹਦੇ ਸੀ। ਫਿਰ ਇੱਕ ਹੀ ਸ਼ਹਿਰ ਵਿੱਚ ਦੋਵਾਂ ਨੂੰ ਨੌਕਰੀ ਮਿਲ ਗਈ ਅਤੇ ਇੱਕ ਹੀ ਸ਼ਹਿਰ ਵਿੱਚ ਰਹਿਣ ਲੱਗ ਪਏ। ਇੱਕੋ ਇੱਕ ਉਸ ਦਾ ਪੁੱਤਰ ਸੀ। ਦਸਵੀਂ ਕਰਦਿਆਂ ਹੀ ਉਹ ਵਿਦੇਸ਼ ਜਾਣ ਲਈ ਕਾਹਲਾ ਪੈ ਗਿਆ ਅਤੇ ਫਿਰ ਕੈਨੇਡਾ ਸਟੱਡੀ ਵੀਜ਼ੇ 'ਤੇ ਚਲਾ ਗਿਆ। ਹੁਣ ਜ਼ਮੀਨ ਵਿਕਣੀ ਸ਼ੁਰੂ ਹੋ ਗਈ। ਪੀਆਰ ਮਿਲਦਿਆਂ ਹੀ ਮੁੰਡੇ ਨੇ ਘਰ ਲੈਣ ਲਈ ਪੈਸਿਆਂ ਦੀ ਮੰਗ ਕੀਤੀ। ਢਾਈ ਮਿਲੀਅਨ (15 ਕਰੋੜ ਰੁਪਏ) ਦਾ ਘਰ, ਪਿਓ ਨੇ ਜ਼ਮੀਨ ਵੇਚ ਦਿੱਤੀ। ਪੁੱਤਰ ਨੇ ਮਹਿਲਨੁਮਾ ਘਰ ਖਰੀਦ ਲਿਆ। ਪੁੱਤਰ ਨੇ ਵੱਡੀ ਕਾਰ ਖਰੀਦਣ ਦੀ ਇੱਛਾ ਜਾਹਿਰ ਕੀਤੀ। ਪਿਓ ਨੇ ਇੱਕ ਕਨਾਲ ਦੀ ਕੋਠੀ ਵੇਚ ਕੇ ਚਾਰ ਮਰਲੇ ਦਾ ਘਰ ਖਰੀਦ ਲਿਆ। ਇੱਕ ਦਿਨ ਇੱਕ ਰਿਸ਼ਤੇਦਾਰ ਉਸ ਨੂੰ ਮਿਲਣ ਆਇਆ। ਘਰ ਦਾ ਬੈੱਡਰੂਮ ਵੇਖਣ ਲੱਗਾ, "ਭਾਊ, ਜਿੱਡਾ ਤੇਰਾ ਬੈੱਡਰੂਮ ਹੈ, ਪਿੰਡ ਤਾਂ ਏਨੀ ਤੇਰੀ ਡੰਗਰਾ ਦੀ ਖੁਰਲੀ ਸੀ।"

ਬਹੁਤ ਕੁਝ ਕਹਿਣ ਦੇ ਬਾਵਜੂਦ ਉਹ ਕੁਝ ਨਾ ਬੋਲਿਆ।

ਮੈਨੂੰ ਮੇਰੇ ਮਾਸੜ ਦੀ ਕਹਾਣੀ ਯਾਦ ਆ ਗਈ। ਪੈਸੇ ਧੇਲੇ ਵੱਲੋਂ ਉਸ ਦੀ ਹਾਲਤ ਵਧੀਆ ਨਹੀਂ ਸੀ। ਉਹ ਵਿਦੇਸ਼ ਚਲਾ ਗਿਆ। ਉਦੋਂ ਲੋਕ ਵਿਦੇਸ਼ ਜਾ ਕੇ ਘਰ ਨਹੀਂ ਸਨ ਖਰੀਦਦੇ ਸਗੋਂ ਮਿਹਨਤ ਕਰਕੇ ਘਰ ਪੈਸੇ ਭੇਜਦੇ ਸਨ। ਜ਼ਮੀਨ ਖਰੀਦਦੇ ਸਨ, ਘਰ ਦੀ ਹਾਲਤ ਸੁਧਾਰਦੇ ਸਨ। ਇਕੱਲੇ ਹੀ ਵਿਦੇਸ਼ ਵਿੱਚ ਰਹਿੰਦੇ ਸਨ। ਮੇਰੇ ਮਾਸੜ ਨੇ ਵੀ ਖੂਬ ਮਿਹਨਤ ਕੀਤੀ। ਹੋਰ ਜ਼ਮੀਨ ਖਰੀਦੀ। ਪਿੰਡ ਵਿੱਚ ਸਭ ਤੋਂ ਪਹਿਲਾ ਚੁਬਾਰਾ ਉਸ ਨੇ ਪਾਇਆ ਸੀ। ਘਰ ਦੇ ਬਾਹਰ ਭੁਪਿੰਦਰ ਸਿੰਘ ਸੋਹਲ ਦੀ ਨੇਮ ਪਲੇਟ ਲਗਾਈ ਸੀ। ਚਲੋ ਆਪਾਂ ਆਪਣੀ ਕਹਾਣੀ ਵੱਲ ਮੁੜਦੇ ਹਾਂ।

ਫਿਰ ਅਚਾਨਕ ਮੇਰੇ ਮਿੱਤਰ ਦੀ ਪਤਨੀ ਦੀ ਮੌਤ ਹੋ ਗਈ। ਜਿਸ ਨੇ ਉਸ ਨੂੰ ਧੁਰ ਤੱਕ ਹਿਲਾ ਕੇ ਰੱਖ ਦਿੱਤਾ। ਉੱਧਰ ਉਸ ਦੇ ਪੁੱਤਰ ਨੇ ਆਪਣੇ ਪਿਊ ਦੀ ਮਰਜ਼ੀ ਦੇ ਵਿਰੁੱਧ



ਇੱਕ ਦੱਖਣੀ ਭਾਰਤ ਦੀ ਕੁੜੀ ਨਾਲ ਵਿਆਹ ਕਰ ਲਿਆ। ਹੁਣ ਉਸ ਦਾ ਜੀਅ ਨਾ ਇੰਡੀਆ ਲੱਗਦਾ ਨਾ ਕੈਨੇਡਾ। ਇੱਕ ਦਿਨ ਉਸ ਨੇ ਆਪਣੇ ਪੁੱਤਰ ਨੂੰ ਆਖਿਆ, "ਪੁੱਤਰ ਸਬਜ਼ੀ ਵਿੱਚ ਲੂਣ ਜ਼ਿਆਦਾ ਹੈ। ਆਪਣੀ ਘਰਵਾਲੀ ਨੂੰ ਆਖ ਲੂਣ ਘੱਟ ਪਾਇਆ ਕਰੇ। ਤੈਨੂੰ ਪਤਾ ਹੈ, ਮੈਨੂੰ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੈ।"

"ਵੇਖੋ ਡੈਡੀ ਜੋ ਕੁਝ ਮਿਲਦਾ, ਚੁੱਪ ਕਰਕੇ ਖਾ ਲਿਆ ਕਰੋ। ਕੱਲ੍ਹ ਨੂੰ ਜੇਕਰ ਇਹ ਵੀ ਬਣਾ ਕੇ ਨਾ ਦੇਵੇ ਤਾਂ ਕੀ ਕਰੋਗੇ। ਬਹੁਤੀ ਗੱਲ ਹੈ ਤਾਂ ਦਵਾਈ ਦੀ ਡੋਜ਼ ਵਧਾ ਦਿਓ।" ਉਸ ਦੇ ਪੁੱਤਰ ਨੇ ਆਖਿਆ। ਉਸ ਦਿਨ ਤੋਂ ਬਾਅਦ ਉਸ ਨੇ ਕਦੇ ਵੀ ਕੋਈ ਸ਼ਿਕਾਇਤ ਨਾ ਕੀਤੀ। ਚੁੱਪ ਕਰਕੇ ਸਭ ਕੁਝ ਬਰਦਾਸ਼ਤ ਕਰ ਲੈਂਦਾ।

ਫਿਰ ਇੱਕ ਦਿਨ ਸਵੇਰੇ 11 ਕੁ ਵਜੇ ਉਸ ਨੇ ਫੋਨ ਕਰਕੇ ਦੱਸਿਆ ਕਿ ਉਹ ਆ ਰਿਹਾ ਹੈ। ਬੱਦਲਵਾਈ ਹੋਣ ਕਰਕੇ ਮੌਸਮ ਠੰਢਾ ਸੀ। ਉਸ ਲਈ ਪਕੌੜੇ ਬਣਾਏ ਗਏ। ਗਰਮ ਗਰਮ ਪਕੌੜੇ ਤੇ ਚਾਹ ਪੀ ਕੇ ਉਹ ਬਹੁਤ ਖੁਸ਼ ਹੋ ਗਿਆ। ਗੱਲਾਂ ਮਾਰਦਿਆਂ ਪਤਾ ਹੀ ਨਾ ਲੱਗਾ ਕਿ ਦੁਪਹਿਰ ਦੇ ਦੋ ਵੱਜ ਗਏ। ਉਹ ਜਾਣ ਲਈ ਤਿਆਰ ਹੋ ਗਿਆ। "ਨਹੀਂ ਤੁਹਾਨੂੰ ਇਸ ਤਰ੍ਹਾਂ ਨਹੀਂ ਜਾਣ ਦੇਣਾ, ਰੋਟੀ ਖਾ ਕੇ ਜਾਇਓ।" ਉਹ ਬੈਠ ਗਿਆ। ਮੱਕੀ ਦੀ ਰੋਟੀ ਅਤੇ ਨਾਲ ਸਾਗ ਖਾ ਕੇ ਉਹ ਖੁਸ਼ ਹੋਇਆ।

"ਯਾਰ, ਅੱਜ ਬੜੇ ਚਿਰਾਂ ਬਾਅਦ ਰੋਟੀ ਖਾਧੀ ਹੈ। ਮਜ਼ਾ ਆ ਗਿਆ। ਘਰ ਤਾਂ ਬਹੁਤੀ ਵਾਰ ਬਾਹਰੋਂ ਖਾਣਾ ਮੰਗਵਾਇਆ ਜਾਂਦਾ ਹੈ। ਜੇਕਰ ਘਰ ਬਣੇ ਤਾਂ ਉਹ ਵੀ ਇਡਲੀ-ਡੋਸਾ ਆਦਿ ਬਣਦਾ ਹੈ। ਜਿਹੜਾ ਮੈਨੂੰ ਕਦੀ ਸਵਾਦ ਨਹੀਂ ਲੱਗਾ।" ਉਹ ਜਾਣ ਲਈ ਤਿਆਰ ਹੋ ਗਿਆ। "ਚਲੋ ਚਾਹ ਪੀ ਕੇ ਚਲੇ ਜਾਇਓ।" "ਨਹੀਂ, ਏਨੇ ਚਿਰ ਬਾਅਦ ਰੋਟੀ ਖਾਧੀ ਹੈ। ਮੈਂ ਚਾਹ ਪੀ ਕੇ ਸਵਾਦ ਖਰਾਬ ਨਹੀਂ ਕਰਨਾ। ਮੈਂ ਚਾਹੁੰਦਾ ਹਾਂ ਕਿ ਵੱਧ ਤੋਂ ਵੱਧ ਸਮਾਂ, ਇਸ ਦਾ ਆਨੰਦ ਮਾਣਾ।" ਉਹ ਚਲਾ ਗਿਆ। ਰਾਤ ਸੱਤ ਕੁ ਵਜੇ ਉਸ ਦਾ ਫੋਨ ਆਇਆ ਕਿ ਉਹ ਘਰ ਪਹੁੰਚ ਗਿਆ ਹੈ।

"ਪਰ ਏਨਾ ਲੇਟ ਕਿਉਂ?" "ਸਮਾਂ ਤਾਂ ਲੱਗਣਾ ਹੀ ਸੀ, ਤਿੰਨ ਬੱਸਾਂ ਬਦਲ ਕੇ ਘਰ ਪਹੁੰਚਿਆ ਹਾਂ।" "ਪਰ ਸਿੱਧੀ ਬੱਸ ਕਿਉਂ ਨਹੀਂ ਲਈ।" "ਸਿੱਧੀ ਬੱਸ ਦੇ 7 ਡਾਲਰ ਲੱਗਣੇ ਸਨ। ਤੋੜ ਤੋੜ ਕੇ ਬੱਸ ਰਾਹੀਂ ਇਹ ਪੈਸੇ ਬਚ ਗਏ। ਕੈਨੇਡਾ ਸਰਕਾਰ ਨੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਲੋਕਲ ਬੱਸਾਂ ਰਾਹੀਂ ਸਫ਼ਰ ਫ੍ਰੀ ਕਰ ਦਿੱਤਾ ਹੈ। ਵੈਸੇ ਵੀ ਘਰ ਛੇਤੀ ਪਹੁੰਚ ਕੇ ਮੈਂ ਕਰਨਾ ਵੀ ਕੀ ਸੀ। ਮੱਕੀ ਦੀ ਰੋਟੀ ਅਤੇ ਸਾਗ ਲਈ ਫਿਰ ਧੰਨਵਾਦ।"

ਉਹ ਦੋ ਪੈਨਸ਼ਨਾਂ ਲੈ ਰਿਹਾ ਸੀ। ਇੱਕ ਇੰਡੀਆ ਵਿੱਚ ਅਤੇ ਦੂਸਰੀ ਕੈਨੇਡਾ ਵਿੱਚ। 7 ਡਾਲਰ ਉਸ ਨੇ ਬਚਾ ਲਏ ਸਨ, ਪਰ ਕਿਸ ਦੇ ਲਈ? ਇਹ ਸਵਾਲ ਮੈਨੂੰ ਪਰੇਸ਼ਾਨ ਕਰ ਰਿਹਾ ਸੀ।

# ਚਾਹ ਨਾਲ ਗੱਲਾਂ

ਚਾਹ ਪੀਣ ਲੱਗੇ ਤਾਂ ਸ੍ਰੀ ਮਤੀ ਮੈਨੂੰ ਕਹਿਣ ਲੱਗੀ। ਤੁਸੀਂ ਸੁਣਿਆ ਹੈ ਕਿ ਕੇਜਰੀਵਾਲ ਸਾਹਿਬ ਨੇ 45 ਕਰੋੜ ਦਾ ਘਰ ਬਣਾਇਆ ਹੈ। ਮੈਂ ਉਸ ਦੀ ਗੱਲ ਸੁਣ ਕੇ ਸੋਚਾਂ ਕੇ ਰਾਜਨੀਤੀ ਨਾਲੋਂ ਕੋਈ ਵਧੀਆ ਬਿਜ਼ਨਸ ਨਹੀਂ ਹੋ ਸਕਦਾ। ਕੇਜਰੀਵਾਲ ਜੀ ਕਹਿੰਦੇ ਹਨ ਕਿ ਲੋਕਾਂ ਦੀ ਸੇਵਾ ਲਈ ਨੌਕਰੀ ਛੱਡ ਦਿੱਤੀ। ਭਲੇਮਾਣਸਾਂ ਜੇ ਸਾਰੀ ਉਮਰ ਨੌਕਰੀ ਕਰੀ ਜਾਂਦੇ ਤਾਂ ਸ਼ੀਸ਼ ਮਹਿਲ ਥੋੜ੍ਹੇ ਬਣਨਾ ਸੀ । ਚਲੋ ਅਜੇ ਤਾਂ ਸ਼ੁਰੂਆਤਾਂ ਨੇ। ।



ਮੈਨੂੰ ਕਹਿਣ ਲੱਗੀ ਸੰਜੇ ਸਿੰਘ ਐਮ.ਪੀ ਕਹਿ ਰਹੇ ਸਨ ਮੋਦੀ ਜੀ ਨੇ ਆਪਣੇ ਘਰ ਨੂੰ ਠੀਕ ਠਾਕ ਕਰਨ ਲਈ 90 ਕਰੋੜ ਰੁਪਏ ਖਰਚੇ ਹਨ। ਜਿਸ ਗੱਡੀ ਵਿੱਚ ਆਉਂਦੇ ਹਨ ਉਹ 12 ਕਰੋੜ ਦੀ ਹੈ। ਇਹਨਾਂ ਤੋਂ ਕੋਈ ਪੁੱਛਣ ਵਾਲਾ ਹੋਵੇ। ਚਾਹ ਦਾ ਮੁੱਲ ਦੇਸ਼ ਤੋਂ ਅਜੇ ਹੋਰ ਕਿੰਨਾ ਕੁ ਲੈਣਾ ਹੈ। ਮੈਨੂੰ ਸ਼ਿਵ ਕੁਮਾਰ ਬਟਾਲਵੀ ਦੀਆ ਕੁਝ ਲਾਈਨਾਂ ਯਾਦ ਆ ਗਈਆਂ।

ਇਸ ਪਿੰਡ ਕੋਈ ਨਹੀਉਂ
ਸੱਕਾ ਸਾਡਾ ਅੰਮੀਏ ਨੀ
ਜਿਹੜਾ ਸਾਡੀ ਪੀੜ ਨੂੰ ਵੰਡਾਏ।

ਕਈ ਵਾਰ ਸਵ ਪ੍ਰਕਾਸ਼ ਸਿੰਘ ਬਾਦਲ ਵੀ ਕਹਿ ਦਿੰਦੇ ਸਨ। ਮੈਂ ਵੀ ਤੁਹਾਡੇ ਵਰਗਾ ਆਮ ਕਿਸਾਨ ਹਾਂ।ਜੇ ਇਹ ਆਮ ਨੇ ਜਨਤਾ ਕੀ ਹੋਈ? ਜਿਵੇਂ ਸਿਆਣੇ ਕਹਿੰਦੇ ਭੇਡ ਦੀ ਉੱਨ ਲੈਣੀ ਹੀ ਲੈਣੀ ਹੈ।

ਮੈਨੂੰ ਕਹਿਣ ਲੱਗੀ ਤੁਸੀਂ ਦੇਖਿਆ ਹੈ। ਅੱਜ ਕੱਲ ਹਰ ਰੋਡਵੇਜ਼ ਦੀ ਬੱਸ ਮਗਰ ਮਾਨ ਸਾਹਿਬ ਦੀ ਫੋਟੋ ਲੱਗੀ ਹੁੰਦੀ ਹੈ ਸਰਕਾਰ ਦੇ ਕੀਤੇ ਕੰਮ ਦੱਸੇ ਹੁੰਦੇ ਹਨ। ਮੈਂ ਸੋਚਾਂ ਪਹਿਲਾਂ ਬਾਦਲ ਸਾਹਿਬ ਦੀਆਂ ਫ਼ੋਟੋਆਂ, ਫਿਰ ਕੈਪਟਨ ਸਾਹਿਬ ਦੀਆਂ ਫ਼ੋਟੋਆਂ ਅਤੇ ਹੁਣ ਮਾਨ ਸਾਹਿਬ ਦੀਆਂ ਮੈਨੂੰ ਇਸ ਤਰਾਂ ਲੱਗਿਆਂ ਜਿਵੇਂ ਤਿੰਨੇ ਜਾਣੇ ਬਦਲ ਬਦਲ ਕੇ ਦੱਸ ਰਹੇ ਹੋਣ ਰੋਡਵੇਜ਼ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਹੁਣ ਮੇਰੀ ਸਾਡੇ ਇਕ ਰਿਸ਼ਤੇਦਾਰ ਰੋਡਵੇਜ਼ ਵਿੱਚ ਕੰਮ ਕਰਦੇ ਹਨ । ਮੈਨੂੰ ਕਹਿਣ ਲੱਗੇ ਡਿਪੂ ਵਿਚੋਂ ਸਮਾਨ ਹੀ ਨਹੀਂ ਮਿਲਦਾ ਇਕ ਬੱਸ ਦਾ ਸਮਾਨ ਕੱਢ ਕੇ ਦੂਸਰੀ ਬੱਸ ਵਿੱਚ ਪਾ ਦਿੱਤਾ ਜਾਂਦਾ ਹੈ। ਮੈਂ ਸੋਚਾਂ "ਮੰਗਵੇਂ ਸਾਹਾਂ ਨਾਲ ਜ਼ਿੰਦਗੀ ਕਿਵੇਂ ਚੱਲ ਸਕਦੀ ਹੈ"। ਬਿਨਾਂ ਸੋਚੇ ਸਮਝੇ ਸਭ ਕੁਝ ਮੁਫ਼ਤ ਕਰੀ ਜਾਂਦੇ ਹੋ ਡੀਜ਼ਲ ਸਾਂਭ ਸੰਭਾਲ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਕਿੱਥੋਂ ਆਉਣਗੀਆਂ ਜੇ ਇਹ ਅਦਾਰੇ ਕਾਮਯਾਬ ਹੋਣਗੇ ਕਿੰਨੇ ਲੋਕਾਂ ਨੂੰ ਰੁਜ਼ਗਾਰ ਦੇਣਗੇ। ਕੁਝ ਚੰਗੀਆਂ ਗੱਲਾਂ ਗੁਆਂਢੀਆਂ ਤੋਂ ਸਿੱਖ ਲੈਣੀਆਂ ਚਾਹੀਦੀਆਂ ਹਨ ਹਰਿਆਣਾ ਰੋਡਵੇਜ਼ ਕੋਲ ਆਪਣੇ ਨਾਲੋਂ ਘੱਟ ਬੱਸਾਂ ਹਨ ।ਆਪਣੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਰੋਡਵੇਜ਼ ਦੇ ਸਿਰ ਤੋਂ ਪੂਰੀਆਂ ਕਰਦੀ ਹੈ । ਓਥੇ ਲੰਮੇ ਰੂਟਾਂ ਤੇ ਪ੍ਰਾਈਵੇਟ ਬੱਸਾਂ ਹੀ ਨਹੀਂ ਹਨ। ਲੀਡਰਾਂ ਨੇ ਆਪਣੀਆਂ ਬੱਸਾਂ ਪਾਉਣ ਲਈ ਰੋਡਵੇਜ਼ ਨੂੰ ਖ਼ਤਮ ਕਰ ਦਿੱਤਾ।

ਮੈਨੂੰ ਕਹਿਣ ਲੱਗੀ ਧੀਆਂ ਨਾਮੀ ਮਹਿਲਾ ਪਹਿਲਵਾਨ ਦਿੱਲੀ ਵਿਚ ਜੰਤਰ ਮੰਤਰ ਤੇ ਸਰੀਰਕ ਸ਼ੋਸ਼ਣ ਵਿਰੁੱਧ ਧਰਨਾ ਦੇ ਰਹੀਆਂ ਹਨ। ਉਨ੍ਹਾਂ ਦੀ ਸ਼ਿਕਾਇਤ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਹੈ। ਇਨ੍ਹਾਂ ਨਾਮੀ ਮਹਿਲਾ ਪਹਿਲਵਾਨਾਂ ਦੀ ਕੋਈ ਸੁਣਵਾਈ ਨਹੀਂ ਤਾਂ ਆਮ ਜਨਤਾ ਦਾ ਕੀ ਹਾਲ ਹੋਵੇਗਾ।

ਕਿਹੜੇ ਕੰਮ ਇਹ ਮਿਲਖ ਜਗੀਰਾਂ
ਜੇ ਧੀਆਂ ਕੁਮਲਾਈਆਂ
ਕਿਹੜੇ ਕੰਮ ਤੇਰੇ ਮਾਨਸਰੋਵਰ
ਹਿੱਸਣੀਆਂ ਤਿਰਹਾਈਆਂ ।

ਇਸ ਤਰ੍ਹਾਂ ਦਾ ਮਾਮਲਾ ਹਰਿਆਣਾ ਦੇ ਖੇਡ ਮੰਤਰੀ ਸਰਦਾਰ ਸੰਦੀਪ ਸਿੰਘ ਵਿਰੁੱਧ ਵੀ ਲੱਗਿਆ ਸੀ। ਸਰਕਾਰ ਨੇ ਉਨ੍ਹਾਂ ਤੋਂ ਖੇਡ ਮੰਤਰੀ ਦਾ ਅਹੁਦਾ ਲੈ ਲਿਆ। ਪਰ ਉਹ ਮੰਤਰੀ ਬਣੇ ਰਹੇ। ਮੰਤਰੀ ਦੇ ਪੁੱਤਰ ਨੇ ਕਿੰਨੇ ਕਿਸਾਨ ਆਪਣੀ ਗੱਡੀ ਥੱਲੇ ਦਰੜ ਦਿੱਤੇ। ਸਦਕੇ ਜਾਈਏ ਸਰਕਾਰ ਦੇ ਉਨ੍ਹਾਂ ਨੇ ਆਪਣੇ ਮੰਤਰੀਆਂ ਨੂੰ ਆਂਚ ਨਹੀਂ ਆਉਣ ਦਿੱਤੀ। ਕਹਿੰਦੇ ਹਨ ਇਨ੍ਹਾਂ ਵਿਰੁੱਧ ਜਾਂਚ ਚੱਲ ਰਹੀ ਹੈ ਭਲਿਓਮਾਣਸੋ ਕੁਰਸੀ ਤੇ ਬੈਠ ਕੇ ਆਪਣੇ ਵਿਰੁੱਧ ਕਿਹੜਾ ਕਾਰਵਾਈ ਹੋਣ ਦੇਵੇਗਾ ਕਹਿੰਦੇ ਹਨ 'ਤਕੜੇ ਦਾ ਸੱਤੀ ਵੀਹੀ ਸੌ ਹੁੰਦਾ ਹੈ'।

ਬਿਜਲੀ ਬੋਰਡ ਵਿੱਚ ਭਾਰਤੀ ਹੋਈ ਮਾਨ ਸਰਕਾਰ ਨੇ ਓਸ ਵਿਚ ਜ਼ਿਆਦਾ ਵਿਅਕਤੀ ਦੂਜੀਆਂ ਸਟੇਟਾਂ ਦੇ ਭਰਤੀ ਕਰ ਦਿੱਤੇ। ਮਾਨ ਸਾਹਿਬ ਨੈਸ਼ਨਲ ਪਾਰਟੀ ਬਣਾਉਣ ਦੇ ਚੱਕਰ ਚ ਪੰਜਾਬ ਦਾ ਘਾਣ ਨਾ ਕਰੋ ਨੌਜਵਾਨ ਤਾਂ ਨੌਕਰੀਆਂ ਨਾ ਮਿਲਣ ਕਰਕੇ ਵਿਦੇਸ਼ਾਂ ਨੂੰ ਭੱਜੇ ਜਾ ਰਹੇ ਹਨ । ਸਰਕਾਰ ਦੇ ਆਪਣੇ ਅਨੁਮਾਨ ਅਨੁਸਾਰ 2,23,209 ਪੜ੍ਹੇ-ਲਿਖੇ ਸਕਿੱਲ ਵਰਕਰ ਹਨ।

ਮੈਨੂੰ ਕਹਿਣ ਲੱਗੀ ਚਾਰਲਸ ਤੀਜੇ ਦੀ ਤਾਜਪੋਸ਼ੀ ਹੋਈ ਹੈ। ਇੰਗਲੈਂਡ ਵਿੱਚ ਅਜੇ ਵੀ ਰਾਜ ਤੰਤਰ ਕਾਇਮ ਹੈ। ਮੈਂ ਸੋਚਾਂ ਉਨ੍ਹਾਂ ਦੀ ਤਾਜਪੋਸ਼ੀ ਤਾਂ ਪੰਜਾਬੀਆਂ ਨੂੰ ਦੰਦੀਆਂ ਹੈ ਚੜ੍ਹਾਉਂਦੀ ਹੈ। ਜਿਵੇਂ ਕਹਿ ਰਹੀ ਹੋਵੇ ਮੱਕਾਰੀ ਨਾਲ ਅਸੀਂ ਤੁਹਾਡੇ ਮਹਾਰਾਜੇ ਨੂੰ ਵੀ ਮਾਤ ਦੇ ਦਿੱਤੀ। ਉਸ ਦੇ ਨਾਬਾਲਗ ਪੁੱਤਰ ਨੂੰ ਆਪਣੀ ਸ਼ਰਨ ਵਿੱਚ ਲਿਆ । ਉਸ ਦਾ ਸਭ ਕੁਝ ਲੁੱਟ ਲਿਆ। ਮੈਨੂੰ ਇੱਕ ਲਾਈਨਾਂ ਯਾਦ ਆ ਗਈਆਂ



ਅੱਜ ਹੋਵੇ ਸਰਕਾਰ ਤਾਂ ਮੁੱਲ
ਪਾਵੇ ਜਿਹੜੀਆਂ ਖ਼ਾਲਸੇ ਨੇ ਤੇਗ਼ਾਂ ਮਾਰੀਆਂ
ਨੀ।
ਸਾਹ ਮੁਹੰਮਦਾ ਇੱਕ ਸਰਕਾਰ ਬਾਝੋਂ ਫੌਜਾਂ
ਜਿੱਤ ਕੇ ਅੰਤ ਨੂੰ ਹਾਰੀਆਂ ਨੀ।।

ਸੁਖਜੀਤ ਬੁਟਾਹਰੀ
+91 99140 34707

# "ਬਰਫ਼ੀ ਦਾ ਪੀਸ"



ਸਵਾਦਿਸ਼ਟ ਮਠਿਆਈਆਂ ਵਿੱਚੋ ਬਰਫ਼ੀ ਦਾ ਇਕ ਪੀਸ ਕਿਤੇ ਜ਼ਮੀਨ ਹੇਠਾ ਡਿੱਗ ਜਾਵੇ ਤਾਂ ਚੁੱਕਕੇ ਖਾਣ ਦਾ ਸਵਾਦ ਆ ਜਾਏ ਸਾਲਾ ! ਇਕ ਦਸ ਸਾਲ ਦੀ ਉਮਰ ਦਾ ਪ੍ਰਵਾਸੀ ਬੱਚਾ ਅੱਧੇ ਘੰਟੇ ਤੋਂ ਪੈਲੇਸ ਵਿੱਚ ਆਈ ਬਰਾਤ ਦੀ ਹੋ ਰਹੀ ਆਓਭਗਤ ਵੱਲ ਝਾਕਦਾ ਹੋਇਆ ਪੈਲੇਸ ਵਿੱਚ ਲੱਗੇ ਸ਼ਮਿਆਣੇ ਦੀ ਇਕ ਨੁਕਰ ਨੇੜੇ ਲੱਗੇ ਬਾਂਸ ਨਾਲ ਬਾਹਾਂ ਦਾ ਲਪੇਟਾ ਮਾਰ ਆਸ ਲਾਈ ਬੈਠਾ ਇਕ ਟਕ ਦੇਖ ਤੇ ਸੋਚ ਰਿਹਾ ਸੀ।



ਬਰਫ਼ੀ ਉਪਰ ਲੱਗੇ ਕਾਜੂ, ਬਦਾਮ ਦੇ ਨਾਲ ਪ੍ਰਵਾਸੀ ਬੱਚੇ ਦਾ ਦਿਲ ਹੋਰ ਮਚਲ ਰਿਹਾ ਸੀ ਤੇ ਬਿਨ ਖਾਧਿਆਂ ਪ੍ਰਵਾਸੀ ਬੱਚੇ ਦੇ ਗਲੇ ਹੇਠ ਉੱਤਰ ਰਿਹਾ ਉਸ ਦਾ ਸਵਾਦ ਸਾਫ਼ ਦਿਖਾਈ ਦੇ ਰਿਹਾ ਸੀ।

ਇੰਨੇ ਨੂੰ ਇਕ ਵੇਟਰ ਬਰਫ਼ੀ ਦੀ ਪਲੇਟ ਚੁੱਕੀ ਵਿਆਹ ਵਾਲੇ ਲਾੜੇ ਵੱਲ ਤੇਜ਼ੀ ਨਾਲ ਜਾ ਰਿਹਾ ਸੀ ਕਿ ਉਸ ਦਾ ਇਕ ਪੈਰ ਜ਼ਮੀਨ ਤੇ ਵਿਛੇ ਗਲੀਚੇ ਵਿੱਚ ਮਾਮੂਲੀ ਜਿਹਾ ਅਟਕਣ ਨਾਲ ਥੋੜਾ ਝਟਕਾ ਲੱਗਾ ਤੇ ਪਲੇਟ ਵਿੱਚੋ ਬਰਫ਼ੀ ਦਾ ਇਕ ਪੀਸ ਜ਼ਮੀਨ ਤੇ ਹੇਠਾ ਡਿੱਗ ਗਿਆ। ਬਰਫ਼ੀ ਦਾ ਪੀਸ ਡਿੱਗਾ ਦੇਖ ਪ੍ਰਵਾਸੀ ਬੱਚਾ ਖੁਸ਼ ਹੋ ਗਿਆ, ਮੂੰਹ ਤੇ ਰੰਗਤ ਆ ਗਈ ਤੇ ਮੂੰਹ ਵਿੱਚ ਸਵਾਦ ਲੈਂਦਾ ਜਲਦੀ ਨਾਲ ਬਾਂਸ ਨਾਲ ਲਪੇਟੀਆਂ ਬਾਹਾਂ ਹੇਠਾਂ ਲਿਆਂਦਾ ਹੋਇਆ ਬਰਫ਼ੀ ਦੇ ਪੀਸ ਵੱਲ ਦੱਬੇ ਪੈਰੀ ਅੱਗੇ ਵਧਣ ਲੱਗਾ ਤਾਂ ਬਰਾਤ ਵਿੱਚ ਸ਼ਾਮਲ ਨੌਜਵਾਨ ਦੇ ਇਕ ਟੋਲੇ ਵਿੱਚੋਂ ਇੱਕ ਲੜਕੇ ਦੇ ਪੈਰਾਂ ਹੇਠ ਆਕੇ ਬਰਫ਼ੀ ਦਾ ਪੀਸ ਮਸਲਿਆ ਗਿਆ। ਹੁਣ ਪ੍ਰਵਾਸੀ ਬੱਚਾ ਇਹ ਦਾਸਤਾਨ ਵੇਖ ਇਸ ਤਰਾਂ ਮਹਿਸੂਸ ਕਰ ਰਿਹਾ ਸੀ ਜਿਵੇਂ ਬਰਫ਼ੀ ਦਾ ਪੀਸ ਨਹੀ ਬਲਕਿ ਉਸ ਦਾ ਦਿਲ ਮਸਲ ਕੇ ਰੱਖ ਦਿੱਤਾ ਹੋਏ ------- !

ਰਾਜਿੰਦਰ ਸਿੰਘ ਰਾਜਨ ਪਠਾਨਕੋਟ
9417427656

# ਆਧੁਨਿਕ ਦੋਹੇ



ਕੱਲ੍ਹ ਦੇ ਜੰਮੇ ਮੱਤਾਂ ਦਿੰਦੇ ਬੱਗੀ ਹੋ 'ਗੀ ਦਾਹੜੀ!
ਬੁੱਢੇ ਦੀ ਖ਼ਰੀ ਗੱਲ ਹੁਣ ਸਭ ਨੂੰ ਲੱਗਦੀ ਮਾੜੀ!
ਅਖੇ ਧੁੱਪ 'ਚ ਬਹਿਕੇ ਕਾਲਿਉਂ ਕਰ ਲਏ ਬੱਗੇ!
ਉੱਚਾ ਨੀਵਾਂ ਬੋਲਦਾ ਕੁਝ ਨਾ ਦੇਖੇ ਸੱਜੇ-ਖੱਬੇ!
ਜ਼ਿੰਦਗੀ ਜੀਣ ਦਾ ਚੱਜ ਨਾ ਨ੍ਹੇਰਾ ਹੀ ਢੋਇਆ!
ਬਚਪਨ-ਜਵਾਨੀ ਕੱਟ ਬੁਢੇਪਾ ਆ ਖਲੋਇਆ!
ਅਜੋਕੇ ਦੌਰ ਦੇ ਬੂਜੇ ਕਿੱਝ ਮੋਢਿਉਂ ਰਹਿੰਦੇ ਝੁੱਕਦੇ!
ਭੋਰਾ ਭਰ ਔਖ ਨਾ ਝੱਲਦੇ ਹਰ ਗੱਲ 'ਤੇ ਅੱਕਦੇ!
ਨਾਢੂ ਖਾਂ ਬਣਕੇ ਫਿਰਦੇ ਨਾਲੇ ਕਰਦੇ ਪਏ ਮੌਜਾਂ!
ਬਾਪੂ ਦੇ ਸਿਰ 'ਤੇ ਕਰ ਲੀਆਂ ਬੜੀਆਂ ਹੀ ਖੋਜਾਂ!
ਬਾਪੂ ਦੇ ਪੈਰੀਂ ਟੁੱਟੇ ਛਿੱਤਰ ਅਪਣਾ ਸਮਾਂ ਲੰਘਾਵੇ!
ਪੁੱਤ ਦੇ ਪੈਰੀਂ ਮਹਿੰਗੀ ਜੁੱਤੀ ਲਿਸ਼ਕਾਂ ਮਾਰ ਜਗਾਵੇ!
ਐਸੇ ਦਿਹੁੰ ਵੀ ਦੇਖਣੇ ਸੀ ਦੋਸਤੋ ਜੋ ਕਦੇ ਨਾ ਸੋਚੇ!
ਕਾਹਦੇ ਕੰਮ ਕੇਹੀ ਕਮਾਈ ਆਵੇ ਗੱਲ ਨਾ ਮੋਚੇ!
ਬੁੜਾ ਤਾਂ ਬੁੜਬੁੜ ਕਰਦਾ ਬਾਚੀ ਰਹੇ ਚਲਾਉਂਦਾ!
ਜੀਵਨ ਤਜਰਬੇ ਦੀ ਗੱਲ ਹਰਦਮ ਰਹੇ ਸੁਣਾਉਂਦਾ!
ਵਿਗਿਆਨਕ ਯੁੱਗ ਦੇ ਬੱਚੇ ਹੋ ਗਏ ਬੜੇ ਸਿਆਣੇ!
ਹੱਥ ਕੰਨਾਂ ਨੂੰ ਲਾ ਕੇ ਕਹਿੰਦੇ ਕਮਲੇ ਹੋ'ਗੇ ਨਿਆਣੇ!
ਸਭ ਗੱਲਾਂ ਦਾ ਛੱਡ ਕੇ ਝੇੜਾ ਇਕ ਪਾਸੇ ਨੂੰ ਹੋ ਜਾ!
ਹਰ ਗੱਲ ਦਾ ਨੋਟਿਸ ਲੈ ਆ ਕੁਰਸੀ ਉੱਤੇ ਬਹਿ 'ਜਾ!
ਦੜ ਵੱਟ ਜ਼ਮਾਨਾ ਕੱਟ ਏਥੇ ਕੋਈ ਨਾ ਕਿਸੇ ਨੂੰ ਪੁੱਛੇ!
ਖ਼ਰੀ ਗੱਲ ਕਹਿਣ ਵਾਲੇ ਦੇ ਪੈ ਜਾਂਦੇ ਨੇ ਕਿੱਝ ਪਿੱਛੇ?

ਰਣਜੀਤ ਆਜ਼ਾਦ ਕਾਂਝਲਾ
ਸੰਪਰਕ: 094646-97781



## .ਗ਼ਜ਼ਲ

ਮੁੱਦਤ ਤੋਂ ਜਿਸ ਮਾਹੌਲ ਦੀ, ਸਭ ਨੂੰ ਉਡੀਕ ਹੈ।
ਸੁਣਿਆ ਕਿ ਉਸ ਦੀ ਪਹੁੰਚ, ਅਜੇ ਜੂਹਾਂ ਤੀਕ ਹੈ।
ਤਨ ਜੇ ਕਿਸੇ ਦਾ ਹੋਰ ਥਾਂ, ਮਨ ਹੋਰ ਥਾਂ ਰਹੇ।
ਉਸ ਯਾਰ ਦੇ ਮਿਲਾਪ ਤੋਂ, ਦੂਰੀ ਹੀ ਠੀਕ ਹੈ।
ਲੰਘ ਜਾਣ ਦੇ ਇਹ ਦੌਰ ਵੀ ਲੰਘਿਆ ਜਿਵੇਂ ਪਿਛਲਾ,
ਇਹ ਫੇਰ ਵਿਚਾਰਾਂਗੇ, ਬੁਰਾ ਸੀ ਜਾਂ ਠੀਕ ਹੈ।
ਮਿਲਿਆ ਤਪੋਂ ਜੇ ਰਾਜ, ਨਰਕ ਰਾਜ ਤੋਂ ਮਿਲੂ,
ਪੁਰਖ਼ਾਂ ਦੇ ਬੋਲ ਹਾਕਮਾ, ਪੱਥਰ 'ਤੇ ਲੀਕ ਹੈ।
ਮੈਰਿਟ ਤੇ ਡਿਗਰੀਆਂ ਨੂੰ, ਸਿਫ਼ਾਰਸ਼ ਨੇ ਕੁਚਲਿਆ।
ਵਰ੍ਹਿਆਂ ਦੀ ਘਾਲਣਾ, ਤੇ ਇਹ ਗੱਲ ਨਾ ਠੀਕ ਹੈ।
ਮੁਨਸਿਫ਼ ਜੇ ਬੇਗੁਨਾਹ ਨੂੰ, ਇਨਸਾਫ਼ ਨਾ ਦੇਵੇ,
ਸਾਜ਼ਿਸ਼ 'ਚ ਉਹ ਵੀ ਸਮਝੋ, ਬਰਾਬਰ ਸ਼ਰੀਕ ਹੈ।
ਕਿੰਜ ਚੀਜ਼ ਨਿਰ-ਅਕਾਰ ਦਾ, ਨਿਰਣਾ ਕੋਈ ਕਰੇ,
ਕਿੰਜ ਰਾਹ 'ਤੇ ਤੁਰੇ, ਜੋ ਹਵਾ ਤੋਂ ਬਰੀਕ ਹੈ।

ਅਜੀਤ ਕਮਲ ਬਟਾਲਾ
ਸੰਪਰਕ: 94173-76895

## .ਗ਼ਜ਼ਲ

ਕੁਝ ਸੱਜਣ ਤਾਂ ਸਾਹਵਾਂ ਵਰਗੇ ਹੁੰਦੇ ਨੇ।
ਅਪਣੇ ਪਿੰਡ ਦੇ ਰਾਹਵਾਂ ਵਰਗੇ ਹੁੰਦੇ ਨੇ।

ਜਿਸ ਬੰਦੇ 'ਤੇ ਪੈਂਦੀ, ਜਾਣੇ ਓਹੀ ਬਸ,
ਯਾਰੋ ਦੁੱਖ ਸਜ਼ਾਵਾਂ ਵਰਗੇ ਹੁੰਦੇ ਨੇ।

ਔਖੇ ਵੇਲੇ ਜਿਹੜੇ ਨਾਲ ਖਲੋਂਦੇ ਹਨ,
ਐਸੇ ਯਾਰ ਭਰਾਵਾਂ ਵਰਗੇ ਹੁੰਦੇ ਨੇ।

ਮਨ ਚਿਤ ਹੋ ਕੇ ਸੁਣਿਓ ਬੋਲ ਫ਼ਕੀਰਾਂ ਦੇ,
ਠੰਢੀਆਂ ਸੀਤ ਹਵਾਵਾਂ ਵਰਗੇ ਹੁੰਦੇ ਨੇ।

ਨਾ ਘਬਰਾਈਂ ਇਹ ਤਾਂ ਹਿੱਸਾ ਜੀਵਨ ਦਾ,
ਦੁੱਖ ਸੁੱਖ ਧੁੱਪਾਂ ਛਾਵਾਂ ਵਰਗੇ ਹੁੰਦੇ ਨੇ।

ਸੱਜਣ ਮਿਲਦੇ ਜਿੱਥੇ 'ਗੋਸਲ' ਉਹ ਥਾਂ ਵੀ,
ਪਾਕਿ ਪਵਿੱਤਰ ਥਾਵਾਂ ਵਰਗੇ ਹੁੰਦੇ ਨੇ।

ਗੁਰਵਿੰਦਰ 'ਗੋਸਲ'/ਸੰਪਰਕ: 97796-96042

# ਸਿਆਸੀ ਲਾਰਾ

ਚੋਣਾਂ ਵਿੱਚ ਵੋਟਾਂ ਸਬੰਧੀ ਗੇੜਾ ਦੇ ਕੇ ਸ਼ਾਮੀ ਕਾਫ਼ਲਾ ਵਾਪਸ ਆਇਆ ਤਾਂ ਇੱਕ ਵਰਕਰ ਨੇ ਨੇਤਾ ਨੂੰ ਪੁੱਛਿਆ, "ਨੇਤਾ ਜੀ! ਤੁਸੀਂ ਨਾ ਲੋਕਾਂ ਨੂੰ ਐਡੇ ਵੱਡੇ-ਵੱਡੇ ਲਾਰੇ ਲਾਓ। ਇਹ ਤੁਹਾਡੇ ਕੋਲੋਂ ਪੂਰੇ ਨਹੀਂ ਕੀਤੇ ਜਾਣੇ।" "ਓ ਮੂਰਖਾ! ਉਹ ਲਾਰੇ ਕਾਹਦੇ ਹੋਏ ਜੋ ਪੂਰੇ ਹੋ ਗਏ?" ਨੇਤਾ ਜੀ ਮੁੱਛਾਂ ਉੱਤੇ ਹੱਥ ਫੇਰਦੇ ਬੋਲੇ। ਵਰਕਰ ਫੇਰ ਬੋਲਿਆ, "ਜੇ ਆਪਾਂ ਜਿੱਤ ਗਏ ਤਾਂ ਲੋਕ ਆਪਾਂ ਨੂੰ ਪੁੱਛਣਗੇ ਕਿ ਤੁਸੀਂ ਵੋਟਾਂ ਵੇਲੇ ਕਿੱਡੇ-ਕਿੱਡੇ ਲਾਰੇ ਲਾਉਂਦੇ ਰਹੇ ਹੋ, ਹੁਣ ਪੂਰੇ ਕਰੋ ਫਿਰ ਤੁਸੀਂ ਕੀ ਕਰੋਗੇ?" "ਓ ਭੋਲਿਆ! ਇਹ ਸਿਆਸਤ ਹੈ, ਏਥੇ ਸਭ ਝੂਠ ਤੂਫ਼ਾਨ ਚੱਲਦੈ। ਇੱਕ ਬਹੁਤ ਵੱਡਾ ਪੁਰਾਣਾ ਰਵਾਇਤੀ ਬਹਾਨਾ ਅੱਗੇ ਵੀ ਲਾਉਂਦੇ ਆਏ ਹਾਂ, ਜਿੱਤ ਕੇ ਫਿਰ ਲਾ ਦੇਵਾਂਗੇ।" "ਨੇਤਾ ਜੀ ਉਹ ਕਿਹੜਾ ਬਹਾਨਾ ਹੈ? ਮੈਨੂੰ ਵੀ ਦੱਸ ਦੇਵੋ।" "ਬਸ ਓਹੀ ਕਿ ਪੁਰਾਣੀ ਸੱਤਾ ਧਿਰ ਖ਼ਜ਼ਾਨਾ ਖ਼ਾਲੀ ਕਰ ਗਈ। ਜਦੋਂ ਹੌਲੀ-ਹੌਲੀ ਭਰਾਂਗੇ ਤਾਂ ਤੁਹਾਡਾ ਵਾਅਦੇ ਪੂਰੇ ਕਰਾਂਗੇ। ਨਾ ਖ਼ਜ਼ਾਨਾ ਅਸੀਂ ਭਰਨ ਦੇਈਏ ਤੇ ਨਾ ਵਾਅਦੇ ਪੂਰੇ ਕਰਨ ਦੀ ਲੋੜ ਪਵੇ।" "ਮੰਨ ਗਏ ਨੇਤਾ ਜੀ ਤੁਹਾਡੇ ਦਿਮਾਗ਼ ਨੂੰ। ਹੁਣ ਤੁਸੀਂ ਪੱਕੇ ਸਿਆਸਤਦਾਨ ਬਣ ਗਏ ਹੋ। ਫੇਰ ਤਾਂ ਜਿੰਨੇ ਮਰਜ਼ੀ ਲਾਰੇ ਲਾਈ ਚੱਲੋ," ਹੁਣ ਵਰਕਰ ਬਾਗ਼ੋ-ਬਾਗ਼ ਸੀ।

ਅਮਰੀਕ ਸਿੰਘ ਤਲਵੰਡੀ ਕਲਾਂ
ਸੰਪਰਕ: 94635-42896



# ਕਿਤੇ ਬੋਲ ਵੇ ਚੰਦਰਿਆ ਕਾਵਾਂ...

ਹਰਪ੍ਰੀਤ ਸਿੰਘ ਸਵੈਚ
98782-24000

ਕੋਈ ਸਮਾਂ ਸੀ ਜਦੋਂ ਬਨੇਰਿਆਂ 'ਤੇ ਬੋਲਦੇ ਕਾਂਵਾਂ ਨੂੰ ਸੁਣ ਕੇ ਘਰ ਦੇ ਜੀਆਂ ਨੂੰ ਚਾਅ ਚੜ੍ਹ ਜਾਂਦਾ ਤੇ ਮਹਿਮਾਨ ਆਉਣ ਦਾ ਸੂਚਕ ਸਮਝ ਕੇ ਕਾਵਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਖੁਆਈਆਂ ਜਾਂਦੀਆਂ, ਪਰ ਅਜੋਕੇ ਮਸ਼ੀਨੀ ਯੁੱਗ ਵਿਚ ਘਰਾਂ ਦੇ ਬਨੇਰੇ ਹੀ ਨਹੀਂ ਰਹੇ ਤਾਂ ਕਾਵਾਂ ਵਿਚਾਰਿਆਂ ਨੇ ਕਿੱਥੇ ਬੋਲਣਾ। ਅਜੋਕੀ ਪੀੜ੍ਹੀ ਲਈ ਕਾਂ ਇਕ ਕਾਲੇ ਕਲੂਟੇ ਪੰਛੀ ਤੋਂ ਵਧ ਕੇ ਕੁਝ ਨਹੀਂ, ਜਦੋਂ ਕਿ ਪੁਰਾਤਨ ਸਮਿਆਂ ਵਿਚ ਕਾਂ ਪੰਜਾਬੀ ਜਨ ਜੀਵਨ ਦੇ ਲਗਭਗ ਹਰ ਪਹਿਲੂ ਵਿਚ ਛਾਇਆ ਹੋਇਆ ਸੀ। ਪੰਜਾਬੀ ਲੋਕ ਗੀਤਾਂ, ਲੋਕ ਕਹਾਣੀਆਂ ਅਤੇ ਲੋਕ ਅਖਾਣਾਂ ਵਿਚ ਕਾਵਾਂ ਨੂੰ ਸੰਬੋਧਨ ਕਰਦਿਆਂ ਅਨੇਕਾਂ ਮਨੋਭਾਵਾਂ ਦਾ ਪ੍ਰਗਟਾਵਾ ਕੀਤਾ ਗਿਆ ਮਿਲਦਾ ਹੈ। ਕਾਂ ਨੂੰ ਕਾਸਿਦ ਦੇ ਰੂਪ ਵਿਚ ਵੇਖਦੇ ਹੋਏ ਜਿੱਥੇ ਸੁਆਣੀਆਂ ਵੱਲੋਂ ਇਕ ਪਾਸੇ ਕਾਵਾਂ ਦੇ ਤਰਲੇ ਕੱਢੇ ਜਾਂਦੇ ਹਨ ਤਾਂ ਦੂਜੇ ਪਾਸੇ ਕਾਂ ਨੂੰ ਉਲਾਂਭੇ ਵੀ ਦਿੱਤੇ ਜਾਂਦੇ ਹਨ। ਕਾਵਾਂ 'ਤੇ ਰਚੇ ਗਏ ਬਹੁਤ ਸਾਰੇ ਲੋਕ ਗੀਤਾਂ ਵਿਚ ਪੰਜਾਬ ਦੀਆਂ ਧੀਆਂ, ਸੁਹਾਗਣਾਂ ਅਤੇ ਪਿਆਰ ਦੇ ਇਸ਼ਕ 'ਚ ਲੀਨ ਕੁਆਰੀਆਂ ਦੇ ਜਜ਼ਬਾਤਾਂ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ। ਪ੍ਰਦੇਸ ਗਏ ਸੱਜਣਾਂ ਦਾ ਕੋਈ ਸੁਨੇਹਾ ਦੇਣ ਵਾਸਤੇ ਕਾਂ ਦੇ ਹਾੜ੍ਹੇ ਇੰਜ ਕੱਢੇ ਗਏ ਹਨ:

ਆ ਕਾਵਾਂ ਤੈਨੂੰ ਚੂਰੀਆਂ ਪਾਵਾਂ,
ਕਦੀ ਸਾਡੇ ਵੀ ਬੈਠ ਬਨੇਰੇ
ਦੇ ਪੈਗਾਮ ਕੋਈ ਸੱਜਣਾਂ ਵਾਲਾ,
ਵੇ ਮੈਂ ਸ਼ਗਨ ਮਨਾਵਾਂ ਤੇਰੇ

ਪੰਜਾਬੀ ਲੋਕ ਗੀਤਾਂ ਵਿਚ ਇਕ ਚਾਲਾਕ ਪੰਛੀ ਹੋਣ ਦੇ ਬਾਵਜੂਦ ਕਾਂ ਨੂੰ ਬਹੁਤ ਵਡਿਆਇਆ ਗਿਆ ਹੈ। ਪਿਆਰੇ ਦੇ ਇੰਤਜ਼ਾਰ ਵਿਚ ਔਸੀਆਂ ਪਾਉਂਦੀ ਮੁਟਿਆਰ ਜਿੱਥੇ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਪਾਉਂਦੀ ਹੈ ਉੱਥੇ ਹੀ ਪਿਆਰੇ ਦਾ ਸੁਨੇਹਾ ਦੇਣ 'ਤੇ ਕਾਂ ਦੀ ਚੁੰਝ ਸੋਨੇ ਨਾਲ ਮੜ੍ਹਾਉਣ ਦਾ ਲਾਲਚ ਵੀ ਦਿੰਦੀ ਹੈ:

ਚੁੰਝ ਵੇ ਤੇਰੀ ਕਾਲਿਆ ਕਾਵਾਂ ਸੋਨੇ ਨਾਲ ਮੜ੍ਹਾਵਾਂ
ਜਾਹ ਆਖੀਂ ਮੇਰੇ ਮਾਹੀਏ ਨੂੰ ਮੈਂ ਨਿੱਤ ਔਸੀਆਂ ਪਾਵਾਂ

ਭਾਵੇਂ ਕੋਇਲ ਵਾਂਗ ਕਾਂ ਦੀ ਆਵਾਜ਼ ਕੋਈ ਬਹੁਤੀ ਦਿਲਟੁੰਬਵੀਂ ਨਹੀਂ ਹੈ, ਪਰ ਇਸ ਦੇ ਬਾਵਜੂਦ ਪੰਜਾਬੀ ਜਨਜੀਵਨ ਵਿਚ ਕਾਂ ਨੂੰ ਕੋਇਲ ਨਾਲੋਂ ਵੱਧ ਤਰਜੀਹ ਦਿੱਤੀ ਗਈ ਜਾਪਦੀ ਹੈ। ਕਿਸੇ ਦੀ ਉਡੀਕ ਹੋਵੇ ਤਾਂ ਕੋਇਲ ਦੀ ਮਿੱਠੀ ਆਵਾਜ਼ ਵੀ ਦਿਲ ਨੂੰ ਚੈਨ ਨਹੀਂ ਪਾਉਂਦੀ ਤੇ ਉਡੀਕ ਰਹਿੰਦੀ ਹੈ ਕਿ ਕਦੋਂ ਕਾਂ ਬਨੇਰੇ ਉੱਤੇ ਬੋਲੇ ਤੇ ਉਡੀਕ ਮੁੱਕੇ:

ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ
ਕੋਇਲਾਂ ਕੂਕਦੀਆਂ, ਕਿਤੇ ਬੋਲ ਵੇ ਚੰਦਰਿਆ ਕਾਵਾਂ

ਅੱਜ ਵਾਂਗ ਪੁਰਾਤਨ ਸਮਿਆਂ ਵਿਚ ਸੰਚਾਰ ਸਾਧਨਾਂ ਦੀ ਘਾਟ ਕਾਰਨ ਸਹੁਰੇ ਘਰ ਵਸਦੀਆਂ ਧੀਆਂ ਕਾਵਾਂ ਚਿੱਠੀਆਂ ਨਾਲ ਹੀ ਆਪਣਾ ਦਿਲ ਫਰੋਲਦੀਆਂ ਸਨ। ਸਹੁਰੇ ਘਰ ਦੇ ਵਿਹੜੇ ਵਿਚ ਬੈਠੀ ਧੀ ਆਪਣੇ ਮਾਪਿਆਂ ਜਾਂ ਭਰਾ ਦੀ ਉਡੀਕ ਵਿਚ ਕਾਂ ਨਾਲ ਆਪਣੇ ਦੁੱਖ ਸੁੱਖ ਕਰਦੀ ਹੋਈ ਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਸਤੇ ਪਾਉਂਦੀ ਹੈ ਤੇ ਉਸਦੇ ਪੇਕਿਆਂ ਤਕ ਆਪਣਾ ਸੁਨੇਹਾ ਪਹੁੰਚਾਉਣ ਲਈ ਆਖਦੀ ਹੈ:

ਉੱਡਦਾ ਵੇ ਜਾਵੀਂ ਕਾਵਾਂ
ਬਹਿੰਦਾ ਜਾਵੀਂ ਵੇ
ਦੱਸੀਂ ਵੇ ਕਾਵਾਂ ਦੱਸੀਂ ਵੀਰ ਮੇਰੇ ਨੂੰ
ਆਊਗਾ ਅੜਿਆ ਨੀਲਾ ਘੋੜਾ ਪੀੜ ਕੇ

ਬਹੁਤਾ ਤੇ ਫਜ਼ੂਲ ਬੋਲਣ ਵਾਲੇ ਨੂੰ ਅਕਸਰ 'ਕਾਂ ਖਾ ਕੇ ਆਇਆ ਏਂ' ਦਾ ਤਾਅਨਾ ਦਿੱਤਾ ਜਾਂਦਾ ਹੈ। ਵਿਆਹ ਮੌਕੇ ਆਉਂਦੇ ਨਾਨਕਾ ਮੇਲ ਦੌਰਾਨ ਨਾਨਕੀਆਂ ਦਾਦਕੀਆਂ ਨੂੰ ਕਾਵਾਂ ਦੇ ਨਾਮ 'ਤੇ ਸਿੱਠਣੀਆਂ ਵੀ ਦੇ ਦਿੱਤੀਆਂ ਜਾਂਦੀਆਂ ਹਨ, ਜਿਸ ਦਾ ਕੋਈ ਗੁੱਸਾ ਗਿਲਾ ਵੀ ਨਹੀਂ ਕਰਦਾ:

ਕਿੱਥੇ ਗਈਆਂ ਲਾੜਿਆ ਤੇਰੀਆਂ ਦਾਦਕੀਆਂ
ਖਾਧੇ ਸੀ ਮਾਸ, ਜੰਮੇ ਸੀ ਕਾਂ
ਕਾਂ ਕਾਂ ਕਰਦੀਆਂ ਵੇ ਤੇਰੀਆਂ ਦਾਦਕੀਆਂ

ਪੰਜਾਬੀ ਲੋਕ ਗੀਤਾਂ ਦੀ ਲਗਭਗ ਹਰ ਵੰਨਗੀ ਵਿਚ ਕਾਵਾਂ ਰਾਹੀਂ ਮਨੋਭਾਵਾਂ ਨੂੰ ਬਿਆਨ ਕੀਤਾ ਗਿਆ ਹੈ। ਵਿਆਹ ਤੋਂ ਬਾਅਦ ਧੀਆਂ ਦੀ ਯਾਦ ਵਿਚ ਮਾਵਾਂ ਦੀਆਂ ਭਾਵਨਾਵਾਂ ਨੂੰ ਟੱਪਿਆਂ ਦੇ ਰੂਪ ਵਿਚ ਇੰਜ ਪੇਸ਼ ਕੀਤਾ ਗਿਆ ਹੈ:

ਕਾਲੇ ਖੰਭ ਨੇ ਕਾਵਾਂ ਦੇ
ਧੀਆਂ ਪ੍ਰਦੇਸ ਗਈਆਂ
ਧਨ ਜਿਗਰੇ ਮਾਵਾਂ ਦੇ

ਛੋਟੇ ਬੱਚਿਆਂ ਨੂੰ ਕਾਂ ਦਾ ਡਰਾਵਾ ਦਿੱਤਾ ਜਾਂਦਾ ਹੈ ਕਿਉਂਕਿ ਕਾਂ ਛੋਟੇ ਬਾਲਾਂ ਦੇ ਹੱਥੋਂ ਰੋਟੀ ਦੀਆਂ ਬੁਰਕੀਆਂ ਖੋਹ ਕੇ ਲੈ ਜਾਂਦਾ ਹੈ। ਮਾਂਵਾਂ ਵੱਲੋਂ ਛੋਟੇ ਬਾਲਾਂ ਨੂੰ ਸੁਲਾਉਣ ਲਈ ਸੁਣਾਈਆਂ ਜਾਂਦੀਆਂ ਲੋਰੀਆਂ ਵਿਚ ਵੀ ਕਾਵਾਂ ਦੀ ਬਾਖੂਬੀ ਪੇਸ਼ਕਾਰੀ ਹੋਈ ਹੈ। ਮਾਂ ਆਪਣੇ ਬੱਚੇ ਨੂੰ ਛੇਤੀ ਰੋਟੀ ਖਾਣ ਲਈ ਕਾਂ ਦਾ ਡਰਾਵਾ ਦਿੰਦੀ ਹੋਈ ਕਹਿੰਦੀ ਹੈ:

ਕਾਕੇ ਲਈ ਹੈ ਚੂਰੀ ਕੁੱਟੀ
ਨਾਲੇ ਰੱਖੀ ਦਹੀਂ ਦੀ ਫੁੱਟੀ
ਕਾਂ ਮਾਰੀ ਝੁੱਟੀ
ਫੁੱਟੀ ਗਈ ਲੁੱਟੀ

ਲੋਕ ਅਖਾਣਾਂ ਵਿਚ ਵੀ ਕਾਂ ਦੇ ਜੀਵਨ ਨੂੰ ਸਾਹਮਣੇ ਰੱਖਦਿਆਂ ਅਨੇਕਾਂ ਨਸੀਹਤਾਂ ਦਿੱਤੀਆਂ ਗਈਆਂ ਮਿਲਦੀਆਂ ਹਨ। ਕਾਵਾਂ ਵਿਚ ਆਪਸੀ ਏਕਾ ਲਾਜਵਾਬ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ 'ਕਾਂ ਕਾਵਾਂ ਦੇ ਭਰਾ ਭਰਾਵਾਂ ਦੇ।' ਲੋਕ ਅਖਾਣਾਂ ਵਿਚ ਕਾਵਾਂ ਨੂੰ ਪਰਿਵਾਰ ਜੋੜ ਕੇ ਰੱਖਣ ਵਾਲੇ ਜੀਵਾਂ ਦੇ ਤੌਰ 'ਤੇ ਪੇਸ਼ ਕੀਤਾ ਗਿਆ ਹੈ:

ਕਾਂ ਕੰਬੋਅ ਕਰਾੜ ਕਬੀਲਾ ਪਾਲਦੇ
ਜੱਟ ਮਹਾਂ ਸੰਸਾਰ ਕਬੀਲਾ ਗਾਲਦੇ

ਇਸ ਅਖਾਣ ਵਿਚ ਪੇਸ਼ ਹੋਈਆਂ ਬਾਕੀ ਜਾਤਾਂ ਬਾਰੇ ਤਾਂ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਕਾਵਾਂ 'ਤੇ ਅੱਜ ਵੀ ਇਹ ਕਹਾਵਤ ਪੂਰੀ ਤਰ੍ਹਾਂ ਢੁਕਦੀ ਹੈ। ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।

**ਅਜੋਕੇ ਮਸ਼ੀਨੀਕਰਨ ਦੇ ਯੁੱਗ ਵਿਚ ਮਨੁੱਖੀ ਤਰਜੀਹਾਂ ਪੂਰੀ ਤਰ੍ਹਾਂ ਬਦਲ ਚੁੱਕੀਆਂ ਹਨ ਤੇ ਮਨੁੱਖ ਕੁਦਰਤ ਨਾਲੋਂ ਟੁੱਟ ਗਿਆ ਹੈ। ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਅਜੋਕੇ ਯੁੱਗ ਵਿਚ ਕਾਵਾਂ ਦੀ ਕੋਈ ਬਹੁਤ ਕਦਰ ਨਹੀਂ ਰਹੀ। ਭੱਜਦੌੜ ਦੀ ਅਜੋਕੀ ਦੁਨੀਆਂ ਵਿਚ ਕੋਈ ਕਿਸੇ ਦੀ ਉਡੀਕ ਨਹੀਂ ਕਰਦਾ। ਪੁਰਾਤਨ ਸਮਿਆਂ ਵਿਚ ਪਿਆਰਿਆਂ ਦੀ ਉਡੀਕ ਦਾ ਰਸ ਮਾਣਿਆ ਜਾਂਦਾ ਸੀ, ਪਰ ਅਜੋਕਾ ਮਨੁੱਖ ਉਡੀਕ ਕਰਨ ਵਿਚ ਆਪਣੀ ਤੌਹੀਨ ਸਮਝਣ ਲੱਗਾ ਹੈ। ਅਜਿਹੇ ਹਾਲਾਤ ਵਿਚ ਕਾਂ ਨੂੰ ਦੇਸੀ ਘਿਓ ਦੀਆਂ ਚੂਰੀਆਂ ਕਿੱਥੋਂ ਨਸੀਬ ਹੋਣਗੀਆਂ।**

# ਸਿਹਤ ਲਈ ਬਹੁਤ ਲਾਹੇਵੰਦ ਹੁੰਦੀ ਹੈ 'ਬਾਸੀ ਰੋਟੀ'

ਅਕਸਰ ਘਰਾਂ 'ਚ ਰੋਟੀਆਂ ਬਚ ਹੀ ਜਾਂਦੀਆਂ ਹਨ, ਜੋ ਤੁਸੀਂ ਜਾਨਵਰਾਂ ਨੂੰ ਪਾ ਦਿੰਦੇ ਹੋ ਜਾਂ ਫਿਰ ਤੁਹਾਨੂੰ ਖਾਣਾ ਪਸੰਦ ਨਹੀਂ ਹੁੰਦਾ। ਕੁਝ ਲੋਕ ਬੇਹੀ (ਬਾਸੀ) ਰੋਟੀ ਨਾ ਖਾਣ ਦਾ ਕਾਰਨ ਇਸ ਨੂੰ ਸਿਹਤ ਨਾਲ ਜੋੜ ਕੇ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਾਡੀ ਸਿਹਤ ਲਈ ਠੀਕ ਨਹੀਂ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਬੇਹੀ ਰੋਟੀ ਖਾਣ ਨਾਲ ਸਾਡੇ ਸਰੀਰ ਨੂੰ ਕਈ ਫ਼ਾਇਦੇ ਵੀ ਹੁੰਦੇ ਹਨ। ਆਓ ਜਾਣਦੇ ਹਾਂ ਬਾਸੀ ਰੋਟੀ ਖਾਣ ਫ਼ਾਇਦਿਆਂ ਬਾਰੇ :-

**ਕਿਵੇਂ ਹੁੰਦੀ ਹੈ ਬੇਹੀ ਰੋਟੀ ਸਿਹਤ ਲਈ ਫ਼ਾਇਦੇਮੰਦ?**

ਵੈਸੇ ਤਾਂ ਕਣਕ ਦੇ ਆਟੇ ਤੋਂ ਬਣੀਆਂ ਤਾਜ਼ੀਆਂ ਰੋਟੀਆਂ ਸਿਹਤ ਲਈ ਪੌਸ਼ਟਿਕ ਮੰਨੀਆਂ ਜਾਂਦੀਆਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਲੰਬੇ ਸਮੇਂ ਤੱਕ ਰੱਖਣ ਨਾਲ ਇਸ 'ਚ ਮੌਜੂਦ ਬੈਕਟੀਰੀਆ ਸਿਹਤ ਨੂੰ ਬਣਾਉਣ 'ਚ ਫ਼ਾਇਦੇਮੰਦ ਹੁੰਦੇ ਹਨ। ਜੀ ਹਾਂ, ਇਹ ਸੁਣਨ 'ਚ ਥੋੜ੍ਹਾ ਅਜੀਬ ਲੱਗਦਾ ਹੈ ਪਰ ਇਹ ਸੱਚ ਹੈ। ਦਰਅਸਲ, ਜਦੋਂ ਰੋਟੀ ਬਾਸੀ ਹੋ ਜਾਂਦੀ ਹੈ ਤਾਂ ਉਸ 'ਚ ਕੁਝ ਲਾਭਕਾਰੀ ਬੈਕਟੀਰੀਆ ਆ ਜਾਂਦੇ ਹਨ। ਇਸ ਦੇ ਨਾਲ ਹੀ ਬਾਸੀ ਰੋਟੀ 'ਚ ਗਲੂਕੋਜ਼ ਦੀ ਮਾਤਰਾ ਵੀ ਘੱਟ ਹੁੰਦੀ ਹੈ। ਇਹੀ ਕਾਰਨ ਹੈ ਕਿ ਬਾਸੀ ਰੋਟੀ ਸਿਹਤ ਲਈ ਫ਼ਾਇਦੇਮੰਦ ਹੁੰਦੀ ਹੈ।

**ਬਲੱਡ ਪ੍ਰੈਸ਼ਰ ਤੇ ਸ਼ੂਗਰ ਦੀ ਸਮੱਸਿਆ ਨੂੰ ਕਰੇ ਦੂਰ**

ਜੇਕਰ ਤੁਹਾਨੂੰ ਵੀ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਸਮੱਸਿਆ ਹੈ ਤਾਂ ਸਵੇਰੇ ਦੁੱਧ ਨਾਲ ਬਾਸੀ ਰੋਟੀ ਖਾਣ ਨਾਲ ਫ਼ਾਇਦਾ ਹੋ ਸਕਦਾ ਹੈ। ਇਸ ਨਾਲ ਤੁਹਾਨੂੰ ਤੁਰੰਤ ਰਾਹਤ ਮਿਲੇਗੀ।

**ਐਸਿਡਿਟੀ ਤੇ ਕਬਜ਼ ਤੋਂ ਮਿਲੇ ਛੁਟਕਾਰਾ**

ਢਿੱਡ ਦੀਆਂ ਸਮੱਸਿਆਵਾਂ ਜਿਵੇਂ ਕਿ ਐਸੀਡਿਟੀ ਅਤੇ ਕਬਜ਼ ਤੋਂ ਛੁਟਕਾਰਾ ਪਾਉਣ ਲਈ ਆਪਣੀ ਬਾਸੀ ਰੋਟੀ ਖਾਣਾ ਵੀ ਫ਼ਾਇਦੇਮੰਦ ਹੋ ਸਕਦਾ ਹੈ। ਅਸਲ 'ਚ ਇਸ 'ਚ ਫਾਈਬਰ ਹੁੰਦਾ ਹੈ, ਜੋ ਸਾਡੇ ਪਾਚਨ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ।

**ਸਿਹਤ ਬਣਾਉਣ ਲਈ ਫ਼ਾਇਦੇਮੰਦ**

ਪਤਲੇ ਪਤਲੇ ਲੋਕਾਂ ਨੂੰ ਵੀ ਦੁੱਧ ਨਾਲ ਬਾਸੀ ਰੋਟੀ ਖਾਣੀ ਚਾਹੀਦੀ ਹੈ ਕਿਉਂਕਿ ਇਹ ਸਰੀਰ 'ਚ ਤਾਕਤ ਵਧਾਉਂਦਾ ਹੈ।

**ਕਸਰਤ ਕਰਨ ਵਾਲਿਆਂ ਲਈ ਲਾਹੇਵੰਦ**

ਜਿੰਮ ਜਾਣ ਵਾਲਿਆਂ ਲਈ ਬਾਸੀ ਰੋਟੀ ਬਹੁਤ ਫ਼ਾਇਦੇਮੰਦ ਹੁੰਦੀ ਹੈ। ਇਸ 'ਚ ਪਾਏ ਜਾਣ ਵਾਲੇ ਪੋਸ਼ਕ ਤੱਤ ਨਾ ਸਿਰਫ਼ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੇ ਹਨ, ਸਗੋਂ ਕਸਰਤ ਕਰਦੇ ਸਮੇਂ ਤੁਹਾਨੂੰ ਥਕਾਵਟ ਵੀ ਮਹਿਸੂਸ ਨਹੀਂ ਹੋਣ ਦਿੰਦੇ।

**ਢਿੱਡ ਲਈ ਫ਼ਾਇਦੇਮੰਦ**

ਢਿੱਡ ਨਾਲ ਜੁੜੀਆਂ ਕਈ ਸਮੱਸਿਆਵਾਂ ਲਈ ਬਾਸੀ ਰੋਟੀ ਔਸ਼ਧੀ ਦੇ ਬਰਾਬਰ ਹੁੰਦੀ ਹੈ। ਸਵੇਰ ਦੇ ਸਮੇਂ ਠੰਡੇ ਦੁੱਧ ਨਾਲ ਬਾਸੀ ਰੋਟੀ ਦੀ ਵਰਤੋਂ ਕਰੋ। ਇਸ ਨਾਲ ਕਬਜ਼,ਐਸੀਡਿਟੀ, ਪੇਟ 'ਚ ਜਲਣ ਆਦਿ ਸਮੱਸਿਆਵਾਂ ਦੂਰ ਹੁੰਦੀਆਂ ਹਨ ਅਤੇ ਪਾਚਨ ਸ਼ਕਤੀ ਠੀਕ ਹੁੰਦੀ ਹੈ।

**ਪੌਸ਼ਟਿਕ ਤੱਤ ਭਰਪੂਰ**

ਬਾਸੀ ਰੋਟੀ ਨੂੰ 12 ਤੋਂ 15 ਘੰਟੇ ਤੱਕ ਰੱਖ ਕੇ ਖਾਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ। ਇਹ ਚੰਗਾ ਹੈ ਕਿ ਤੁਸੀਂ ਇਸ ਨੂੰ ਸਬਜ਼ੀਆਂ ਦੇ ਨਾਲ ਨਾ ਖਾਓ ਅਤੇ ਇਸ ਨੂੰ ਦੁੱਧ ਦੇ ਨਾਲ ਲਓ, ਕਿਉਂਕਿ ਦੁੱਧ ਵਿੱਚ ਬਹੁਤ ਸਾਰੇ ਪੌਸ਼ਟਿਕ ਤੱਤ ਵੀ ਹੁੰਦੇ ਹਨ, ਇਸ ਲਈ ਇਹ ਸੁਮੇਲ ਸਿਹਤ ਲਈ ਬਹੁਤ ਵਧੀਆ ਹੈ।



# ਜੇਕਰ ਤੁਸੀਂ ਆਪਣੇ ਆਪ 'ਤੇ ਕਾਬੂ ਨਹੀਂ ਰੱਖਦੇ ਤਾਂ ਤੁਸੀਂ ਅਮੀਰ ਨਹੀਂ ਬਣ ਸਕਦੇ




## ਪੈਸੇ ਦਾ ਪ੍ਰਬੰਧਨ ਕਰਨਾ ਇਸ ਨੂੰ ਕਮਾਉਣ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ

ਜ਼ਿਆਦਾਤਰ ਲੋਕ ਜ਼ਿੰਦਗੀ ਵਿੱਚ ਇਹ ਨਹੀਂ ਸਮਝਦੇ ਕਿ ਅਸਲ ਗੱਲ ਇਹ ਨਹੀਂ ਹੈ ਕਿ ਤੁਸੀਂ ਕਿੰਨਾ ਪੈਸਾ ਕਮਾਉਂਦੇ ਹੋ। ਸਗੋਂ ਇਹ ਹੈ ਕਿ ਤੁਸੀਂ ਕਿੰਨੇ ਪੈਸੇ ਰੱਖਦੇ ਹੋ। ਅਸੀਂ ਗਰੀਬ ਲੋਕਾਂ ਦੀਆਂ ਕਹਾਣੀਆਂ ਸੁਣੀਆਂ ਹਨ ਜੋ ਲਾਟਰੀ ਜਿੱਤ ਕੇ ਅਚਾਨਕ ਅਮੀਰ ਹੋ ਜਾਂਦੇ ਹਨ। ਪਰ ਕੁਝ ਸਮੇਂ ਬਾਅਦ ਉਹ ਫਿਰ ਗਰੀਬ ਹੋ ਜਾਂਦੇ ਹਨ। ਇਹ ਲੋਕ ਲੱਖਾਂ-ਕਰੋੜਾਂ ਜਿੱਤਦੇ ਹਨ, ਫਿਰ ਵੀ ਵਾਪਸ ਉਸੇ ਥਾਂ 'ਤੇ ਆਉਂਦੇ ਹਨ ਜਿੱਥੋਂ ਉਨ੍ਹਾਂ ਨੇ ਸ਼ੁਰੂਆਤ ਕੀਤੀ ਸੀ।

**(ਰਿਚ ਡੈਡ, ਪੂਅਰ ਡੈਡ )**

## ਜੇਕਰ ਅਨੁਸ਼ਾਸਨ ਨਹੀਂ ਹੈ ਤਾਂ ਤੁਸੀਂ ਅਮੀਰ ਨਹੀਂ ਬਣ ਸਕਦੇ

ਜੇਕਰ ਤੁਸੀਂ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਸਕਦੇ ਤਾਂ ਅਮੀਰ ਬਣਨ ਦੀ ਕੋਸ਼ਿਸ਼ ਵੀ ਨਾ ਕਰੋ। ਨਿਵੇਸ਼ ਕਰਨ, ਪੈਸਾ ਕਮਾਉਣ ਅਤੇ ਉਡਾਉਣ ਦਾ ਕੋਈ ਮਤਲਬ ਨਹੀਂ ਹੈ। ਇਹ ਸਵੈ-ਅਨੁਸ਼ਾਸਨ ਦੀ ਘਾਟ ਹੈ ਕਿ ਜਦੋਂ ਉਨ੍ਹਾਂ ਦੀ ਤਨਖਾਹ ਵਧ ਜਾਂਦੀ ਹੈ ਤਾਂ ਲੋਕ ਤੁਰੰਤ ਬਾਜ਼ਾਰ ਜਾਂਦੇ ਹਨ ਅਤੇ ਨਵੀਂ ਕਾਰ ਖਰੀਦਦੇ ਹਨ ਜਾਂ ਸੈਰ-ਸਪਾਟੇ ਉੱਤੇ ਨਿਕਲ ਜਾਂਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਲੋਕਾਂ ਦਾ ਆਤਮ-ਸਨਮਾਨ ਘੱਟ ਹੁੰਦਾ ਹੈ, ਉਹ ਵੀ ਅਮੀਰ ਨਹੀਂ ਬਣ ਸਕਦੇ।

**(ਥਿੰਕ ਐਂਡ ਗਰੋ ਰਿਚ)**

## ਬੁੱਧੀਮਾਨ ਵਿਅਕਤੀ ਨਵੇਂ ਵਿਚਾਰ ਦਾ ਸਵਾਗਤ ਕਰਨਗੇ

ਬਹੁਤ ਸਾਰੇ ਅਜਿਹੇ 'ਬੁੱਧੀਮਾਨ' ਲੋਕ ਹਨ ਜੋ ਜਦੋਂ ਕੋਈ ਨਵਾਂ ਵਿਚਾਰ ਉਨ੍ਹਾਂ ਦੇ ਸਾਹਮਣੇ ਆਉਂਦਾ ਹੈ ਤੇ ਜੇਕਰ ਉਹ ਨਵਾਂ ਵਿਚਾਰ ਉਨ੍ਹਾਂ ਦੇ ਸੋਚਣ ਦੇ ਢੰਗ ਨਾਲੋਂ ਵੱਖਰਾ ਹੈ ਤਾਂ ਬਹਿਸ ਕਰਦੇ ਹਨ। ਇਸ ਕੜੀ ਵਿੱਚ ਉਹਨਾਂ ਦੀ ਅਖੌਤੀ ਸਿਆਣਪ ਉਹਨਾਂ ਲਈ 'ਅਗਿਆਨਤਾ' ਬਣ ਜਾਂਦੀ ਹੈ। ਅਸਲ ਵਿੱਚ ਬੁੱਧੀਮਾਨ ਵਿਅਕਤੀ ਨਵੇਂ ਵਿਚਾਰਾਂ ਦਾ ਸੁਆਗਤ ਕਰਦਾ ਹੈ। ਬੋਲਣ ਨਾਲੋਂ ਸੁਣਨਾ ਜ਼ਿਆਦਾ ਜ਼ਰੂਰੀ ਹੈ। **(ਪਾਵਰ ਆਫ਼ ਪਾਰਟੀ ਥਿੰਕਿੰਗ)**

## ਚੰਗੇ ਵਿਚਾਰ ਲਿਖੋ, ਉਹਨਾਂ ਦੀ ਰਾਖੀ ਕਰੋ

ਜੋ ਵਿਚਾਰਾਂ ਨੂੰ ਧਿਆਨ ਨਾਲ ਨਾ ਰੱਖਿਆ ਜਾਵੇ, ਤਾਂ ਉਹ ਤਬਾਹ ਹੋ ਜਾਣਗੇ। ਵਿਚਾਰਾਂ ਨੂੰ ਜਨਮ ਤੋਂ ਲੈ ਕੇ ਪਰਿਪੱਕ ਹੋਣ ਤੱਕ ਪਾਲਿਆ ਜਾਣਾ ਚਾਹੀਦਾ ਹੈ। ਵਿਚਾਰ ਲਿਖੋ। ਹਰ ਰੋਜ਼ ਤੁਹਾਡੇ ਦਿਮਾਗ ਵਿੱਚ ਚੰਗੇ ਵਿਚਾਰ ਆਉਂਦੇ ਹਨ ਪਰ ਜਲਦੀ ਮਰ ਜਾਂਦੇ ਹਨ ਕਿਉਂਕਿ ਤੁਸੀਂ ਉਨ੍ਹਾਂ ਨੂੰ ਕਾਗਜ਼ 'ਤੇ ਨਹੀਂ ਲਿਖਿਆ. ਆਪਣੇ ਵਿਚਾਰਾਂ ਦੀ ਰਾਖੀ ਕਰੋ। ਭਵਿੱਖ ਨੂੰ ਬਣਾਉਣ ਲਈ ਉਹਨਾਂ ਦੀ ਵਰਤੋਂ ਕਰੋ।

**(ਦੀ ਪਾਵਰ ਆਫ਼ ਨਾਊ)**

ਪੇਸ਼ਕਾਰੀ ਪੰਜਾਬ ਦਰਸ਼ਨ -98555-08918



# ਇਕ ਉਦਾਸ ਆਦਮੀ ਦੇ ਝਰੋਖੇ 'ਚੋਂ

ਸੁਕੀਰਤ

ਤਿੰਨ ਮਾਰਚ 2002 ਨੂੰ ਗੁਜਰਾਤ ਦੇ ਇਕ ਪਿੰਡ ਵਿਚ 11 ਆਦਮੀਆਂ ਨੇ ਬਿਲਕੀਸ ਬਾਨੋ ਦੇ ਘਰ ਵਿਚ ਵੜ ਕੇ ਉਸ ਦੇ ਸਾਹਮਣੇ ਉਸ ਦੇ ਘਰ ਦੇ 14 ਜੀਆਂ ਨੂੰ ਕਤਲ ਕੀਤਾ, ਜਿਨ੍ਹਾਂ ਵਿਚ ਉਸ ਦੀ 3 ਸਾਲਾਂ ਦੀ ਬਾਲੜੀ ਸਾਲੇਹਾ ਵੀ ਸ਼ਾਮਲ ਸੀ। ਤੇ ਜੇਕਰ ਫੇਰ ਵੀ ਵਹਿਸ਼ੀਪਣ ਦੀ ਕੋਈ ਕਸਰ ਬਾਕੀ ਸੀ ਤਾਂ ਉਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਗਰਭਵਤੀ ਬਿਲਕੀਸ ਬਾਨੋ ਨਾਲ ਬਲਾਤਕਾਰ ਕੀਤਾ। ਇਹ ਘਿਨਾਉਣੇ ਤੱਥ ਮੇਰੇ ਘੜੇ ਹੋਏ ਨਹੀਂ, ਅਦਾਲਤ ਵਿਚ ਸਾਬਿਤ ਕੀਤੇ ਜਾ ਚੁੱਕੇ ਤੱਥ ਹਨ ਜਿਨ੍ਹਾਂ ਦੇ ਆਧਾਰ 'ਤੇ ਇਨ੍ਹਾਂ ਜਰਵਾਣਿਆਂ (ਮੈਨੂੰ ਹੋਰ ਕੋਈ ਲਫ਼ਜ਼ ਹੀ ਨਹੀਂ ਅਹੁੜਦਾ ਇਹੋ ਜਿਹੇ ਕਰਤੂਤਕਾਰਾਂ ਲਈ) ਨੂੰ 14-14 ਸਾਲ ਦੀ ਸਜ਼ਾ ਸੁਣਾਈ ਗਈ। ਇਹ ਵੱਖਰੀ ਗੱਲ ਹੈ ਕਿ ਬਿਲਕੀਸ ਬਾਨੋ ਨੂੰ ਨਿਆਂ (ਜੇ ਇਹੋ ਜਿਹੇ ਵਹਿਸ਼ੀਪਣ ਲਈ ਕੋਈ ਨਿਆਂ ਸੰਭਵ ਵੀ ਹੈ) ਦਿਵਾਉਣ ਲਈ ਸੁਪਰੀਮ ਕੋਰਟ ਨੂੰ ਦਖ਼ਲਅੰਦਾਜ਼ੀ ਕਰ ਕੇ ਮਾਮਲਾ ਗੁਜਰਾਤ ਤੋਂ ਮਹਾਰਾਸ਼ਟਰ ਦੀ ਅਦਾਲਤ ਵਿਚ ਤਬਦੀਲ ਕਰਨ ਦੇ ਨਿਰਦੇਸ਼ ਦੇਣੇ ਪਏ ਸਨ, ਕਿਉਂਕਿ ਮਾਮਲਾ ਗੁਜਰਾਤ ਦੀ ਅਦਾਲਤ ਵਿਚ ਕਿਸੇ ਬੰਨੇ ਨਹੀਂ ਸੀ ਲੱਗ ਰਿਹਾ। ਸਾਡੇ ਅਜੋਕੇ ਪ੍ਰਧਾਨ ਮੰਤਰੀ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ।

15 ਅਗਸਤ 2022 ਨੂੰ, ਆਜ਼ਾਦੀ ਦੇ 'ਅੰਮ੍ਰਿਤ ਮਹਾਉਤਸਵ' ਵਾਲੇ ਦਿਹਾੜੇ ਇਹ ਕੈਦੀ ਰਿਹਾਅ ਕਰ ਦਿੱਤੇ ਗਏ। ਸਿਰਫ਼ ਰਿਹਾਅ ਹੀ ਨਹੀਂ ਨਾ ਕੀਤੇ ਗਏ ਸਗੋਂ ਜੇਲ੍ਹ ਤੋਂ ਬਾਹਰ ਆਉਣ 'ਤੇ ਉਨ੍ਹਾਂ ਦਾ ਇਹੋ ਜਿਹਾ ਜਸ਼ਨੀ ਸੁਆਗਤ ਕੀਤਾ ਗਿਆ ਜਿਵੇਂ ਯੋਧੇ ਜੰਗ ਜਿੱਤ ਕੇ ਮੁੜੇ ਹੋਣ। ਇਹ ਉਹੀ ਦਿਨ ਸੀ ਜਦੋਂ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਨਾਰੀ ਨੂੰ 'ਸਨਮਾਨ' ਦੇਣ ਦੀ ਨਸੀਹਤ ਵੀ ਦੇ ਰਹੇ ਸਨ। ਸਿਆਸਤਦਾਨਾਂ ਦੀਆਂ ਗੱਲਾਂ ਵਿਚਲੇ ਭੇਤ ਸਿਆਸਤਦਾਨ ਜਾਨਣ, ਪਰ ਸਜ਼ਾਯਾਫ਼ਤਾ ਬਲਾਤਕਾਰੀਆਂ ਦੇ ਇਹੋ ਜਿਹੇ 'ਸਨਮਾਨ' 'ਤੇ ਦੇਸ਼ ਭਰ ਵਿਚ ਰੋਹ ਦਾ ਇਜ਼ਹਾਰ ਹੋਇਆ, ਘੱਟੋ-ਘੱਟ ਉਨ੍ਹਾਂ ਲੋਕਾਂ ਰਾਹੀਂ ਜੋ ਕਿਸੇ ਨਾਰੀ ਦੇ ਸਨਮਾਨ ਜਾਂ ਅਪਮਾਨ ਨੂੰ ਜੋਖਣ ਲਈ ਧਾਰਮਿਕ ਵਖਰੇਵੇਂ ਦੀਆਂ ਐਨਕਾਂ ਨਹੀਂ ਵਰਤਦੇ। ਇਸ ਰੋਹ ਨੂੰ ਦੇਖਦਿਆਂ ਇਕ ਵਾਰ ਫੇਰ ਸੁਪਰੀਮ ਕੋਰਟ ਨੂੰ ਦਖ਼ਲਅੰਦਾਜ਼ੀ ਕਰਨੀ ਪਈ ਤੇ ਗੁਜਰਾਤ ਸਰਕਾਰ ਨੂੰ ਪੁੱਛਿਆ ਗਿਆ ਕਿ ਇਹ ਰਿਹਾਈ ਕਿਸ ਆਧਾਰ 'ਤੇ ਹੋਈ ਜਦੋਂਕਿ ਪੁਲੀਸ ਦੇ ਸੁਪਰਿਟੈਂਡੈਂਟ, ਸੀ.ਬੀ.ਆਈ. ਤੇ ਸੀ.ਬੀ.ਆਈ ਅਦਾਲਤ ਨੇ ਦੋਸ਼ੀਆਂ ਨੂੰ ਰਿਹਾਅ ਨਾ ਕਰਨ ਦੀ ਨਸੀਹਤ ਦਿੱਤੀ ਸੀ। ਪਿਛਲੇ ਦਿਨੀਂ, 17

ਇੱਕ ਸ਼ਾਫ਼ ਕੀਤਾ ਕਿ ਕੇਂਦਰ ਸਰਕਾਰ ਨੇ ਹੀ ਇਸ ਰਿਹਾਈ ਦੀ ਮਨਜ਼ੂਰੀ ਦਿੱਤੀ ਸੀ। ਇਹ ਸਬੱਬ ਚੇਤੇ ਕਰਾਉਣ ਦੀ ਸ਼ਾਇਦ ਲੋੜ ਨਹੀਂ ਕਿ ਗੁਜਰਾਤ ਦੇ ਸਾਬਕਾ ਗ੍ਰਹਿ ਮੰਤਰੀ ਇਸ ਸਮੇਂ ਕੇਂਦਰੀ ਗ੍ਰਹਿ ਮੰਤਰੀ ਹਨ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਇਸ ਵੇਲੇ ਦੇਸ ਦੇ ਪ੍ਰਧਾਨ ਮੰਤਰੀ। ਕੇਂਦਰੀ ਕਾਨੂੰਨ ਮੰਤਰੀ ਦਾ ਬਿਆਨ ਵੀ ਆ ਗਿਆ ਹੈ ਕਿ ਸਾਰਾ ਕੁਝ ਕਾਨੂੰਨ ਤਹਿਤ ਹੋਇਆ ਹੈ, ਦੋਸ਼ੀ 14 ਸਾਲ ਦੀ ਸਜ਼ਾ ਕੱਟ ਚੁੱਕੇ ਹਨ ਤੇ ਉਨ੍ਹਾਂ ਦੇ 'ਚੰਗੇ ਆਚਾਰ-ਵਿਹਾਰ' ਨੂੰ ਦੇਖਦਿਆਂ ਕਾਨੂੰਨ ਉਨ੍ਹਾਂ ਨੂੰ ਰਿਹਾਈ ਦੇ ਸਕਦਾ ਹੈ। ਇਸ ਚੰਗੇ ਆਚਾਰ-ਵਿਹਾਰ ਦੀ ਕੀ ਕਸੌਟੀ ਹੈ, ਕੇਂਦਰੀ ਕਾਨੂੰਨ ਮੰਤਰੀ ਜਾਨਣ, ਪਰ ਇਸ ਗੱਲ ਦੀ ਪੁਸ਼ਟੀ ਵੀ ਹੋ ਚੁੱਕੀ ਹੈ ਕਿ ਇਨ੍ਹਾਂ ਵਿਚੋਂ ਹਰ ਦੋਸ਼ੀ ਨੇ ਵਾਰ ਵਾਰ ਮਨਜ਼ੂਰ ਹੋ ਜਾਣ ਵਾਲੀ ਫਰਲੋ ਜਾਂ ਪੈਰੋਲ ਦੇ ਆਧਾਰ 'ਤੇ, ਸਜ਼ਾ ਦੇ ਇਨ੍ਹਾਂ ਸਾਲਾਂ ਵਿਚੋਂ 1000 ਤੋਂ ਲੈ ਕੇ 1576 ਦਿਨ ਤਕ ਜੇਲ੍ਹ ਤੋਂ ਬਾਹਰ ਹੀ ਗੁਜ਼ਾਰੇ, ਯਾਨੀ ਪੌਣੇ ਤਿੰਨ ਸਾਲ ਤੋਂ ਲੈ ਕੇ ਤਕਰੀਬਨ ਸਾਢੇ ਚਾਰ ਸਾਲ ਤਕ ਉਹ ਆਜ਼ਾਦ ਪੌਣਾਂ ਵਿਚ ਹੀ ਵਿਚਰਦੇ ਰਹੇ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ, ਜੋ ਬਲਾਤਕਾਰ ਅਤੇ ਕਤਲ ਵਿਉਂਤਣ ਦੇ ਦੋਸ਼ ਸਿੱਧ ਹੋ ਜਾਣ ਕਾਰਨ ਜੇਲ੍ਹ ਵਿਚ ਹੈ, 40 ਦਿਨ ਦੀ ਵਕਤੀ ਰਿਹਾਈ 'ਤੇ ਬਾਹਰ ਭੇਜ ਦਿੱਤਾ ਗਿਆ ਹੈ। ਇਹ ਪੈਰੋਲ ਉਸ ਨੂੰ ਪਹਿਲੀ ਵਾਰ ਨਹੀਂ ਮਿਲੀ, ਕਿਸੇ ਵੀ ਕਿਸਮ ਦੀਆਂ ਚੋਣਾਂ ਦੇ ਨੇੜੇ ਤੇੜੇ ਉਸ ਨੂੰ ਸ਼ਰਧਾਲੂਆਂ ਨਾਲ ਸਤਸੰਗ ਰਚਾਉਣ ਲਈ ਆਜ਼ਾਦ ਕਰ ਦਿੱਤਾ ਜਾਂਦਾ ਹੈ। ਇਸ ਵੇਲੇ ਵੀ ਹਰਿਆਣੇ ਵਿਚ ਪੰਚਾਇਤੀ ਚੋਣਾਂ ਤੇ ਆਦਮਪੁਰ ਹਲਕੇ ਦੀ ਜ਼ਿਮਨੀ ਚੋਣ ਹੋਣ ਵਾਲੀਆਂ ਹਨ।

ਦੂਜੇ ਪਾਸੇ, 18 ਅਕਤੂਬਰ ਨੂੰ ਉਮਰ ਖ਼ਾਲਿਦ ਦੀ ਕੋਈ ਦੋਸ਼ ਸਾਬਤ ਨਹੀਂ ਹੋ ਸਕਿਆ, ਪਿਛਲੇ 765 ਦਿਨਾਂ, ਯਾਨੀ ਦੋ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਹੈ। ਉਸ ਦੀ ਜ਼ਮਾਨਤ ਦੀ ਅਰਜ਼ੀ ਵਾਰ ਵਾਰ ਨਾਮਨਜ਼ੂਰ ਹੋ ਜਾਂਦੀ ਹੈ ਤੇ ਹਰ ਵਾਰ ਆਲਿਮ-ਫ਼ਾਜ਼ਿਲ ਜੱਜ ਨਵੇਂ ਕਿਸਮ ਦੀਆਂ ਦਲੀਲਾਂ ਪੇਸ਼ ਕਰਦੇ ਹਨ। ਇਸ ਵੇਰ ਉਨ੍ਹਾਂ ਦੱਸਿਆ ਹੈ ਕਿ ਉਮਰ ਖ਼ਾਲਿਦ ਇਸ ਲਈ ਖ਼ਤਰਨਾਕ ਹੈ ਕਿ ਉਸ ਨੇ ਆਪਣੇ ਭਾਸ਼ਣ ਵਿਚ 'ਇਨਕਲਾਬੀ ਸਲਾਮ' ਵਰਗੇ ਸ਼ਾਂਤੀ ਭੰਗ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਸੀ। ਇਸ ਸ਼ਬਦ, ਯਾਨੀ 'ਇਨਕਲਾਬ' ਵਿਚ ਲੁਕੇ ਖ਼ਤਰੇ ਨੂੰ ਉਜਾਗਰ ਕਰਨ ਲਈ ਅਦਾਲਤ ਨੇ ਜਵਾਹਰਲਾਲ ਨਹਿਰੂ ਦੇ ਕਿਸੇ ਭਾਸ਼ਣ ਦਾ ਹਵਾਲਾ ਦਿੱਤਾ ਹੈ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਆਜ਼ਾਦੀ ਤੋਂ ਮਗਰੋਂ, ਲੋਕਰਾਜ ਸਥਾਪਤੀ ਤੋਂ ਬਾਅਦ ਇਨਕਲਾਬ ਦੀ ਲੋੜ ਨਹੀਂ ਰਹੀ। ਤਬਦੀਲੀ ਬਿਨਾ ਖ਼ੂਨ ਵਹਾਏ ਵੀ ਆ ਸਕਦੀ ਹੈ। ਇਸ ਟੂਕ ਤੋਂ ਮਾਣ ਯੋਗ ਜੱਜਾਂ ਨੇ ਇਹ ਸਿੱਟਾ ਕੱਢਿਆ ਹੈ ਕਿ 'ਇਨਕਲਾਬੀ ਸਲਾਮ' ਵਰਗੇ ਸ਼ਬਦਾਂ ਦੀ ਵਰਤੋਂ ਕਰਨਾ ਲੋਕਾਂ ਨੂੰ ਖ਼ੂਨ ਵਹਾਉਣ ਦਾ ਸੱਦਾ ਦੇਣ ਬਰਾਬਰ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਮਰ ਖ਼ਾਲਿਦ ਕਈ ਵਟਸਐਪ ਗਰੁੱਪਾਂ ਦਾ ਮੈਂਬਰ ਸੀ ਜਿਨ੍ਹਾਂ ਰਾਹੀਂ ਦਿੱਲੀ ਦੇ ਕਈ ਇਲਾਕਿਆਂ ਵਿਚ 'ਸਭ ਠੱਪ ਕਰੂ ਚੱਕਾ ਜਾਮ' ਅਤੇ 'ਵਿਉਂਤਬੱਧ ਮੁਜ਼ਾਹਰਿਆਂ' ਨੂੰ ਵਿਉਂਤਣ ਦਾ ਹੋਕਾ ਦਿੱਤਾ ਜਾ ਰਿਹਾ ਸੀ ਤੇ ਇਸ ਤੋਂ ਕੁਝ ਚਿਰ ਬਾਅਦ ਦਿੱਲੀ ਵਿਚ ਫ਼ਸਾਦ ਹੋਏ ਵੀ। ਇਹ ਵੱਖਰੀ ਗੱਲ ਹੈ ਕਿ ਫ਼ਸਾਦਾਂ ਸਮੇਂ ਉਮਰ ਖ਼ਾਲਿਦ ਮੌਕੇ 'ਤੇ ਮੌਜੂਦ ਨਹੀਂ ਸੀ, ਪਰ ਅਜਿਹੇ ਇਨਕਲਾਬੀ ਭਾਸ਼ਣ ਉਹ ਹੋਰ ਥਾਵਾਂ 'ਤੇ ਵੀ ਦਿੰਦਾ ਰਿਹਾ ਹੈ, ਸੋ ਇਹੋ ਜਿਹੇ ਖ਼ਤਰਨਾਕ ਬੰਦੇ ਨੂੰ ਜ਼ਮਾਨਤ 'ਤੇ ਵੀ ਰਿਹਾਅ ਨਹੀਂ ਕੀਤਾ ਜਾ ਸਕਦਾ।

ਓਧਰ, ਉਸੇ ਦਿਨ ਦਿੱਲੀ ਵਿਚ ਅੰਤਰ-ਰਾਸ਼ਟਰੀ ਸੰਸਥਾ ਇੰਟਰਪੋਲ ਦੇ 90ਵੇਂ ਆਮ ਇਜਲਾਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭ੍ਰਿਸ਼ਟ, ਦਹਿਸ਼ਤਗਰਦ, ਡਰੱਗ ਮਾਫ਼ੀਆ, ਵਿਉਂਤਬੱਧ ਜੁਰਮਾਂ ਨਾਲ ਸਬੰਧਿਤ ਲੋਕਾਂ ਨੂੰ ਠਾਹਰ ਦੇਣ ਲਈ ਕੋਈ ਸੁਰੱਖਿਅਤ

ਮੈਂ ਪ੍ਰਧਾਨ ਮੰਤਰੀ ਨਾਲ ਪੂਰਨ ਸਹਿਮਤ ਹਾਂ, ਪਰ ਮੈਨੂੰ ਸਮਝ ਨਹੀਂ ਪੈ ਰਹੀ ਕਿ ਕੌਣ ਦਹਿਸ਼ਤਗਰਦ ਹੈ, ਤੇ ਵਿਉਂਤਬੱਧ ਢੰਗ ਨਾਲ ਜੁਰਮ ਕਰਨ ਵਾਲੇ ਲੋਕ ਕੌਣ ਹਨ? ਚੰਗੇ ਆਚਾਰ-ਵਿਹਾਰ ਦੀ ਕਸੌਟੀ ਕੀ ਹੁੰਦੀ ਹੈ, ਤੇ ਖ਼ਤਰਨਾਕ ਬੰਦਾ ਕਿਸੇ ਨੂੰ ਕਿਸ ਆਧਾਰ 'ਤੇ ਕਿਹਾ ਜਾਂਦਾ ਹੈ? ਸਮੇਤ ਤਿੰਨ ਸਾਲਾਂ ਦੀ ਬਾਲੜੀ ਦੇ ਇਕੋ ਘਰ ਦੇ 14 ਜੀਆਂ ਨੂੰ ਕਤਲ ਕਰਨਾ ਦਹਿਸ਼ਤਗਰਦੀ ਹੁੰਦੀ ਹੈ, ਜਾਂ ਇਨਕਲਾਬੀ ਸਲਾਮ ਵਰਗੇ ਸ਼ਬਦਾਂ ਦੀ ਵਰਤੋਂ? ਵਟਸਐਪ ਰਾਹੀਂ ਚੱਕਾ ਜਾਮ ਕਰਨ ਦਾ ਸੱਦਾ ਦੇਣਾ ਵੱਡਾ ਜੁਰਮ ਹੈ ਜਾਂ ਗਰਭਵਤੀ ਔਰਤ ਨਾਲ ਬਲਾਤਕਾਰ ਕਰਨਾ? ਉਸ ਉਮਰ ਖ਼ਾਲਿਦ ਨੂੰ ਜ਼ਮਾਨਤ ਕਿਉਂ ਨਹੀਂ ਮਿਲ ਸਕਦੀ ਜਿਸ ਦਾ ਕੋਈ ਵੀ ਦੋਸ਼ ਅਜੇ ਤੀਕ ਸਾਬਤ ਨਹੀਂ ਹੋ ਸਕਿਆ, ਤੇ 11 ਅਜਿਹੇ ਅਪਰਾਧੀਆਂ ਨੂੰ ਵਾਰ ਵਾਰ ਲੰਮੀਆਂ ਪੈਰੋਲਾਂ ਕਿਵੇਂ ਮਿਲਦੀਆਂ ਰਹੀਆਂ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ? ਗੁਰਮੀਤ ਰਾਮ ਰਹੀਮ ਸਿੰਘ ਨੂੰ ਵਾਰ ਵਾਰ ਪੈਰੋਲ ਕਿਵੇਂ ਮਿਲ ਜਾਂਦੀ ਹੈ, ਜਿਸ ਦੇ ਨਾਲ ਨਾਲ ਹਰਿਆਣੇ ਦੇ ਮੁੱਖ ਮੰਤਰੀ ਦਾ ਬਿਆਨ ਵੀ ਹਰ ਵਾਰ ਆ ਜਾਂਦਾ ਹੈ ਕਿ ਇਹ ਤਾਂ ਹਰ ਕੈਦੀ ਦਾ ਵਾਜਬ ਹੱਕ ਹੁੰਦਾ ਹੈ। ਕੈਦੀਆਂ ਦੀ ਕਿਹੜੀ ਕਿਸਮ ਹੈ ਜਿਸ ਦੇ ਹੱਕਾਂ ਦੀ ਰਾਖੀ ਕਰਨ ਨੂੰ ਸਰਕਾਰ ਪਹਿਲ ਦਿੰਦੀ ਹੈ, ਤੇ ਉਹ ਕੌਣ ਲੋਕ ਹਨ ਜਿਨ੍ਹਾਂ ਨੂੰ ਇਕ ਵਾਰ ਬਿਨਾ ਸਬੂਤ ਸਾਬਤ ਕੀਤੇ ਅੰਦਰ ਡੱਕ ਲਓ ਤਾਂ ਫੇਰ ਸਾਲਾਂ ਬੱਧੀ ਡੱਕੀ ਹੀ ਰੱਖੋ? ਕੌਣ ਦੋਸ਼ੀ ਹੈ ਤੇ ਕੌਣ ਮੁਨਸਿਫ਼, ਮੈਨੂੰ ਤੇ ਇਹ ਵੀ ਸਮਝ ਆਉਣਾ ਬੰਦ ਹੋ ਗਿਆ ਹੈ।

ਮੈਨੂੰ ਜਾਪਦਾ ਹੈ ਮੈਂ ਬਿਮਾਰ ਹੋ ਗਿਆ ਹਾਂ। ਸ਼ਾਇਦ ਮੈਂ ਐਲਿਸ ਇਨ ਵੰਡਰਲੈਂਡ ਸਿੰਡਰੋਮ ਦਾ ਸ਼ਿਕਾਰ ਹਾਂ ਜਿਸ ਨੂੰ ਡਾਕਟਰੀ ਭਾਸ਼ਾ ਵਿਚ ਟੌਡਜ਼ ਸਿੰਡਰੋਮ (Todd's syndrome) ਵੀ ਆਖਦੇ ਹਨ। ਇਸ ਮਾਨਸਿਕ ਬਿਮਾਰੀ ਦੇ ਸ਼ਿਕਾਰ ਲੋਕਾਂ ਦੀ ਸੋਝੀ ਪੁੱਠੀ-ਸਿੱਧੀ ਹੋ ਜਾਂਦੀ ਹੈ, ਉਨ੍ਹਾਂ ਦੇ ਅਨੁਭਵ ਅਤੇ ਗ੍ਰਹਿਣ ਸ਼ਕਤੀ ਵਿਚ ਵਿਗਾੜ ਆ ਜਾਂਦਾ ਹੈ। ਛੋਟੀਆਂ ਚੀਜ਼ਾਂ ਵੱਡੀਆਂ ਦਿਸਦੀਆਂ ਹਨ, ਵੱਡੀਆਂ ਚੀਜ਼ਾਂ ਨਿੱਕੀਆਂ ਜਾਪਣ ਲੱਗ ਪੈਂਦੀਆਂ ਹਨ। ਦੂਰ ਦੀਆਂ ਚੀਜ਼ਾਂ ਨੇੜੇ ਲੱਗਣ ਲੱਗ ਪੈਂਦੀਆਂ ਹਨ, ਤੇ ਕੋਲ ਪਈ ਵਸਤ ਮੀਲਾਂ ਪਰ੍ਹੇ ਰੱਖੀ ਜਾਪਦੀ ਹੈ। ਮੈਨੂੰ ਕੋਈ ਇਹੋ ਜਿਹੀ ਬਿਮਾਰੀ ਹੋ ਗਈ ਕਿ ਸਰਕਾਰ ਜਿਸ ਗੱਲ ਨੂੰ ਸੱਚ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ, ਮੈਨੂੰ ਝੂਠ ਜਾਪਦਾ ਹੈ। ਤੇ ਜੋ ਕੁਝ ਮੈਨੂੰ ਕੁਫ਼ਰ ਲੱਗਦਾ ਹੈ, ਬਹੁਤੇ ਲੋਕਾਂ ਨੂੰ ਉਸ ਵਿਚੋਂ ਕਿਸੇ ਝੂਠ ਦੀ ਬੋਅ ਵੀ ਨਹੀਂ ਆਉਂਦੀ। ਇਹ ਵਿਗਾੜ ਮੇਰੇ ਅੰਦਰ ਆ ਗਿਆ ਹੈ ਜਾਂ ਮੇਰੇ ਆਲੇ-ਦੁਆਲੇ ਵਿਚ ਹੀ ਕੋਈ ਨੁਕਸ ਪੈ ਗਿਆ ਹੈ, ਮੈਨੂੰ ਬਿਲਕੁਲ ਸਮਝ ਨਹੀਂ ਆ ਰਹੀ।

ਜਾਂ ਇਹ ਦੁਨੀਆ ਪੁੱਠੀ ਹੋ ਗਈ ਹੈ, ਤੇ ਜਾਂ ਸ਼ਾਇਦ ਮੈਂ ਹੀ ਛੱਤ 'ਤੇ ਪੁੱਠੇ ਲਟਕ ਰਹੇ ਚਮਗਿੱਦੜ ਵਾਂਗ ਇਸ ਦੁਨੀਆ ਨੂੰ ਦੇਖ ਰਿਹਾ ਹਾਂ। ਸਭ ਕੁਝ ਮੇਰੀ ਸਮਝ ਤੋਂ ਬਾਹਰਾ ਕਿਉਂ ਹੋ ਗਿਆ ਹੈ?

ਮੈਂ ਪਾ ਪੜ੍ਹਿਆਂ ਤੋਂ ਨੱਸਨਾ ਹਾਂ
ਬੁੱਲ੍ਹੇ ਸ਼ਾਹ
ਮੈਂ ਪਾ ਪੜ੍ਹਿਆਂ1 ਤੋਂ ਨੱਸਨਾ ਹਾਂ।
ਮੈਂ ਪਾ ਪੜ੍ਹਿਆਂ ਤੋਂ ਨੱਸਨਾ ਹਾਂ।
ਕੋਈ ਮੁਨਸੱਫ2 ਹੋ ਨਿਰਵਾਰੇ3 ਤਾਂ ਮੈਂ ਦੱਸਨਾਂ ਹਾਂ,
ਮੈਂ ਪਾ ਪੜ੍ਹਿਆਂ ਤੋਂ ਨੱਸਨਾ ਹਾਂ।

ਮੈਂ ਪ੍ਰਧਾਨ ਮੰਤਰੀ ਨਾਲ ਪੂਰਨ ਸਹਿਮਤ ਹਾਂ, ਪਰ ਮੈਨੂੰ ਸਮਝ ਨਹੀਂ ਪੈ ਰਹੀ ਕਿ ਕੌਣ ਦਹਿਸ਼ਤਗਰਦ ਹੈ, ਤੇ ਵਿਉਂਤਬੱਧ ਢੰਗ ਨਾਲ ਜੁਰਮ ਕਰਨ ਵਾਲੇ ਲੋਕ ਕੌਣ ਹਨ? ਚੰਗੇ ਆਚਾਰ-ਵਿਹਾਰ ਦੀ ਕਸੌਟੀ ਕੀ ਹੁੰਦੀ ਹੈ, ਤੇ ਖ਼ਤਰਨਾਕ ਬੰਦਾ ਕਿਸੇ ਨੂੰ ਕਿਸ ਆਧਾਰ 'ਤੇ ਕਿਹਾ ਜਾਂਦਾ ਹੈ? ਸਮੇਤ ਤਿੰਨ ਸਾਲਾਂ ਦੀ ਬਾਲੜੀ ਦੇ ਇਕੋ ਘਰ ਦੇ 14 ਜੀਆਂ ਨੂੰ ਕਤਲ ਕਰਨਾ ਦਹਿਸ਼ਤਗਰਦੀ ਹੁੰਦੀ ਹੈ, ਜਾਂ ਇਨਕਲਾਬੀ ਸਲਾਮ ਵਰਗੇ ਸ਼ਬਦਾਂ ਦੀ ਵਰਤੋਂ? ਵਟਸਐਪ ਰਾਹੀਂ ਚੱਕਾ ਜਾਮ ਕਰਨ ਦਾ ਸੱਦਾ ਦੇਣਾ ਵੱਡਾ ਜੁਰਮ ਹੈ ਜਾਂ ਗਰਭਵਤੀ ਔਰਤ ਨਾਲ ਬਲਾਤਕਾਰ ਕਰਨਾ? ਉਸ ਉਮਰ ਖ਼ਾਲਿਦ ਨੂੰ ਜ਼ਮਾਨਤ ਕਿਉਂ ਨਹੀਂ ਮਿਲ ਸਕਦੀ ਜਿਸ ਦਾ ਕੋਈ ਵੀ ਦੋਸ਼ ਅਜੇ ਤੀਕ ਸਾਬਤ ਨਹੀਂ ਹੋ ਸਕਿਆ, ਤੇ 11 ਅਜਿਹੇ ਅਪਰਾਧੀਆਂ ਨੂੰ ਵਾਰ ਵਾਰ ਲੰਮੀਆਂ ਪੈਰੋਲਾਂ ਕਿਵੇਂ ਮਿਲਦੀਆਂ ਰਹੀਆਂ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ?

# ਸੇਕ ਦਾ ਪੱਧਰ



ਹਰਿੰਦਰ ਪਾਲ ਸਿੰਘ

ਮੈਂ ਰੋਜ਼ ਦੀ ਤਰ੍ਹਾਂ ਪਾਰਕ ਵਿੱਚ ਸੈਰ ਕਰ ਰਿਹਾ ਸਾਂ। ਨਿੱਤ ਕਾਫ਼ੀ ਲੋਕ ਸੈਰ ਕਰਨ ਆਉਂਦੇ, ਦੋ-ਚਾਰ ਨਵੇਂ ਚਿਹਰੇ ਹੁੰਦੇ ਤੇ ਕਈ ਹਰ ਰੋਜ਼ ਵਾਲੇ ਪਰ ਅੱਜ ਮੈਨੂੰ ਪਾਰਕ ਛੱਡਣ ਵੇਲੇ ਕੁਝ ਦੇਰੀ ਹੋ ਗਈ ਕਿਉਂਕਿ ਮੈਂ ਥੋੜ੍ਹੀ ਦੇਰ ਨਾਲ ਪਾਰਕ ਵਿੱਚ ਆਇਆ ਸੀ। ਲੋਕ ਕਾਫ਼ੀ ਘਟ ਗਏ ਸਨ। ਇੰਨੇ ਨੂੰ ਇੱਕ ਲੜਕੀ, ਜਿਸ ਨੇ ਜੀਨ-ਟੌਪ ਪਾਈ ਹੋਈ ਸੀ ਅਤੇ ਹੱਥ ਵਿੱਚ ਪਲਾਸਟਿਕ ਦਾ ਲਿਫ਼ਾਫ਼ਾ ਚੁੱਕਿਆ ਹੋਇਆ ਸੀ, ਬੈਂਚ 'ਤੇ ਆ ਬੈਠੀ। ਇਧਰ ਮੇਰੇ ਨਾਲ ਮੇਰੀ ਸੋਚ ਨੇ ਚੱਲਣਾ ਸ਼ੁਰੂ ਕਰ ਦਿੱਤਾ। ਲਿਫ਼ਾਫ਼ੇ 'ਚ ਕਿਤਾਬਾਂ ਨਹੀਂ ਸਨ ਲੱਗ ਰਹੀਆਂ।

ਇਸ ਬਾਰੇ ਸੋਚਦਿਆਂ-ਸੋਚਦਿਆਂ ਅੱਜ ਸੈਰ ਵੀ ਵੱਧ ਹੋ ਗਈ ਸੀ ਤੇ ਮੇਰੇ ਉਸ ਬਾਰੇ ਵਿਚਾਰ ਹੋਰ ਵੀ ਨੀਵੇਂ ਸਤਰ ਦੇ ਹੁੰਦੇ ਜਾ ਰਹੇ ਸਨ। ਬੈਂਚ ਕੋਲੋਂ ਲੰਘਦਿਆਂ ਹੁਣ ਕਿਤੇ ਜਾ ਰਹੀ ਲੱਗੀ। ਸੋਚ ਹੋਰ ਡੂੰਘੀ ਹੁੰਦੀ ਜਾ ਰਹੀ ਸੀ ਕਿਉਂ ਜੋ ਹਾਵ-ਭਾਵ ਸ਼ਕਲ ਸੂਰਤ ਪਹਿਰਾਵੇ ਤੇ ਬੇਪ੍ਰਵਾਹੀ ਤੋਂ ਪੀਜੀ 'ਚ ਰਹਿੰਦੀ ਲੱਗਦੀ ਸੀ।

ਅੰਤ ਪਾਰਕ ਵਿੱਚ ਸਿਰਫ਼ ਤਿੰਨ ਜਣੇ ਹੀ ਰਹਿ ਗਏ, ਮੈਂ ਉਹ ਕੁੜੀ ਤੇ ਇਕ ਬਜ਼ੁਰਗ ਯੋਗਾ ਕਰ ਰਿਹਾ ਸੀ। ਨਵੀਂ ਪੀੜ੍ਹੀ ਤੇ ਪੀਜੀ ਕਲਚਰ ਬਾਬਤ ਲੋਕਾਂ ਤੋਂ ਸੁਣੀਆਂ-ਸੁਣਾਈਆਂ ਗੱਲਾਂ ਅਤੇ ਬਦਲੇ ਮਾਹੌਲ ਬਾਰੇ ਸੋਚਿਆ ਤਾਂ ਮੇਰੀ ਸੋਚ ਘਟੀਆ ਪੱਧਰ ਤੱਕ ਚਲੀ ਗਈ। ਥੋੜ੍ਹੀ ਦੇਰ ਬਾਅਦ ਸਿਰ ਨੂੰ ਝਟਕਾ ਦਿੱਤਾ ਤੇ ਖ਼ਿਆਲਾਂ ਦੀ ਲੜੀ ਤੋੜੀ। ਕੀ ਲੈਣਾ ਅਸੀਂ ਇਨ੍ਹਾਂ ਦੇ ਕਾਰਿਆਂ ਤੋਂ ਜੋ ਕਰਨਗੇ ਸੋ ਭਰਨਗੇ। ਇਨ੍ਹਾਂ ਵਿਚਾਰਾਂ ਨਾਲ ਪਾਰਕ ਤੋਂ ਬਾਹਰ ਨਿਕਲ ਆਇਆ ਪਰ ਫਿਰ ਜਗਿਆਸਾਵੱਸ ਪਿੱਛੇ ਮੁੜ ਮਨ ਨੇ ਮੈਨੂੰ ਕਿਹਾ, 'ਦੇਖੀ ਜਾ ਕਿੱਧਰ ਜਾਵੇਗੀ, ਸ਼ਾਇਦ ਕੋਈ ਮਿੱਤਰ ਯਾਰ ਲੈਣ ਆਵੇਗਾ।' ਦੋ-ਤਿੰਨ ਵਾਰ ਪਿੱਛੇ ਮੁੜ ਕੇ ਵੇਖਦਾ ਰਿਹਾ ਪਰ ਇਹ ਕੀ? ਪਾਰਕ ਨਾਲ ਥੋੜ੍ਹੀ ਦੂਰੀ 'ਤੇ ਇੱਕ ਝੁੱਗੀ ਵੱਲ ਕੁੜੀ ਜਾ ਰਹੀ ਸੀ।

ਵੇਖਦੇ-ਵੇਖਦੇ ਕੱਪੜਿਆਂ ਵਾਲਾ ਉਹ ਲਿਫ਼ਾਫ਼ਾ ਕੁੜੀ ਨੇ ਝੁੱਗੀ ਅੰਦਰ ਖੜ੍ਹੇ ਬੰਦੇ ਵੱਲ ਵਧਾ ਦਿੱਤਾ ਜੋ ਉਸ ਨੇ ਇਕ ਹੱਥ ਨਾਲ ਫੜ ਲਿਆ ਤੇ ਦੂਜਾ ਹੱਥ ਗਰਮ ਹੋਈ ਪ੍ਰੈੱਸ ਵੱਲ ਵਧਾਇਆ। ਲੜਕੀ ਕੱਪੜੇ ਪ੍ਰੈੱਸ ਕਰਨ ਵਾਲੇ ਦੇ ਕੰਮ ਸ਼ੁਰੂ ਕਰਨ ਦੀ ਉਡੀਕ 'ਚ ਪਾਰਕ ਅੰਦਰ ਬੈਠੀ ਇੰਤਜ਼ਾਰ ਕਰ ਰਹੀ ਸੀ। ਮੈਂ ਖ਼ੁਦ ਦੀਆਂ ਨਜ਼ਰਾਂ 'ਚ ਸ਼ਰਮਿੰਦਾ ਹੋਇਆ ਤੇ ਮਨ ਵਿੱਚਵਿਚਾਰਨ ਲੱਗਾ, 'ਅਜੇ ਨਵੀਂ ਪੀੜ੍ਹੀ ਕਿਨੀ ਘਟੀਆ ਨਹੀਂ ਹੋਈ ਜਿੰਨੀ

# ਤਸਕਰਾਂ ‘ਤੇ ਸਖਤ ਨਜ਼ਰਸਾਨੀ ਰੱਖਣ ਲਈ ਸ਼ਹਿਰ ਅੰਦਰ ਲਗਾਏ ਵਧੀਆ ਕੁਆਲਿਟੀ ਦੇ 50 ਕੈਮਰੇ : ਬਲਕਾਰ ਸਿੰਘ ਸਿੱਧੂ

**ਬਠਿੰਡਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਨੂੰ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਵਿੱਚ ਭਰਵਾ ਹੁੰਗਾਰਾ ਮਿਲ ਰਿਹਾ ਹੈ। ਚੱਲ ਰਹੀ ‘ਨਸ਼ਾ ਮੁਕਤੀ ਯਾਤਰਾ’ ਤੋਂ ਪ੍ਰਭਾਵਿਤ 19 ਪਿੰਡਾਂ ਦੀਆਂ ਪੰਚਾਇਤਾਂ ਵਲੋਂ ਆਪੋਂ-ਆਪਣੇ ਪਿੰਡ ਵਿੱਚ ਕੋਈ ਵੀ ਵਿਅਕਤੀ ਨਾ ਤਾਂ ਚਿੱਟੇ ਦੀ ਵਰਤੋਂ ਕਰਦਾ ਹੈ ਅਤੇ ਨਾ ਹੀ ਇਨ੍ਹਾਂ ਪਿੰਡਾਂ ਵਿੱਚ ਕੋਈ ਚਿੱਟਾ ਵੇਚਦਾ ਹੈ ਸੰਬਧੀ ਮਤੇ ਪਾਏ ਗਏ ਹਨ। ਇਹ ਜਾਣਕਾਰੀ ਹਲਕਾ ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਸਾਂਝੀ ਕੀਤੀ।

ਇਸ ਦੌਰਾਨ ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਦੱਸਿਆਂ ਕਿ ਰਾਮਪੁਰਾ ਹਲਕੇ ਵਿੱਚ ਕੁੱਲ 54 ਪੰਚਾਇਤਾਂ ਹਨ, ਜਿਨ੍ਹਾਂ ਵਿੱਚੋਂ 19 ਪੰਚਾਇਤਾਂ ਪਿੰਡ ਮੱਲੂਆਣਾ, ਹਿੰਮਤਪੁਰਾ, ਟੱਲਵਾਲੀ, ਪਿਪਲੀ, ਗੁਰੂਸਰ ਮਹਿਰਾਜ, ਕੋਠੇ ਰੱਥੜੀਆਂ, ਮਹਿਰਾਜ ਖੁਰਦ, ਕਾਲੇਬਾਰਾ, ਭਾਈਰੂਪਾ ਖੁਰਦ, ਕੋਠੇ ਸੁੱਖਾ ਨੰਦਾ, ਨਵਾਂ ਕੇਸਰ ਸਿੰਘ, ਬੁਰਜ ਥਰੋੜ, ਕੋਠਾ ਗੁਰੂ ਖੁਰਦ, ਗੁਰਦਿੱਤ ਸਿੰਘ ਵਾਲਾ, ਗੰਸਪੁਰਾ, ਗੁਰੂਸਰ ਜਲਾਲ, ਭਾਈਆਣਾ, ਸੰਧੂ ਖੁਰਦ ਅਤੇ ਪਿੰਡ ਕਾਲੋਕੇ ਦੀ ਗ੍ਰਾਮ ਪੰਚਾਇਤਾਂ ਮਤੇ ਲੈ ਕੇ ਪਹੁੰਚੀਆਂ ਸਨ।

ਇਸ ਦੌਰਾਨ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਮੀਡੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਮਪੁਰਾ ਸ਼ਹਿਰ ਅੰਦਰ ਢੁੱਕਵੀਆਂ ਥਾਵਾਂ ‘ਤੇ ਚਿੱਟੇ ਦੀ ਤਸਕਰੀ ਤੇ ਸੇਵਨ ਕਰਨ ਵਾਲਿਆਂ ‘ਤੇ ਸਖਤ ਨਜ਼ਰਸਾਨੀ ਰੱਖਣ ਦੇ ਨਾਲ-ਨਾਲ ਹੋਰ ਅਪਰਾਧਿਕ ਘਟਨਾਵਾਂ ਨੂੰ ਰੋਕਣ ਲਈ ਵਧੀਆਂ ਕੁਆਲਿਟੀ ਦੇ 50 ਕੈਮਰੇ ਵੀ ਲਗਾਏ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਨਸ਼ਾ ਛੱਡ ਰਹੇ ਹਨ।

ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਨਸ਼ਾ ਛੱਡ ਚੁੱਕੇ ਨੌਜਵਾਨਾਂ ਨੂੰ ਵੱਖ-ਵੱਖ ਨਸ਼ਾ ਛੁਡਾਉ ਕੇਂਦਰਾਂ ਵਿੱਚ ਭਰਤੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਇਕ ਹੋਰ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਜੋ ਨੌਜਵਾਨ ਨਸ਼ਾ ਛੱਡ ਕੇ ਉਨ੍ਹਾਂ ਦੀ ਯੋਗਤਾਂ ਤੇ ਹੁਨਰ ਅਨੁਸਾਰ ਸਵੈ ਰੋਜਗਾਰ ਵੀ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਇਕ ਹੋਰ



ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਮੁਹਿੰਮ ਸਿੱਖਿਆ ਕ੍ਰਾਂਤੀ ਦੇ ਤਹਿਤ ਵਿੱਦਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਪਿੰਡਾਂ ਵਿੱਚ ਨੌਜਵਾਨਾਂ ਨੂੰ ਸਵੈ ਰੋਜਗਾਰ ਮੁਹੱਈਆ ਕਰਵਾਉਣ ਤੋਂ ਇਲਾਵਾ ਪਿੰਡਾਂ ਦੀ ਪੰਚਾਇਤਾਂ ਅਤੇ ਨੌਜਵਾਨਾਂ ਦੀ ਮੰਗ ਅਨੁਸਾਰ ਖੇਡ ਦੇ ਮੈਦਾਨ ਤੇ ਜਿੰਮ ਆਦਿ ਵੀ ਮੁਹੱਈਆ ਕਰਵਾਏ ਜਾ ਰਹੇ। ਇਸ ਮੌਕੇ ਉਨ੍ਹਾਂ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਆ ਚੁੱਕੇ ਜੋ ਨੌਜਵਾਨ ਖੇਡਾਂ ਨਾਲ ਜੁੜੇ ਹਨ, ਨੂੰ ਦੇਸ਼ੀ ਘਿਓ ਵੀ ਮੁਹੱਈਆ ਕਰਵਾਇਆ ਗਿਆ।

ਇਸ ਮੌਕੇ ਐਸਐਚਓ ਰਾਮਪੁਰਾ ਫੂਲ ਸ. ਬੂਟਾ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਦੌਰਾਨ ਹਲਕਾ ਰਾਮਪੁਰਾ ਫੂਲ ਚ ਕੁੱਲ 99 ਮੁਕੱਦਮੇ ਦਰਜ ਕਰਕੇ 171 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹੈਰੋਇਨ ਬਰਾਮਦ 1 ਕਿਲੋ 349 ਗ੍ਰਾਮ 89 ਮਿਲੀ ਗ੍ਰਾਮ, ਗੋਲੀਆਂ 13033, ਭੁੱਕੀ 115.29 ਕਿਲੋਗ੍ਰਾਮ, ਕੈਪਸੂਲ 3570, ਗਾਂਜਾ 1.5 ਕਿਲੋਂ, ਸਮੈਕ 06 ਗ੍ਰਾਮ, ਹਰਾ ਪੋਸਤ 5 ਕਿਲੋ ਬਰਾਮਦ ਕੀਤਾ।

ਇਸ ਮੌਕੇ ਮਾਰਕਿਟ ਕਮੇਟੀ ਰਾਮਪੁਰਾ ਫੂਲ ਦੇ ਚੇਅਰਮੈਨ ਸ਼੍ਰੀ ਦਰਸ਼ਨ ਸਿੰਘ ਸੋਹੀ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵੱਖ-ਵੱਖ ਪਿੰਡਾਂ ਦੇ ਪੰਚ ਸਰਪੰਚ ਆਦਿ ਹਾਜ਼ਰ ਸਨ।

# ਗੱਤਕਾ ਐਸੋਸੀਏਸ਼ਨ ਰੂਪਨਗਰ ਵੱਲੋਂ 2 ਰੋਜ਼ਾ ਰੈਫਰੀ ਟਰੇਨਿੰਗ ਕੈਂਪ ਦਾ ਆਯੋਜਨ




**ਰੂਪਨਗਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਵੱਲੋਂ ਦੋ ਰੋਜ਼ਾ ਸੈਮੀਨਾਰ ਕਮ ਰੈਫਰੀ ਟਰੇਨਿੰਗ ਕੈਂਪ ਆਯੋਜਿਤ ਕੀਤਾ ਗਿਆ , ਜਿਸਦੀ ਸ਼ੁਰੂਆਤ ਸ. ਹਰਜੀਤ ਸਿੰਘ ਗਰੇਵਾਲ ਪ੍ਰਧਾਨ, ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੀ ਅਗਵਾਈ ਹੇਠ ਕੀਤੀ ਗਈ। ਜਿਸ ਵਿੱਚ ਨੈਸ਼ਨਲ ਕੋਚ ਅਤੇ ਰੈਫਰੀ ਸ. ਯੋਗਰਾਜ ਸਿੰਘ ਨੇ ਸਿਖਿਆਰਥੀਆਂ ਨੂੰ ਵਰਲਡ ਗੱਤਕਾ ਰੂਲ ਬੁੱਕ ਮੁਤਾਬਿਕ ਗੱਤਕੇ ਖੇਡ ਦੀਆਂ ਬਾਰੀਕੀਆਂ ਅਤੇ ਤਕਨੀਕੀ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਵਿਚ ਤਕਰੀਬਨ 18 ਖਿਡਾਰੀਆਂ ਨੇ ਰੈਫਰੀ ਦੀ ਟਰੇਨਿੰਗ ਪ੍ਰਾਪਤ ਕੀਤੀ। ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸ. ਹਰਜੀਤ ਸਿੰਘ ਗਰੇਵਾਲ ਨੇ ਗੱਤਕੇ ਦੇ ਭਵਿੱਖ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਖੇਡ ਸਾਡੀ ਸੱਭਿਆਚਾਰਕ ਵਿਰਾਸਤ ਹੈ ਅਤੇ ਜਿਵੇਂ ਗੱਤਕੇ ਦਾ ਪਰਚਾਰ ਤੇ ਪਸਾਰ ਹੋ ਰਿਹਾ ਹੈ , ਗੱਤਕੇ ਦਾ ਭਵਿੱਖ ਬਹੁਤ ਸੁਨਹਿਰਾ ਹੈ ।

ਕੈਂਪ ਦੇ ਦੂਜੇ ਦਿਨ ਸ. ਗੁਰਮੁਖ ਸਿੰਘ ਮੁਖੀ, ਧਰਮ ਪ੍ਰਚਾਰ ਟਰੱਸਟ, ਘਨੌਲੀ ਸ. ਗੁਰਬਚਨ ਸਿੰਘ ਚੇਅਰਮੈਨ, ਗੁਰੂ ਨਾਨਕ ਪਬਲਿਕ ਸਕੂਲ, ਅਤੇ ਸ. ਨਰਪਿੰਦਰ ਸਿੰਘ ਭੈਰੋ ਮਾਜਰਾ ਨੇ ਖਿਡਾਰੀਆਂ ਨੂੰ ਰੈਫਰੀ ਟਰੇਨਿੰਗ ਦੀ ਸੰਪੂਰਨਤਾ ਉਪਰੰਤ ਪ੍ਰਮਾਣ ਪੱਤਰ ਵੰਡੇ। ਇਸ ਮੌਕੇ ਗੱਤਕਾ ਐਸੋਸੀਏਸ਼ਨ ਜ਼ਿਲ੍ਹਾ ਰੂਪਨਗਰ ਵੱਲੋਂ ਸਾਰੇ ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।ਗੱਤਕਾ ਐਸੋਸੀਏਸ਼ਨ ਜਿਲ੍ਹਾ ਰੂਪਨਗਰ ਦੀ ਪ੍ਰਧਾਨ ਬੀਬੀ ਮਨਜੀਤ ਕੌਰ ਨੇ ਸਾਰੇ ਆਏ ਹੋਏ ਮਹਿਮਾਨਾਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਟਰੇਨਿੰਗ ਕੈਂਪ ਗੱਤਕੇ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਅਤੇ ਖਿਡਾਰੀਆਂ ਨੂੰ ਪ੍ਰੋਫ਼ੈਸ਼ਨਲ ਪੱਧਰ ’ਤੇ ਤਿਉਂਆਰ ਕਰਨ ਵੱਲ ਇੱਕ ਸ਼ਲਾਘਾਯੋਗ ਕਦਮ ਸਾਬਤ ਹੋਵੇਗਾ।ਇਸ ਮੌਕੇ ਸ. ਗੁਰਪ੍ਰੀਤ ਸਿੰਘ ਭਾਊਵਾਲ, ਸ. ਗੁਰਵਿੰਦਰ ਸਿੰਘ ਘਨੌਲੀ, ਸ. ਜਸਪ੍ਰੀਤ ਸਿੰਘ, ਸ. ਗੁਰਵਿੰਦਰ ਸਿੰਘ ਰੂਪਨਗਰ, ਜਸਵੀਰ ਸਿੰਘ, ਜਸਵਿੰਦਰ ਸਿੰਘ, ਮਾਸਟਰ ਜਗਤਾਰ ਸਿੰਘ, ਕਰਨ ਮਹਿਤਾ ਡੀ.ਪੀ.ਆਰ.ਓ. ਰੂਪਨਗਰ ਮਨਪ੍ਰੀਤ ਸਿੰਘ ਘਨੌਲੀ ਅਤੇ ਬਲਜੀਤ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਵੀ ਸ਼ਾਮਲ ਸਨ।

# ਮੇਅਰ ਕੁੰਦਨ ਗੋਗੀਆ ਵਲੋਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੂੰ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਲਈ ਕੀਤਾ ਸਨਮਾਨਿਤ

**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਜੋ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕਰ ਰਹੀਆਂ ਹਨ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਕਮੇਟੀ, ਮੈਂਬਰ ਜ਼ਿਲ੍ਹਾ ਯੂਵਾ ਸਾਂਝ ਕੇਂਦਰ ਕਮੇਟੀ ਵਲੋਂ ਕੀਤੇ ਜਾ ਰਹੇ ਪਿਛਲੇ 20 ਸਾਲਾਂ ਤੋਂ ਨਸ਼ਿਆਂ ਵਿਰੁੱਧ ਕੰਮਾਂ ਅਤੇ ਹੋਰ ਸਮਾਜ ਸੇਵੀ ਕਾਰਜਾਂ ਨੂੰ ਵੇਖਦਿਆਂ ਮੇਅਰ ਪਟਿਆਲਾ ਕੁੰਦਨ ਗੋਗੀਆ ਜੀ ਵਲੋਂ ਸਨਮਾਨਿਤ ਕੀਤਾ ਗਿਆ, ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ,ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੀ ਹਾਜ਼ਰ ਸਨ,ਇਸ ਮੌਕੇ ਮੇਅਰ ਪਟਿਆਲਾ ਕੁੰਦਨ ਗੋਗੀਆ ਜੀ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਉਹਨਾਂ ਦੀ ਟੀਮ ਵਲੋਂ ਬਗੈਰ ਕਿਸੇ ਸੁਆਰਥ ਦੇ ਪਿੰਡਾਂ , ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿੱਚ ਜਾਂ ਕੇ ਪਬਲਿਕ ਅਤੇ ਖ਼ਾਸ ਕਰਕੇ ਨੋਜਵਾਨਾ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸੰਸਾਯੋਗ ਹਨ ਅਤੇ ਉਨ੍ਹਾਂ ਕਿਹਾ ਕਿ ਉਹੋ ਇਹਨਾਂ ਦੀ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਲਈ ਹਮੇਸ਼ਾ ਤਿਆਰ ਹਨ, ਉਹਨਾਂ ਕਿਹਾ ਕਿ ਪਰਮਿੰਦਰ ਭਲਵਾਨ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਹੋਰ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਅਤੇ ਪੰਜਾਬ ਪੁਲਿਸ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹੈ ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਬਗੈਰ ਕਿਸੇ ਡਰ ਭੈ ਤੋਂ ਦਿੱਤੀ ਜਾਵੇ ਕਿਉਂਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀਆਂ ਦੀ ਪਛਾਂਣ ਪੁਲਿਸ ਗੁਪਤ ਰੱਖੀ ਜਾਂਦੀ, ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸ਼ਿਆਂ ਦੇ ਖਾਤਮੇ ਲਈ ਪੁਲਿਸ ਨੂੰ ਸਹਿਯੋਗ ਦੇਣ ਅੱਗੇ ਆਏ ਤਾਂ ਹੀ ਅਸੀਂ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ,ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਉਹਨਾਂ ਦੀ ਟੀਮ ਵਲੋਂ ਹੁਣ ਤੱਕ ਪੰਜਾਬ ਸਰਕਾਰ, ਪੰਜਾਬ ਪੁਲਿਸ, ਸਿਵਲ ਪ੍ਰਸ਼ਾਸਨ, ਗ੍ਰਾਮ ਪੰਚਾਇਤ, ਯੂਥ ਕਲੱਬਾ ਦੇ ਸਹਿਯੋਗ ਨਾਲ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਪਿੰਡਾਂ ਕਸਬਿਆਂ ਸਕੂਲਾਂ ਕਾਲਜਾਂ ਯੂਨੀਵਰਸਿਟੀਆ ਵਿੱਚ ਤਕਰੀਬਨ 3000 ਹਜ਼ਾਰ ਤੋਂ ਉੱਪਰ ਨੋਜਵਾਨਾ ਨੂੰ ਨੁੱਕੜ ਨਾਟਕ, ਨਾਟਕ, ਸੈਮੀਨਾਰਾ, ਰੈਲੀਆਂ ਰਾਹੀਂ ਨੋਜਵਾਨਾ ਨੂੰ ਜਾਗਰੂਕ ਕੀਤਾ ਗਿਆ ਹੈ ਅਤੇ ਇਹ ਮੁਹਿੰਮ ਹੁਣ ਵੀ ਲਗਾਤਾਰ ਜਾਰੀ ਹੈ,ਇਹ ਸਾਰੇ ਸਮਾਜ ਸੇਵੀ ਕਾਰਜ ਉਹਨਾਂ ਦੀ ਟੀਮ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ,ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ , ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ ਦੀ ਮਿਹਨਤ ਸਦਕਾ ਸੰਭਵ ਹੋ ਰਹੇ ਹਨ,ਅਤੇ ਉਨ੍ਹਾਂ ਦੀ ਟੀਮ ਅੱਗੇ ਤੋਂ ਵੀ ਸਮਾਜ ਸੇਵੀ ਕਾਰਜ ਕਰਦੀ ਰਹੇਗੀ।



# ਪਿੰਡ ਹਰਵਾ ਚ ਲੋਕ ਮਾਤਾ ਅਹਿਲਿਆਬਾਈ ਹੋਲਕਰ ਦਾ ਜਨਮ ਦਿਹਾੜਾ ਮਨਾਇਆ

**ਗੜ੍ਹਸ਼ੰਕਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਨ ਲੋਕ ਮਾਤਾ ਅਹਿਲਿਆਬਾਈ ਹੋਲਕਰ ਜੀ ਦਾ ਜਨਮ ਦਿਹਾੜਾ ਬੜੀ ਹੀ ਸ਼ਰਧਾ ਭਾਵਨਾ ਨਾਲ ਪਿੰਡ ਹਰਵਾ ਬੀਤ ਵਿਖੇ ਮਨਾਇਆ ਗਿਆ।ਇਸ ਸਮਾਗਮ ਵਿੱਚ ਬੀਜੇਪੀ ਦੇ ਜ਼ਿਲਾ ਉਪ ਪ੍ਰਧਾਨ ਹੁਸ਼ਿਆਰਪੁਰ ਰਾਜ ਕੁਮਾਰ ਰਾਣਾ ਨੇ ਵਿਸ਼ੇਸ਼ ਤੌਰ ਸ਼ਿਰਕਤ ਕੀਤੀ। ਭਾਜਪਾ ਬੀਤ ਮੰਡਲ ਦੇ ਅਹੁਦੇਦਾਰਾ, ਵਰਕਰਾ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਏ ਇਸ ਸਮਾਗਮ ਚ ਰਾਜ ਕੁਮਾਰ ਰਾਣਾ ਨੇ ਕਿਹਾ ਕਿ ਰਾਣੀ ਅਹਿਲਿਆਬਾਈ ਹੋਲਕਰ ਤਿਆਗ, ਧਰਮ, ਸੇਵਾ ਅਤੇ ਸੁਸ਼ਾਸਨ ਦੀ ਪ੍ਰਤੀਕ ਸਨ ਜਿਨ੍ਹਾਂ ਨੇ ਆਦਰਸ਼ ਅਤੇ ਸ਼ਾਨਦਾਰ ਸ਼ਾਸਨ ਦੇ ਰੂਪ ਦੇ ਵਿੱਚ ਦੇਸ਼ ਦੇ ਸਾਹਮਣੇ ਮਿਸਾਲ ਪੈਦਾ ਕੀਤੀ। ਉਹਨਾਂ ਨੇ ਔਰਤਾਂ ਦੀ ਭੂਮਿਕਾ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਨਾਲ ਨਾਲ ਧਾਰਮਿਕ ਅਸਥਾਨਾਂ ਦਾ ਨਿਰਮਾਣ ਅਤੇ ਜਨ ਕਲਿਆਣ ਦੀ ਦਿਸ਼ਾ ਵਿੱਚ ਇਤਿਹਾਸਕ ਕਾਰਜ ਕੀਤਾ। ਉਹ ਭਾਰਤ ਦੇ ਮਾਲਵਾ ਖੇਤਰ ਦੀ ਰਾਣੀ




ਰਹੀ ਅਤੇ ਇੰਦੌਰ ਨੂੰ ਆਪਣੀ ਰਾਜਧਾਨੀ ਬਣਾਇਆ। ਉਹਨਾਂ ਦਾ ਵਿਆਹ ਖੰਡੇਰਾਓ ਹੋਲਕਰ ਨਾਲ ਹੋਈ, ਜੋ ਮਰਾਠਾ ਸਾਮਰਾਜ ਦੇ ਮਹਾਨ ਸੈਨਾਪਤੀ ਮਲਹਾਰ ਰਾਓ ਹੋਲਕਰ ਦੇ ਪੁੱਤਰ ਸਨ। ਪਤੀ ਦੀ 1754 ਵਿੱਚ ਅਤੇ ਸੋਹਰੇ ਦੀ 1766 ਵਿੱਚ ਮੌਤ ਤੋਂ ਬਾਅਦ, ਰਾਣੀ ਅਹਿਲਿਆ ਬਾਈ ਨੇ 1767 ਵਿੱਚ ਰਾਜ ਸੰਭਾਲਿਆ। ਰਾਣਾ ਰਾਜ ਕੁਮਾਰ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਲਗਭਗ 30 ਸਾਲ ਤੱਕ ਇਨਸਾਫ਼, ਪ੍ਰਸ਼ਾਸਨ ਤੇ ਲੋਕ-ਭਲਾਈ ਨਾਲ ਭਰਪੂਰ ਰਾਜ ਕੀਤਾ। ਉਹ ਕਿਸਾਨੀ, ਵਪਾਰ ਅਤੇ ਜਨਸੇਵਾ ਨੂੰ ਉਤਸ਼ਾਹਿਤ ਕਰਦੇ ਸਨ। ਆਖ਼ਰਕਾਰ, 13 ਅਗਸਤ 1795 ਨੂੰ ਰਾਣੀ ਅਹਿਲਿਆਬਾਈ ਨੇ ਆਪਣੀ ਮੌਤ ਨਾਲ ਇੱਕ ਸੋਨੇ ਦੀ ਯੁੱਗ ਨੂੰ ਅਲਵਿਦਾ ਕਿਹਾ।

ਇਸ ਸਮਾਗਮ ਮੌਕੇ ਰਾਜ ਕੁਮਾਰ ਰਾਣਾ ਤੋ ਇਲਾਵਾ ਬੀਜੇਪੀ ਬੀਤ ਮੰਡਲ ਪ੍ਰਧਾਨ ਵਿਜੇ ਕੁਮਾਰ ਬਿੱਲਾ, ਗੜ੍ਹਸ਼ੰਕਰ ਦੇ ਕਨਵੀਨਰ ਅਲੋਕ ਰਾਣਾ, ਡਾ ਸੋਨੂੰ, ਸਤਪਾਲ ਧੰਜਲ, ਰਜਿੰਦਰ ਰਾਣਾ, ਪ੍ਰਦੀਪ ਰਾਣਾ, ਰਵੀ ਆਦਿ ਹਾਜ਼ਰ ਸਨ।

# ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਕੀਤਾ ਜਾ ਰਿਹਾ ਜਾਗਰੂਕ



**ਤਰਨ ਤਾਰਨ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਨੂੰ ਨਸ਼ਾ ਮੁਕਤ ਕਰਨ ਦੇ ਮੰਤਵ ਨਾਲ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾਵਾਂ ਲਗਾਤਾਰ ਜਾਰੀ ਹਨ ਅਤੇ ਪਿੰਡ-ਪਿੰਡ ਜਾ ਕੇ ਨਸ਼ਾ ਰੋਕੂ ਰੱਖਿਆ ਕਮੇਟੀਆਂ ਰਾਹੀਂ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਲੜੀ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਜ਼ਿਲ੍ਹਾ ਕੋਆਰਡੀਨੇਟਰ ਸ੍ਰੀ ਅਮਿੰਦਰ ਸਿੰਘ ਐਮੀ ਵੱਲੋਂ ਹਲਕਾ ਖਡੂਰ ਸਾਹਿਬ ਦੇ ਪਿੰਡ ਧੁੰਨ ਢਾਏ ਵਾਲਾ, ਚੰਬਾ ਕਲਾਂ, ਅਤੇ ਹਵੇਲੀਆਂ ਵਿਖੇ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕੀਤੀ ਗਈ।ਇਸ ਮੌਕੇ ਸਰਪੰਚ ਜਗਰੂਪ ਸਿੰਘ, ਹੈਰੀ ਗਿੱਲ, ਸਰਪੰਚ ਸਵਿੰਦਰ ਸਿੰਘ, ਸਰਪੰਚ ਗੁਰਜੰਟ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਇਸ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਤੰਦਰੁਸਤੀ ਅਤੇ ਜਵਾਨੀ ਨੂੰ ਬਰਕਰਾਰ ਰੱਖਣ ਲਈ ਨਸ਼ਿਆਂ ਦਾ ਖਾਤਮਾ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨਸ਼ਾ ਤਸਕਰਾਂ ਖਿਲਾਫ਼ ਲਗਾਤਾਰ ਕਾਰਵਾਈ ਅਮਲ ਵਿੱਚ ਲਿਆ ਰਹੀ ਹੈ।

ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੀ ਅਪੀਲ ਕੀਤੀ ਕਿ ਕੋਈ ਵੀ ਨਸ਼ਾ ਤਸਕਰ ਦਾ ਬਿਲਕੁੱਲ ਵੀ ਸਾਥ ਨਾ ਦਿੱਤਾ ਜਾਵੇ ਅਤੇ ਨਾ ਹੀ ਇਨ੍ਹਾਂ ਦੀਆਂ ਜ਼ਮਾਨਤਾਂ ਕਰਵਾਈਆਂ ਜਾਣ। ਉਨ੍ਹਾਂ ਲੋਕਾਂ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਰਕਾਰ ਦਾ ਸਾਥ ਦੇਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਉਹ ਦਿਨ ਦੂਰ ਨਹੀਂ ਜਦੋਂ ਜਲਦ ਹੀ ਪੰਜਾਬ ਨਸ਼ਾ ਮੁਕਤ ਹੋ ਜਾਵੇਗਾ।

ਉਹਨਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੋ ਵਿਅਕਤੀ ਨਸ਼ਾ ਕਰਦੇ ਹਨ ਉਹ ਇਸ ਰੋਗ ਦੇ ਪੀੜਤ ਹਨ, ਉਨ੍ਹਾਂ ਨਾਲ ਵਿਤਕਰਾ ਨਾ ਕਰੋ, ਉਨ੍ਹਾਂ ਨਾਲ ਹਮਦਰਦੀ ਰੱਖਦੇ ਹੋਏ, ਉਨ੍ਹਾਂ ਨੂੰ ਸਰਕਾਰੀ ਹਸਪਤਾਲ ਵਿੱਚ ਲੈ ਕੇ ਜਾਓ, ਜਿੱਥੇ ਉਨ੍ਹਾਂ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਵੇਗਾ ਅਤੇ ਪੰਜਾਬ ਸਰਕਾਰ ਉਸ ਦਾ ਸਾਰਾ ਖ਼ਰਚ ਕਰੇਗੀ।

ਉਨ੍ਹਾਂ ਸਾਰੇ ਪਿੰਡ ਵਾਸੀਆਂ ਨੂੰ ਇਸ ਗੱਲ ਦੀ ਸਹੁੰ ਵੀ ਚੁਕਾਈ ਕਿ ਉਹ ਨਾ ਤਾਂ ਨਸ਼ਾ ਵੇਚਣਗੇ ਅਤੇ ਨਾ ਹੀ ਨਸ਼ਾ ਵੇਚਣ ਵਾਲੇ ਦਾ ਸਾਥ ਦੇਣਗੇ। ਇਸ ਮੌਕੇ ਪਿੰਡਾਂ ਦੇ ਮੋਹਤਬਰਾਂ ਤੋਂ ਇਲਾਵਾ ਆਮ ਲੋਕ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

# ਜੇਕਰ ਹਰੇਕ ਵਾਰਡ ਜਾਂ ਪਿੰਡ ਦੇ ਲੋਕੀ ਨਸ਼ਾ ਮੁਕਤੀ ਦਾ ਪ੍ਰਣ ਲੈਣਗੇ ਤਾਂ ਨਸ਼ਾ ਜਾਂ ਨਸ਼ਾ ਤਸਕਰਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਰਹੇਗਾ: ਵਿਧਾਇਕ ਅੰਮ੍ਰਿਤਪਾਲ



**ਮੋਗਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ ਰਾਜ ਭਰ ਦੇ ਪਿੰਡਾਂ ਤੇ ਵਾਰਡਾਂ ਵਿੱਚ ਨਸ਼ਾ ਮੁਕਤੀ ਯਾਤਰਾਵਾਂ ਕੀਤੀਆਂ ਜਾ ਰਹੀਆਂ ਹਨ । ਇਸ ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੇ ਸਰਗਰਮ ਸਹਿਯੋਗ ਦੀ ਵੀ ਬੇਹਦ ਜ਼ਰੂਰਤ ਹੈ। ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਦੇ ਅਗਲੇ ਪੜਾਅ ਵਜੋਂ ਹੁਣ ਸਰਕਾਰ ਵੱਲੋਂ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਗਈ ਹੈ ਤਾਂ ਕਿ ਪਿੰਡ ਪੱਧਰ ’ਤੇ ਜਾ ਕੇ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨਾਗਰਿਕਾਂ ਨੂੰ ਜਾਣੂ ਕਰਵਾਇਆ ਜਾ ਸਕੇ।

ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਬਾਘਾਪੁਰਾਣਾ ਸਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਲੰਡੇ, ਮਾਹਲਾ ਕਲਾਂ, ਲੰਘੇਆਣਾ ਪੁਰਾਣਾ, ਲੰਘੇਆਣਾ ਨਵਾਂ, ਚੋਟੀਆਂ ਠੋਬਾ, ਜੈ ਸਿੰਘ ਵਾਲਾ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕਰਵਾਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੀਤਾ।

ਉਹਨਾਂ ਦੱਸਿਆ ਕਿ ਨਸ਼ਾ ਤਸਕਰਾਂ ਖਿਲਾਫ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਨੂੰਨੀ ਕਰਵਾਈ ਕੀਤੀ ਜਾ ਰਹੀ ਹੈ। ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ। ਪਿੰਡ ਤੇ ਵਾਰਡ ਪੱਧਰ ਦੀਆਂ ਡਿਫੈਂਸ ਕਮੇਟੀਆਂ ਨਾਲ ਲੋਕ ਆਪ ਮੁਹਾਰੇ ਜੁੜਨ ਲੱਗੇ ਹਨ ਅਤੇ ਹੁਣ ਇਹ ਜੰਗ ਇਕੱਲੇ ਇਕੱਲੇ ਵਾਰਡ ਅਤੇ ਪਿੰਡ ਵਿਚੋਂ ਚੱਲਣ ਲੱਗੀ ਹੈ। ਜ਼ਮੀਨੀ ਪੱਧਰ ਤੇ ਇਹ ਮੁਹਿੰਮ ਪਹੁੰਚ ਚੁੱਕੀ ਹੈ ਅਤੇ ਪੰਜਾਬ ਜਲਦੀ ਨਸ਼ਾ ਮੁਕਤ ਹੋ ਕੇ ਰੰਗਲਾ ਪੰਜਾਬ ਬਣੇਗਾ। ਨਸ਼ਾ ਮੁਕਤੀ ਯਾਤਰਾ ਵਿੱਚ ਲੋਕਾਂ ਨੇ ਨਸ਼ਾ ਮੁਕਤੀ ਵਿੱਚ ਸਰਕਾਰ ਨੂੰ ਪੂਰਨ ਸਹਿਯੋਗ ਦੇਣ ਦੀ ਸਹਿਮਤੀ ਪ੍ਰਗਟਾਈ।

ਉਹਨਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਨਾਲ ਇਕਜੁੱਟ ਹੋ ਕੇ ਲੜਨ ਦੀ ਸਹੁੰ ਚੁਕਾਈ। ਉਹਨਾਂ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਲੋਕ ਪੰਜਾਬ ਸਰਕਾਰ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਚ ਬਿਨਾ ਕਿਸੇ ਦਬਾਅ ਤੋਂ ਸਹਿਯੋਗ ਦੇਣ। ਉਹਨਾਂ ਕਿਹਾ ਕਿ ਜੇਕਰ ਹਰੇਕ ਵਾਰਡ ਜਾਂ ਪਿੰਡਾਂ ਦੀਆਂ ਪੰਚਾਇਤਾਂ ਨਸ਼ਾ ਮੁਕਤੀ ਦਾ ਪ੍ਰਣ ਲੈ ਲੈਣਗੀਆਂ ਤਾਂ ਨਸ਼ਾ ਜਾਂ ਨਸ਼ਾ ਤਸਕਰਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਰਹੇਗਾ। ਹੁਣ ਕਿਸੇ ਵੀ ਨਸ਼ਾ ਤਸਕਰ ਨੂੰ ਸਿਆਸੀ ਜਾਂ ਹੋਰ ਕੋਈ ਸਹਿਯੋਗ ਨਹੀਂ ਮਿਲ ਰਿਹਾ ਇਸ ਲਈ ਬਹੁਤ ਜਲਦ ਪੰਜਾਬ ਨਸ਼ਾ ਮੁਕਤ ਹੋਵੇਗਾ। ਉਹਨਾਂ ਸਮੂਹ ਵਾਰਡ ਵਾਸੀਆਂ ਨੂੰ ਨਸ਼ਾ ਮੁਕਤੀ ਮੁਹਿੰਮ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਦਾ ਪ੍ਰਣ ਦਿਵਾਇਆ। ਉਹਨਾਂ ਦੱਸਿਆ ਕਿ ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ।

# ਭਾਰਤੀ ਫੌਜ ਨੇ ਸਹਿਯੋਗ ਅਤੇ ਤਾਲਮੇਲ ਨੂੰ ਮਜ਼ਬੂਤ ਕਰਨ ਲਈ ਮਿਲਟਰੀ : ਸਿਵਲ ਇੰਟਰਐਕਟਿਵ ਕੈਪਸੂਲ ਦਾ ਆਯੋਜਨ ਕੀਤਾ




**ਗੁਰਦਾਸਪੁਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਥਿਆਰਬੰਦ ਸੈਨਾਵਾਂ ਅਤੇ ਸਥਾਨਕ ਪ੍ਰਸ਼ਾਸਨ ਵਿਚਕਾਰ ਤਾਲਮੇਲ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਿੱਚ, ਬ੍ਰਿਗੇਡੀਅਰ ਵਿਕਰਮਜੀਤ ਸਿੰਘ ਕੋਚਰ ਦੀ ਅਗਵਾਈ ਹੇਠ ਭਾਰਤੀ ਫੌਜ ਦੇ ਡੇਰਾ ਬਾਬਾ ਨਾਨਕ ਬ੍ਰਿਗੇਡ ਨੇ 30 ਮਈ, 2025 ਨੂੰ ਤਿੱਬੜੀ ਮਿਲਟਰੀ ਸਟੇਸ਼ਨ ਵਿਖੇ ਇੱਕ ਮਿਲਟਰੀ - ਸਿਵਲ ਇੰਟਰਐਕਟਿਵ ਕੈਪਸੂਲ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ਼੍ਰੀ ਦਲਵਿੰਦਰਜੀਤ ਸਿੰਘ, ਆਈਏਐਸ, ਸ਼੍ਰੀ ਆਦਿਤਿਆ, ਸੀਨੀਅਰ ਪੁਲਿਸ ਸੁਪਰਡੈਂਟ, ਗੁਰਦਾਸਪੁਰ, ਜੰਗਲਾਤ ਅਧਿਕਾਰੀ ਅਤੇ ਪੱਛਮੀ ਸਰਹੱਦਾਂ ਦੇ ਨਾਲ ਲੱਗਦੇ ਪਿੰਡਾਂ ਦੇ ਵੱਖ-ਵੱਖ ਸਰਪੰਚਾਂ ਸਮੇਤ ਮੁੱਖ ਹਿੱਸੇਦਾਰਾਂ ਵੀ ਹਾਜ਼ਰ ਸਨ।

ਪ੍ਰੋਗਰਾਮ ਇੱਕ ਜਾਣ-ਪਛਾਣ ਅਤੇ ਸਵਾਗਤ ਭਾਸ਼ਣ ਨਾਲ ਸ਼ੁਰੂ ਹੋਇਆ, ਜਿਸ ਨੇ ਚੀਫ ਆਫ਼ ਆਰਮੀ ਸਟਾਫ ਦੇ ਨਿਰਦੇਸ਼ਾਂ ਅਨੁਸਾਰ ਜਾਣਕਾਰੀ ਭਰਪੂਰ ਅਤੇ ਰਣਨੀਤਕ ਚਰਚਾਵਾਂ ਦੀ ਇੱਕ ਲੜੀ ਲਈ ਸੁਰ ਸਥਾਪਤ ਕੀਤੀ। 1965 ਅਤੇ 1971 ਦੀਆਂ ਜੰਗਾਂ - ਖਾਸ ਕਰਕੇ ਆਪ੍ਰੇਸ਼ਨ ਅਕਾਲ - ਵਿੱਚ ਭਾਰਤੀ ਫੌਜ ਦੁਆਰਾ ਦਿਖਾਈ ਗਈ ਇੱਕ ਵਿਆਪਕ ਜਾਣਕਾਰੀ ਅਤੇ ਬਹਾਦਰੀ ਡੇਰਾ ਬਾਬਾ ਨਾਨਕ ਬ੍ਰਿਗੇਡ ਦੇ ਏਰੀਆ ਆਫ ਰਿਸਪਾਂਸੀਬਿਲਿਟੀ ਦੇ ਸੰਦਰਭ ਵਿੱਚ ਪੇਸ਼ ਕੀਤੀ ਗਈ, ਜਿਸ ਵਿੱਚ ਖੇਤਰ ਦੇ ਇਤਿਹਾਸਕ, ਫਿਰਕੂ ਅਤੇ ਰਣਨੀਤਕ ਮਹੱਤਵ ਨੂੰ ਉਜਾਗਰ ਕੀਤਾ ਗਿਆ। ਸਾਰੇ ਹਾਜ਼ਰੀਨ ਇੱਕ ਗੈਰ-ਰਸਮੀ ਚਾਹ ਸੈਸ਼ਨ ਵਿੱਚ ਸ਼ਾਮਲ ਹੋਏ, ਖੁੱਲ੍ਹੀ ਚਰਚਾ ਅਤੇ ਗੱਲਬਾਤ ਨੂੰ ਉਤਸ਼ਾਹਿਤ ਕੀਤਾ ਅਤੇ ਵੱਖ-ਵੱਖ ਫੌਜੀ-ਸਿਵਲ ਸਹਿਯੋਗ ਤੇ ਆਪਸੀ ਸਮਝ ਨੂੰ ਉਤਸ਼ਾਹਿਤ ਕੀਤਾ। ਆਪ੍ਰੇਸ਼ਨ ਸਿੰਦੂਰ ▾ਤੇ ਇੱਕ ਸੂਝਵਾਨ ਪੇਸ਼ਕਾਰੀ ਵੀ ਦਿੱਤੀ ਗਈ, ਜਿਸ ਵਿੱਚ ਭਾਰਤੀ ਫੌਜ ਨੂੰ ਦਰਪੇਸ਼ ਸੰਚਾਲਨ ਚੁਣੌਤੀਆਂ ਅਤੇ ਮਿਸ਼ਨ ਦੌਰਾਨ ਕੀਤੀਆਂ ਗਈਆਂ ਫੈਸਲਾਕੁੰਨ ਕਾਰਵਾਈਆਂ ▾ਤੇ ਰੌਸ਼ਨੀ ਪਾਈ ਗਈ। ਅੰਤਰਰਾਸ਼ਟਰੀ ਸਰਹੱਦ ਦੇ ਨਾਲ-ਨਾਲ ਆਪਣੀ ਰੱਖਿਆ ਨੂੰ ਮਜ਼ਬੂਤ ਕਰਨ ਲਈ ਸਿਵਲ ਪ੍ਰਸ਼ਾਸਨ ਦੁਆਰਾ ਭਾਰਤੀ ਫੌਜ ਨੂੰ ਪ੍ਰਦਾਨ ਕੀਤੀ ਗਈ ਵੱਖ-ਵੱਖ ਸਹਾਇਤਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਗੁਰਦਾਸਪੁਰ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੇ ਖਤਰੇ, ਸਥਾਨਕ ਅਤੇ ਸਥਾਨਕ ਪ੍ਰਸ਼ਾਸਕੀ ਚਿੰਤਾਵਾਂ ਦੇ ਘਟਦੇ ਭਰਤੀ ਪੱਧਰ ਵਰਗੇ ਮਹੱਤਵਪੂਰਨ ਸਿਵਲ ਮੁੱਦਿਆਂ ਨੂੰ ਵੀ ਬਹੁਤ ਵਿਸਥਾਰ ਵਿੱਚ ਸੰਬੋਧਿਤ ਕੀਤਾ ਗਿਆ। ਇਸ ਤੋਂ ਇਲਾਵਾ, ਸਾਰੇ ਹਾਜ਼ਰੀਨ ਨੇ ਵੱਖ-ਵੱਖ ਰਣਨੀਤੀਆਂ ਤੇ ਵਿਸਥਾਰ ਵਿੱਚ ਚਰਚਾ ਕੀਤੀ, ਭਵਿੱਖ ਵਿੱਚ ਸਾਰੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਭਾਰਤੀ ਫੌਜ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਇੱਕ ਸੰਯੁਕਤ ਸਟੈਂਡ ਦੀ ਪੁਸ਼ਟੀ ਕੀਤੀ।

ਇਸ ਤੋਂ ਇਲਾਵਾ, ਭਵਿੱਖ ਵਿੱਚ ਕਿਸੇ ਵੀ ਸੰਕਟਕਾਲੀਨ ਸਥਿਤੀ ਲਈ ਤੁਰੰਤ ਕਾਰਵਾਈ, ਪ੍ਰਭਾਵਸ਼ਾਲੀ ਐਮਰਜੈਂਸੀ ਪ੍ਰਤੀਕਿਰਿਆ ਅਤੇ ਮਜ਼ਬੂਤ ਅੰਤਰ-ਵਿਭਾਗੀ ਤਾਲਮੇਲ ▾ਤੇ ਜ਼ੋਰ ਦਿੱਤਾ ਗਿਆ। ਸੁਰੱਖਿਆ ਨਾਲ ਸਬੰਧਤ ਮਾਮਲੇ ਜਿਨ੍ਹਾਂ ਵਿੱਚ ਸੰਵੇਦਨਸ਼ੀਲ ਜਾਣਕਾਰੀ ਦੀ ਸੁਰੱਖਿਆ, ਫੌਜੀ ਕਰਮਚਾਰੀਆਂ ਦੀ ਸੁਰੱਖਿਆ ਅਤੇ ਵਿਰੋਧੀ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਸ਼ਾਮਲ ਹੈ, ਸਥਾਨਕ ਪ੍ਰਸ਼ਾਸਨ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੇ ਸਰਹੱਦੀ ਪਿੰਡਾਂ ਦੇ ਪ੍ਰਤੀਨਿਧੀਆਂ ਨਾਲ ਭਾਰਤੀ ਫੌਜ ਨੂੰ ਆਉਣ ਵਾਲੇ ਸਮੇਂ ਵਿੱਚ ਸਾਰੇ ਮਹੱਤਵਪੂਰਨ ਖੇਤਰਾਂ ਵਿੱਚ ਆਪਣੇ ਪੂਰੇ ਸਮਰਥਨ ਅਤੇ ਸਹਿਯੋਗ ਦਾ ਭਰੋਸਾ ਦਿੱਤਾ।

ਇਹ ਸਮਾਗਮ ਤਿੱਬੜੀ ਮਿਲਟਰੀ ਸਟੇਸ਼ਨ ਦੇ ਸਟੇਸ਼ਨ ਕਮਾਂਡਰ ਬ੍ਰਿਗੇਡੀਅਰ ਵਿਕਰਮਜੀਤ ਸਿੰਘ ਕੋਚਰ ਦੇ ਸਮਾਪਤੀ ਭਾਸ਼ਣਾਂ ਨਾਲ ਸਮਾਪਤ ਹੋਇਆ, ਜਿਨ੍ਹਾਂ ਨੇ ਭਾਰਤੀ ਫੌਜ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਨਿਰੰਤਰ ਸਹਿਯੋਗ ਦੀ ਮਹੱਤਤਾ ਨੂੰ ਦੁਹਰਾਇਆ ਅਤੇ ਭਵਿੱਖ ਦੇ ਸਾਰੇ ਦੁਸ਼ਮਣਾਂ ਪ੍ਰਤੀ ਪੂਰੇ ਦੇਸ਼ ਦੀ ਪਹੁੰਚ ਨੂੰ ਉਜਾਗਰ ਕਰਨ ਵਾਲਾ ਇੱਕ ਸਾਂਝਾ ਸਟੈਂਡ ਪੇਸ਼ ਕੀਤਾ। ਇਹ ਗੱਲਬਾਤ ਖੇਤਰ ਵਿੱਚ ਫੌਜੀ-ਸਿਵਲ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਇੱਕ ਮੀਲ ਪੱਥਰ ਸਾਬਤ ਹੋਈ, ਜਿਸ ਵਿੱਚ ਸਾਰੇ ਭਾਗੀਦਾਰ ਗੁਰਦਾਸਪੁਰ ਜ਼ਿਲ੍ਹੇ ਦੇ ਸੁਰੱਖਿਅਤ ਸਰਹੱਦੀ ਖੇਤਰਾਂ ਲਈ ਇੱਕ ਸੁਰੱਖਿਅਤ, ਲਚਕੀਲਾ ਅਤੇ ਸਹਿਯੋਗੀ ਭਵਿੱਖ ਵੱਲ ਇਕਜੁੱਟ ਹੋਏ।

# ਵਿਕਸਿਤ ਕ੍ਰਿਸ਼ੀ ਅਭਿਆਨ ਅਧੀਨ ਆਈ ਸੀ ਏ ਆਰ ਟੀਮ ਵੱਲੋਂ ਪਿੰਡਾਂ ਵਿੱਚ ਨੌਜਵਾਨਾਂ ਦੀ ਭਲਾਈ ਲਈ ਜਾਗਰੂਕਤਾ ਕਾਰਜਕ੍ਰਮ ਆਯੋਜਿਤ

**ਫਾਜ਼ਿਲਕਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਕਸਿਤ ਕ੍ਰਿਸ਼ੀ ਅਭਿਆਨ ਦੇ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਫਾਜ਼ਿਲਕਾ ਅਤੇ ਭਾਰਤੀ ਕ੍ਰਿਸ਼ੀ ਅਨੁਸੰਧਾਨ ਪਰਿਸ਼ਦ ਦੀ ਸਾਂਝੀ ਟੀਮ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਜਿਵੇਂ ਕਿ ਸੁਰੇਸ਼ ਵਾਲਾ, ਕਰੀਆਂ, ਬੰਦੀ ਵਾਲਾ, ਰਾਮਸਰਾ ਆਦਿ ਦਾ ਦੌਰਾ ਕਰਕੇ ਪਿੰਡਾਂ ਦੇ ਨੌਜਵਾਨਾਂ ਨੂੰ ਕ੍ਰਿਸ਼ੀ ਖੇਤਰ ਵਿਚ ਆਤਮਨਿਰਭਰ ਬਣਾਉਣ ਲਈ ਜਾਗਰੂਕਤਾ ਕਾਰਜਕ੍ਰਮ ਆਯੋਜਿਤ ਕੀਤੇ ਗਏ।

ਇਹ ਉਪਰਾਲਾ ਪਿੰਡ ਪੱਧਰ ‘ਤੇ ਕ੍ਰਿਸ਼ੀ ਆਧਾਰਤ ਰੋਜ਼ਗਾਰ ਦੇ ਮੌਕੇ ਵਧਾਉਣ ਅਤੇ ਨੌਜਵਾਨਾਂ ਨੂੰ ਆਧੁਨਿਕ ਕ੍ਰਿਸ਼ੀ ਤਕਨੀਕਾਂ ਬਾਰੇ ਜਾਣੂ ਕਰਵਾਉਣ ਲਈ ਕੀਤਾ ਗਿਆ। ਕੇ ਵੀ ਕੇ ਫਾਜ਼ਿਲਕਾ ਦੇ ਸਮਨਵਯਕ ਨੇ ਦੱਸਿਆ ਕਿ ਇਹ ਮੁਹਿੰਮ ÷ਵਿਕਸਿਤ ਭਾਰਤ÷ ਦੇ ਦਰਸ਼ਨ ਅਨੁਸਾਰ ਹੈ, ਜਿਸ ਵਿੱਚ ਪਿੰਡਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਖੇਤੀ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਕ੍ਰਿਸ਼ੀ ਪ੍ਰਤੀ ਵਧ ਰਹੀ ਦਿਲਚਸਪੀ ਸਹੀ ਦਿਸ਼ਾ ਅਤੇ ਸਿਖਲਾਈ ਦੇ ਨਾਲ ਉਨ੍ਹਾਂ ਨੂੰ ਸਵੈ-ਰੋਜ਼ਗਾਰ ਵੱਲ ਲੈ ਜਾ ਸਕਦੀ ਹੈ।ਆਈ ਸੀ ਏ ਆਰ ਦੀ ਟੀਮ ਨੇ ਭਾਗੀਦਾਰਾਂ ਨੂੰ ਵੱਖ-ਵੱਖ ਕੇਂਦਰੀ ਯੋਜਨਾਵਾਂ ਜਿਵੇਂ ਕਿ ਪੀਐਮ-ਕੁਸੁਮ, ਪੀਐਮ-ਐਫਐਮਈ ਅਤੇ ਆਤਮਾ ਯੋਜਨਾ ਬਾਰੇ ਜਾਣਕਾਰੀ ਦਿੱਤੀ।

# ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਦਰਿਆਵਾਂ ਦੇ ਕੰਢਿਆਂ ਦੀ ਮਜਬੂਤੀ ਤੇ ਖੱਡਾਂ ਦੀ ਸਫਾਈ ਦਾ ਲਿਆ ਜਾਇਜ਼ਾ



**ਸ੍ਰੀ ਆਨੰਦਪੁਰ ਸਾਹਿਬ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਈ ਦਿਨਾਂ ਤੋਂ ਸਵੇਰੇ 6 ਵਜੇ ਤੋਂ ਆਪਣੇ ਵਿਧਾਨ ਸਭਾ ਹਲਕੇ ਵਿੱਚ ਦਰਿਆਵਾ ਦੇ ਕੰਢਿਆਂ ਦੀ ਮਜਬੂਤੀ ਤੇ ਚੱਲ ਰਹੇ ਕੰਮ ਅਤੇ ਖੱਡਾਂ ਦੀ ਸਫਾਈ ਦੇ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਵੱਖ ਵੱਖ ਪਿੰਡਾਂ ਵਿੱਚ ਪਹੁੰਚ ਰਹੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਹੈ ਕਿ ਜੇਕਰ ਕਿਸੇ ਵੀ ਇਲਾਕੇ ਵਿੱਚ ਦਰਿਆਵਾਂ ਦੇ ਕੰਢੇ ਦੇ ਡੰਗੇ ਜਾਂ ਸਟੱਡ ਲਗਾਉਣ ਦੀ ਜਰੂਰਤ ਹੋਵੇ ਤਾਂ ਤੁਰੰਤ ਉਨ੍ਹਾਂ ਦੇ ਧਿਆਨ ਵਿਚ ਲਿਆਦਾ ਜਾਵੇ। ਉਨ੍ਹਾਂ ਨੇ ਦੱਸਿਆ ਕਿ ਇਲਾਕੇ ਵਿੱਚ ਖੱਡਾਂ ਦੀ ਸਫਾਈ ਅਤੇ ਹੜ੍ਹ ਰੋਕੂ ਪ੍ਰਬੰਧ ਨਿਰੰਤਰ ਜਾਰੀ ਹਨ।

ਨੱਕੀਆਂ, ਢਾਹੇ ਤੇ ਥਲੂਹ ਲੋਅਰ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪਹੁੰਚੇ ਹਰਜੋਤ ਬੈਂਸ ਨੇ ਕਿਹਾ ਕਿ ਪਿਛਲੇ ਸਾਲ ਕਰੋੜਾਂ ਰੁਪਏ ਦੇ ਕੰਮ ਹਲਕੇ ਵਿੱਚ ਕਰਵਾ ਕੇ ਹੜ੍ਹਾਂ ਦੀ ਰੋਕਥਾਮ ਦੇ ਪ੍ਰਬੰਧ ਕੀਤੇ ਗਏ ਸਨ। ਇਸ ਵਾਰ ਹੋਰ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਵੀ ਹੜ੍ਹਾਂ ਦੇ ਹਾਲਾਤ ਦੌਰਾਨ ਨੁਕਸਾਨ ਤੋ ਬਚਾਅ ਰਿਹਾ ਸੀ ਅਤੇ ਇਸ ਵਾਰ ਹੋਰ ਸੁਚਾਰੂ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਪਹਿਲਾ ਸਥਿਤੀ ਵੱਖਰੀ ਸੀ, ਇਸ ਇਲਾਕੇ ਵਿਚ ਲੋਕਾਂ ਦੇ ਜਾਨ ਮਾਲ, ਪਸ਼ੂ ਧੰਨ ਤੇ ਫਸਲਾਂ ਦਾ ਨੁਕਸਾਨ ਹੋ ਜਾਂਦਾ ਸੀ, ਹੁਣ ਇਸ ਦੇ ਬਚਾਅ ਲਈ ਉਚੇਚੇ ਪ੍ਰਬੰਧ ਕੀਤੇ ਹਨ।

ਸ.ਬੈਂਸ ਨੇ ਕਿਹਾ ਕਿ ਪਹਿਲਾ ਇਸ ਇਲਾਕੇ ਵਿੱਚ ਪਾਣੀ ਦੀ ਮਾਰ ਪੈਂਦੀ ਸੀ ਹਿਮਾਚਲ ਪ੍ਰਦੇਸ਼ ਵਿਚ ਭਾਰੀ ਬਰਸਾਤਾ ਹੋਣ ਅਤੇ ਸਵਾਂ ਨਦੀ ਵਿੱਚ ਫਲੈਸ ਫਲੱਡ ਆਉਣ ਨਾਲ ਡੈਮ ਤੋ ਵਾਧੂ ਮਾਤਰਾ ਵਿਚ ਛੱਡਿਆ ਗਿਆ ਪਾਣੀ ਇਲਾਕੇ ਵਿੱਚ ਨੁਕਸਾਨ ਕਰਦਾ ਸੀ, ਜਦੋਂ ਕਿ ਸਿੰਚਾਈ ਲਈ ਇਸ ਇਲਾਕੇ ਨੂੰ ਕਦੇ ਪਾਣੀ ਨਹੀ ਮਿਲਿਆ, ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਪਾਣੀ ਬਚਾ ਕੇ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਦਾ ਤਹੱਇਆ ਕੀਤਾ ਹੈ। ਜਿਸ ਨਾਲ ਕਿਸਾਨਾਂ ਦੀ ਆਰਥਿਕਤਾ ਮਜਬੂਤ ਹੋਵੇਗੀ।

# ਬੁੱਲਾਵਾੜੀ ਚੌਂਕ ਨੂੰ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੇ ਨਾਮ ਕੀਤਾ ਸਮਰਪਿਤ

**ਹੁਸ਼ਿਆਰਪੁਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਖੱਤਰੀ ਘ੍ਰਿਤ ਬਾਹਤੀ ਚਾਹੰਗ ਮਹਾਸਭਾ ਦੇ ਸੰਸਥਾਪਕ ਅਤੇ ਪਹਿਲੇ ਪ੍ਰਧਾਨ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੀ 66ਵੀਂ ਬਰਸੀ ਦੇ ਮੌਕੇ ’ਤੇ ਇਕ ਸਮਾਰੋਹ ਮੌਕੇ ਉਨ੍ਹਾਂ ਦੇ ਸਨਮਾਨ ਵਿਚ ਬੁੱਲਾਵਾੜੀ ਚੌਂਕ ਦਾ ਨਾਮ ‘ਰਾਏ ਸਾਹਿਬ ਚੌਧਰੀ ਗਿਆਨ ਸਿੰਘ ਚੌਂਕ’ ਰੱਖਿਆ ਗਿਆ। ਇਸ ਇਤਿਹਾਸਕ ਮੌਕੇ ’ਤੇ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਸਾਂਝੇ ਤੌਰ ’ਤੇ ਉਦਘਾਟਨ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।



ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਇਸ ਮੌਕੇ ਕਿਹਾ ਕਿ ਰਾਏ ਸਾਹਿਬ ਚੌਧਰੀ ਗਿਆਨ ਸਿੰਘ ਇਕ ਦੂਰਦਰਸ਼ੀ ਸਮਾਜ ਸੇਵੀ ਅਤੇ ਪ੍ਰਬੰਧਕ ਸਨ, ਜਿਨ੍ਹਾਂ ਨੇ ਸਮਾਜ ਨੂੰ ਸੰਗਠਿਤ ਕਰਨ ਅਤੇ ਸਮਾਜਿਕ ਜਾਗਰੂਕਤਾ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਜੀਵਨ ਅੱਜ ਵੀ ਸਮਾਜ ਲਈ ਪ੍ਰੇਰਨਾ ਸਰੋਤ ਹੈ। ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਰਾਏ ਸਾਹਿਬ ਨੇ ਨਾ ਸਿਰਫ਼ ਸਮਾਜ ਨੂੰ ਦਿਸ਼ਾ ਦਿੱਤੀ, ਸਗੋਂ ਉਨ੍ਹਾਂ ਦੀ ਸੋਚ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਸੀ। ਉਨ੍ਹਾਂ ਕਿਹਾ ਕਿ ਬੁੱਲਾਵਾੜੀ ਚੌਂਕ ਦਾ ਨਾਮ ਉਨ੍ਹਾਂ ਦੇ ਨਾਮ ’ਤੇ ਰੱਖਣਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਯੋਗਦਾਨ ਦੀ ਯਾਦ ਦਿਵਾਉਂਦਾ ਰਹੇਗਾ।ਇਸ ਮੌਕੇ ਸਭਾ ਦੀ ਅਪੀਲ ’ਤੇ ਲੋਕ ਸਭਾ ਮੈਂਬਰ ਅਤੇ ਵਿਧਾਇਕ ਨੇ ਖੱਤਰੀ ਭਾਈਚਾਰੇ ਲਈ ‘ਗਿਆਨ ਭਵਨ’ ਦੇ ਨਿਰਮਾਣ ਲਈ 10 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਸਮਾਗਮ ਵਿਚ ਸਾਰੇ ਮਹਿਮਾਨਾਂ ਨੇ ਚੌਧਰੀ ਗਿਆਨ ਸਿੰਘ ਦੇ ਜੀਵਨ ’ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਦਿਲੋਂ ਸ਼ਰਧਾਂਜਲੀ ਭੇਟ ਕੀਤੀ।

# ਪਾਕਿਸਤਾਨ ਨੂੰ UNSC ਦੇ ਅਤਿਵਾਦ ਵਿਰੋਧੀ ਪੈਨਲ ਦਾ ਉਪ-ਚੇਅਰਪਰਸਨ ਨਾਮਜ਼ਦ ਕੀਤੇ ਜਾਣ 'ਤੇ ਕਾਂਗਰਸ ਵੱਲੋਂ ਟਿੱਪਣੀ

## ਪਾਕਿਸਤਾਨ ਤਿੰਨ ਵਾਰ ਗ੍ਰੇਅ ਲਿਸਟ ਵਿੱਚ ਰਿਹਾ

**ਨਵੀਂ ਦਿੱਲੀ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਵਿਚ ਵਿਰੋਧੀ ਧਿਰ ਕਾਂਗਰਸ ਨੇ 15 ਮੈਂਬਰੀ ਸੰਯੁਕਤ ਰਾਸ਼ਟਰ ਸੁਰੱਖਿਆ ਪਰੀਸ਼ਦ ਦੀ ਅਤਿਵਾਦ ਵਿਰੋਧੀ ਕਮੇਟੀ ਦੇ ਉਪ-ਚੇਅਰਪਰਸਨ ਵਜੋਂ ਪਾਕਿਸਤਾਨ ਨੂੰ ਨਾਮਜ਼ਦ ਕੀਤੇ ਜਾਣ 'ਤੇ ਅਸਵੀਕਾਰਨਯੋਗ ਦੱਸਿਆ। ਪਾਕਿਸਤਾਨ ਨੂੰ 1988 ਦੀ ਮੁੱਖ ਤਾਇਬਾਨ ਪਾਬੰਦੀਆਂ ਕਮੇਟੀ ਦਾ ਉਪ-ਚੇਅਰਪਰਸਨ ਨਿਯੁਕਤ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਕਾਂਗਰਸ ਪ੍ਰਧਾਨ ਮਲੀਕਾਰਜੁਨ ਖੜਗੇ ਨੇ ਇਸ ਵਿਕਾਸ ਨੂੰ ਗਲਤ ਜਾਣਕਾਰੀ ਵਾਲਾ ਦੱਸਿਆ। ਇਹ ਕਮੇਟੀ ਅਤਿਵਾਦੀ ਸੰਗਠਨਾਂ ਅਤੇ ਉਨ੍ਹਾਂ ਦੇ ਨੇਤਾਵਾਂ ਦੀਆਂ ਜਾਇਦਾਦਾਂ 'ਤੇ ਰੋਕ, ਹਥਿਆਰਾਂ 'ਤੇ ਪਾਬੰਦੀਅਤੇ ਯਾਤਰਾ ਪਾਬੰਦੀਆਂ ਲਾਗੂ ਕਰਦੀ ਹੈ।

ਖੜਗੇ ਨੇ ਕਿਹਾ, "ਕੌਮਾਂਤਰੀ ਭਾਈਚਾਰੇ ਨੂੰ ਭਾਰਤ ਦੇ ਮਾਮਲੇ ਵਿੱਚ ਯੋਗਤਾ ਦੇਖਣੀ ਚਾਹੀਦੀ ਹੈ ਕਿ ਪਾਕਿਸਤਾਨ ਨੂੰ ਅਤਿਵਾਦੀ ਫੰਡਿੰਗ ਲਈ 61"6 ਦੀ ਗ੍ਰੇਅ ਲਿਸਟ ਵਿੱਚ ਵਾਪਸ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਪਹਿਲੀ ਵਾਰ 2008 ਵਿੱਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤ ਦੇ ਕੂਟਨੀਤਕ ਯਤਨਾਂ ਤੋਂ ਬਾਅਦ 61"6 ਦੀ ਗ੍ਰੇਅ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਫਿਰ 2012 ਅਤੇ 2018 ਵਿਚ। ਖੜਗੇ ਨੇ ਕਿਹਾ,"ਪਾਕਿਸਤਾਨ ਨੂੰ ਉਸ ਦੇ ਪਾਪਾਂ ਲਈ ਜਵਾਬਦੇਹ ਬਣਾਉਣਾ ਸਿਰਫ਼ ਭਾਰਤ ਲਈ ਹੀ ਨਹੀਂ, ਸਗੋਂ ਅੰਤਰਰਾਸ਼ਟਰੀ ਭਾਈਚਾਰੇ ਦੇ ਹਿੱਤਾਂ ਲਈ ਵੀ ਇੱਕ ਲੋੜ ਹੈ।"

ਕਾਂਗਰਸ ਮੁਖੀ ਨੇ ਕਿਹਾ, "ਇਹ ਯਾਦ ਰੱਖਣ ਯੋਗ ਹੈ ਕਿ 9/11 ਲਈ ਜ਼ਿੰਮੇਵਾਰ ਸਭ ਤੋਂ ਵੱਧ ਲੋੜ ਂਿਦੇ ਅਤਿਵਾਦੀ ਓਸਾਮਾ ਬਿਨ ਲਾਦੇਨ ਨੂੰ ਪਾਕਿਸਤਾਨ ਵਿੱਚ ਲੱਭ ਲਿਆ ਗਿਆ ਸੀ ਅਤੇ ਖਤਮ ਕਰ ਦਿੱਤਾ ਗਿਆ ਸੀ। 9/11 ਦਾ ਮੁੱਖ ਯੋਜਨਾਕਾਰ ਖਾਲਿਦ ਸ਼ੇਖ ਮੁਹੰਮਦ (ਕੇਐੱਸਐੱਮ) ਵੀ ਇੱਕ ਪਾਕਿਸਤਾਨੀ ਸੀ।"

ਉਨ੍ਹਾਂ ਕਿਹਾ ਕਿ ਇੱਕ ਜ਼ਿੰਮੇਵਾਰ ਵਿਰੋਧੀ ਪਾਰਟੀ ਹੋਣ ਦੇ ਨਾਤੇ ਕਾਂਗਰਸ ਸਰਕਾਰ ਨੂੰ ਵਿਸ਼ਵ ਪੱਧਰ 'ਤੇ ਭਾਰਤ ਅਤੇ ਪਾਕਿਸਤਾਨ ਨੂੰ ਡੀਹਾਈਫਨੇਟ ਕਰਨ ਲਈ ਢੁਕਵੇਂ ਅਤੇ ਦ੍ਰਿੜ ਕੂਟਨੀਤਕ ਕਦਮ ਚੁੱਕਣ ਦੀ ਅਪੀਲ ਕਰਦੀ ਹੈ। ਭਾਰਤ ਨੇ ਆਈਐੱਮਐੱਫ ਅਤੇ ਏਡੀਬੀ ਸਮੇਤ ਚੋਟੀ ਦੀਆਂ ਗਲੋਬਲ ਵਿੱਤੀ ਏਜੰਸੀਆਂ ਦੁਆਰਾ ਪਾਕਿਸਤਾਨ ਨੂੰ ਕਰਜ਼ੇ ਵਧਾਉਣ ਦਾ ਵਿਰੋਧ ਕੀਤਾ ਹੈ। ਭਾਰਤ ਪਾਕਿਸਤਾਨ ਨੂੰ ਐੱਫਏਟੀਐੱਫ ਗ੍ਰੇਅ ਸੂਚੀ ਵਿੱਚ ਵਾਪਸ ਲਿਆਉਣ ਲਈ ਇੱਕ ਡੋਜ਼ੀਅਰ ਵੀ ਪੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਐੱਫਏਟੀਐੱਫ ਦੀ ਮੀਟਿੰਗ ਇਸ ਮਹੀਨੇ ਹੋਣ ਵਾਲੀ ਹੈ।

# ਅਮਰੀਕੀ ਰਾਸ਼ਟਰਪਤੀ ਦਾ ਸਤਿਕਾਰ ਹੈ, ਪਰ ਨਵੀਂ ਦਿੱਲੀ ਨੇ ਵਿਚੋਲਗੀ ਲਈ ਨਹੀਂ ਕਿਹਾ: ਥਰੂਰ

## ਸਿਰ 'ਤੇ ਬੰਦੂਕ ਤਾਣਨ ਵਾਲਿਆਂ ਨਾਲ ਗੱਲਬਾਤ ਤੋਂ ਕੀਤਾ ਇਨਕਾਰ

**ਵਾਸ਼ਿੰਗਟਨ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ-ਪਾਕਿ ਫੌਜੀ ਟਕਰਾਅ ਖ਼ਤਮ ਕਰਨ ਲਈ ਵਿਚੋਲਗੀ ਕਰਨ ਦੇ ਵਾਰ-ਵਾਰ ਕੀਤੇ ਜਾਂਦੇ ਦਾਅਵਿਆਂ ਦਰਮਿਆਨ ਕਾਂਗਰਸ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ ਭਾਰਤ ਅਮਰੀਕੀ ਰਾਸ਼ਟਰਪਤੀ ਦਾ ਬਹੁਤ ਸਤਿਕਾਰ ਕਰਦਾ ਹੈ ਪਰ ਨਵੀਂ ਦਿੱਲੀ ਨੇ 'ਕਦੇ ਵੀ ਕਿਸੇ ਨੂੰ ਵਿਚੋਲਗੀ ਲਈ ਨਹੀਂ ਕਿਹਾ'। ਬਾਰੇ ਜਾਣੂ ਕਰਵਾਉਣ ਲਈ ਪੁੱਜੇ ਸਰਬ ਪਾਰਟੀ ਸੰਸਦੀ ਵਫ਼ਦ ਦੇ ਆਗੂ ਥਰੂਰ ਨੇ ਅਮਰੀਕਾ ਦੇ ਸਰਕਾਰੀ ਅਧਿਕਾਰੀਆਂ ਤੇ ਕਾਨੂੰਨਸਾਜ਼ਾਂ ਨਾਲ ਬੈਠਕਾਂ ਦੇ ਦੌਰ ਮਗਰੋਂ ਨੈਸ਼ਨਲ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਸਿਰਫ਼ ਇਹੀ ਕਹਿ ਸਕਦਾ ਹਾਂ ਕਿ ਅਸੀਂ ਅਮਰੀਕੀ ਰਾਸ਼ਟਰਪਤੀ ਦਾ ਬਹੁਤ ਸਤਿਕਾਰ ਕਰਦੇ ਹਾਂ। ਅਸੀਂ ਆਪਣੇ ਲਈ ਸਿਰਫ਼ ਇਹੀ ਕਹਿ ਸਕਦੇ ਹਾਂ ਕਿ ਅਸੀਂ ਕਦੇ ਵੀ ਕਿਸੇ ਨੂੰ ਵਿਚੋਲਗੀ ਕਰਨ ਲਈ ਨਹੀਂ ਕਹਿਣਾ ਚਾਹੁੰਦੇ ਸੀ।"

ਥਰੂਰ ਨੇ ਜ਼ੋਰ ਦੇ ਕੇ ਆਖਿਆ ਕਿ ਭਾਰਤ ਨੂੰ ਪਾਕਿਸਤਾਨੀਆਂ ਵਰਗੀ ਭਾਸ਼ਾ ਬੋਲਣ ਵਿੱਚ ਕੋਈ ਮੁਸ਼ਕਲ ਨਹੀਂ ਹੈ। ਉਨ੍ਹਾਂ ਕਿਹਾ, "ਜਿੰਨਾ ਚਿਰ ਉਹ ਅਤਿਵਾਦ ਦੀ ਭਾਸ਼ਾ ਵਰਤਦੇ ਹਨ, ਅਸੀਂ ਤਾਕਤ ਦੀ ਭਾਸ਼ਾ ਵਰਤਾਂਗੇ। ਇਸ ਲਈ ਕਿਸੇ ਤੀਜੀ ਧਿਰ ਦੀ ਲੋੜ ਨਹੀਂ ਹੈ।" ਸੰਸਦ ਮੈਂਬਰਾਂ ਦੇ ਵਫ਼ਦ ਵਿਚ ਸਰਫਰਾਜ਼ ਅਹਿਮਦ, ਗੰਤੀ ਹਰੀਸ਼ ਮਧੁਰ ਬਾਲਯੋਗੀ, ਸ਼ਸ਼ਾਂਕ ਮਨੀ ਤ੍ਰਿਪਾਠੀ, ਭੁਵਨੇਸ਼ਵਰ ਕਲਿਤਾ, ਮਿਲਿੰਦ ਦਿਓੜਾ, ਤੇਜਸਵੀ ਸੂਰਿਆ ਅਤੇ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸੰਧੂ ਸ਼ਾਮਲ ਹਨ। ਵਫ਼ਦ 24 ਮਈ ਨੂੰ ਭਾਰਤ ਤੋਂ ਨਿਊਯਾਰਕ ਪਹੁੰਚਿਆ ਸੀ ਅਤੇ ਵਾਸ਼ਿੰਗਟਨ ਪਹੁੰਚਣ ਤੋਂ ਪਹਿਲਾਂ ਗੁਯਾਨਾ, ਪਨਾਮਾ, ਕੋਲੰਬੀਆ ਅਤੇ ਬ੍ਰਾਜ਼ੀਲ ਦੀ ਯਾਤਰਾ ਕਰ ਚੁੱਕਾ ਹੈ।

ਥਰੂਰ ਨੇ ਕਿਹਾ ਕਿ ਪਾਕਿਸਤਾਨ ਜੇਕਰ ਅਤਿਵਾਦ ਦੇ ਬੁਨਿਆਦੀ ਢਾਂਚੇ ਨੂੰ ਤਬਾਹ ਕਰ ਦਿੰਦਾ ਹੈ, ਤਾਂ 'ਅਸੀਂ ਉਨ੍ਹਾਂ ਨਾਲ ਗੱਲ ਕਰ ਸਕਦੇ ਹਾਂ।" ਕਾਂਗਰਸੀ ਆਗੂ ਨੇ ਕਿਹਾ, "ਸਾਡੇ ਨਾਲ ਆਮ ਰਿਸ਼ਤਿਆਂ ਦੀ ਬਹਾਲੀ ਲਈ ਜੇਕਰ ਉਹ (ਅਤਿਵਾਦ ਦੇ ਬੁਨਿਆਦੀ ਢਾਂਚੇ ਖਿਲਾਫ਼) ਸੰਜੀਦਾ ਕਾਰਵਾਈ ਕਰਦੇ ਹਨ, ਤਾਂ ਅਸੀਂ ਬਿਨਾਂ ਕਿਸੇ ਵਿਚੋਲਗੀ ਦੇ ਉਨ੍ਹਾਂ ਨਾਲ ਮੁੜ ਗੱਲ ਕਰ ਸਕਦੇ ਹਾਂ।"ਭਾਰਤ ਤੇ ਪਾਕਿਸਤਾਨ ਵਿਚਕਾਰ ਗੱਲਬਾਤ ਨੂੰ ਉਤਸ਼ਾਹਿਤ ਕਰਨ ਵਿੱਚ ਅਮਰੀਕਾ ਦੀ ਭੂਮਿਕਾ ਬਾਰੇ ਸਵਾਲ ਦੇ ਜਵਾਬ ਵਿੱਚ ਥਰੂਰ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਅਮਰੀਕਾ ਨੂੰ ਭਾਰਤ ਦੇ ਇਸ ਰੁਖ਼ ਬਾਰੇ ਸਮਝ ਆ ਗਈ ਹੈ ਕਿ ਸਾਡੇ ਸਿਰ 'ਤੇ ਬੰਦੂਕ ਰੱਖ ਕੇ ਕੋਈ ਗੱਲਬਾਤ ਨਹੀਂ ਹੋਵੇਗੀ। ਅਜਿਹਾ ਨਹੀਂ ਹੈ ਕਿ ਅਸੀਂ ਪਾਕਿਸਤਾਨ ਨਾਲ ਗੱਲ ਨਹੀਂ ਕਰ ਸਕਦੇ।" ਉਨ੍ਹਾਂ ਕਿਹਾ, "ਭਾਰਤ ਉਹ ਸਾਰੀਆਂ ਭਾਸ਼ਾਵਾਂ ਬੋਲ ਸਕਦਾ ਹੈ ਜੋ ਪਾਕਿਸਤਾਨੀ ਬੋਲਦੇ ਹਨ। ਸਮੱਸਿਆ ਇਹ ਹੈ ਕਿ ਅਸੀਂ ਉਨ੍ਹਾਂ ਲੋਕਾਂ ਨਾਲ ਗੱਲਬਾਤ ਨਹੀਂ ਕਰਾਂਗੇ ਜੋ ਸਾਡੇ ਸਿਰ 'ਤੇ ਬੰਦੂਕ ਤਾਣ ਰਹੇ ਹਨ। ਤੁਸੀਂ ਉਨ੍ਹਾਂ ਲੋਕਾਂ ਨਾਲ ਗੱਲ ਨਹੀਂ ਕਰਨ ਜਾ ਰਹੇ ਹੋ ਜੋ ਤੁਹਾਡੇ ਮੰਦਰਾਂ 'ਤੇ ਬੰਦੂਕ ਤਾਣ ਰਹੇ ਹਨ। ਅਜਿਹਾ ਨਹੀਂ ਹੋਣ ਵਾਲਾ।"

# ਟਰੰਪ ਵੱਲੋਂ ਹਾਰਵਰਡ ਵਿੱਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਦੇ ਦਾਖਲੇ 'ਤੇ ਰੋਕ

**ਵਾਸ਼ਿੰਗਟਨ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਰਵਰਡ ਯੂਨੀਵਰਸਿਟੀ ਵਿੱਚ ਤਬਾਦਲਾ ਪ੍ਰੋਗਰਾਮ ਤਹਿਤ ਪੜ੍ਹਾਈ ਲਈ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ 'ਤੇ ਛੇ ਮਹੀਨਿਆਂ ਲਈ ਰੋਕ ਲਾ ਦਿੱਤੀ ਹੈ। ਇਹ ਕਦਮ ਉਨ੍ਹਾਂ ਵੱਲੋਂ 'ਆਈਵੀ ਲੀਗ ਸਕੂਲ' ਤੋਂ ਕੌਮਾਂਤਰੀ ਵਿਦਿਆਰਥੀਆਂ ਨੂੰ ਦੂਰ ਰੱਖਣ ਦੀ ਇਕ ਨਵੀਂ ਕੋਸ਼ਿਸ਼ ਹੈ।

'ਆਈਵੀ ਲੀਗ' ਹਾਰਵਰਡ ਯੂਨੀਵਰਸਿਟੀ ਸਮੇਤ ਅਮਰੀਕਾ ਦੇ ਅੱਠ ਪ੍ਰਸਿੱਧ ਨਿੱਜੀ ਵਿੱਦਿਅਕ ਸਥਾਨਾਂ ਦਾ ਸਮੂਹ ਹੈ। ਟਰੰਪ ਨੇ ਬੁੱਧਵਾਰ ਨੂੰ ਜਾਰੀ ਕੀਤੇ ਗਏ ਇਕ ਐਗਜ਼ਿਕਿਊਟਿਵ ਆਰਡਰ (ਸ਼ਾਸਕੀ ਹੁਕਮ) ਵਿੱਚ ਐਲਾਨ ਕੀਤਾ ਹੈ ਕਿ ਹਾਰਵਰਡ ਨੂੰ ਮੈਸੇਚੂਸੇਟਸ ਦੇ ਕੈਮਬ੍ਰਿਜ਼ ਸਥਿਤ ਆਪਣੇ ਕੈਂਪਸ ਵਿੱਚ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦੀ ਇਜਾਜ਼ਤ ਦੇਣਾ ਕੌਮੀ ਸੁਰੱਖਿਆ ਲਈ ਖ਼ਤਰਾ ਹੋਵੇਗਾ। ਟਰੰਪ ਨੇ ਹੁਕਮ ਵਿੱਚ ਲਿਖਿਆ, "ਮੈਂ ਇਹ ਫੈਸਲਾ ਕੀਤਾ ਹੈ ਕਿ ਵਿਦੇਸ਼ੀ ਨਾਗਰਿਕਾਂ ਦੇ ਵਰਗ ਦਾ ਦਾਖਲਾ ਅਮਰੀਕਾ ਦੇ ਹਿਤਾਂ ਲਈ ਨੁਕਸਾਨਦਾਇਕ ਹੈ ਕਿਉਂਕਿ ਮੇਰੇ ਵਿਚਾਰ ਵਿੱਚ ਹਾਰਵਰਡ ਦੇ ਚਾਲ-ਚਲਣ ਨੇ ਇਸ ਨੂੰ ਵਿਦੇਸ਼ੀ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਅਣਉਚਿਤ ਥਾਂ ਬਣਾ ਦਿੱਤਾ ਹੈ।"

ਟਰੰਪ ਦਾ ਇਹ ਫੈਸਲਾ ਦੇਸ਼ ਦੀ ਸਭ ਤੋਂ ਪੁਰਾਣੀ ਤੇ ਸਭ ਤੋਂ ਅਮੀਰ ਯੂਨੀਵਰਸਿਟੀ ਅਤੇ ਵ੍ਹਾਈਟ ਹਾਊਸ (ਅਮਰੀਕਾ ਦੇ ਰਾਸ਼ਟਰਪਤੀ ਦਾ ਦਫ਼ਤਰ ਅਤੇ ਰਿਹਾਇਸ਼) ਵਿਚਾਲੇ ਟਕਰਾਅ ਵੱਲ ਇਕ ਹੋਰ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਬੋਸਟਨ ਦੀ ਇਕ ਸੰਘੀ ਅਦਾਲਤ ਨੇ ਪਿਛਲੇ ਹਫ਼ਤੇ ਹਾਰਵਰਡ ਵਿੱਚ ਵਿਦੇਸ਼ੀ ਵਿਦਿਆਰਥੀਆਂ ਦੇ ਦਾਖਲੇ ਉੱਤੇ ਰੋਕ ਲਾਉਣ ਤੋਂ ਘਰੇਲੂ ਸੁਰੱਖਿਆ ਵਿਭਾਗ ਨੂੰ ਰੋਕਿਆ ਗਿਆ ਸੀ, ਪਰ ਟਰੰਪ ਦੇ ਹੁਕਮ ਇੱਕ ਵੱਖਰੀ ਕਾਨੂੰਨੀ ਅਥਾਰਟੀ ਦੀ ਵਰਤੋਂ ਰਾਹੀਂ ਕੀਤੇ ਗਏ ਹਨ।

ਟਰੰਪ ਨੇ ਇਕ ਵਿਸ਼ਾਲ ਸੰਘੀ ਕਾਨੂੰਨ ਦਾ ਹਵਾਲਾ ਦਿੱਤਾ ਹੈ ਜੋ ਰਾਸ਼ਟਰਪਤੀ ਨੂੰ ਉਹ ਵਿਦੇਸ਼ੀਆਂ ਰੋਕਣ ਦਾ ਅਧਿਕਾਰ ਦਿੰਦਾ ਹੈ, ਜਿਨ੍ਹਾਂ ਦਾ ਦਾਖਲਾ ਅਮਰੀਕਾ ਦੇ ਹਿਤਾਂ ਲਈ ਨੁਕਸਾਨਦਾਇਕ ਹੋ ਸਕਦਾ ਹੈ। ਉਨ੍ਹਾਂ ਨੇ ਬੁੱਧਵਾਰ ਨੂੰ ਇਸੇ ਅਧਿਕਾਰ ਦੇ ਹਵਾਲੇ ਨਾਲ ਇਹ ਵੀ ਐਲਾਨ ਕੀਤਾ ਕਿ 12 ਦੇਸ਼ਾਂ ਦੇ ਨਾਗਰਿਕਾਂ ਉੱਤੇ ਅਮਰੀਕਾ ਆਉਣ ਉੱਤੇ ਪਾਬੰਦੀ ਲੱਗੀ ਰਹੇਗੀ ਅਤੇ ਹੋਰ 7 ਦੇਸ਼ਾਂ ਉੱਤੇ ਵੀ ਕੁਝ ਸੀਮਾਵਾਂ ਲਾਗੂ ਰਹਿਣਗੀਆਂ। ਟਰੰਪ ਦੇ ਹਾਰਵਰਡ ਸੰਬੰਧੀ ਹੁਕਮ ਵਿੱਚ ਕਈ ਹੋਰ ਕਾਨੂੰਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਅਤਿਵਾਦੀ ਸੰਗਠਨਾਂ ਨਾਲ ਜੁੜੇ ਵਿਦੇਸ਼ੀਆਂ ਉੱਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਵੀ ਸ਼ਾਮਲ ਹੈ। ਉਧਰ ਹਾਰਵਰਡ ਨੇ ਬੁੱਧਵਾਰ ਰਾਤ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਹ, "ਆਪਣੇ ਕੌਮਾਂਤਰੀ ਵਿਦਿਆਰਥੀਆਂ ਦੀ ਰੱਖਿਆ ਜਾਰੀ ਰੱਖੇਗਾ।" ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਕਿਹਾ, "ਇਹ ਹਾਰਵਰਡ ਦੇ ਪਹਿਲੇ ਸੰਸ਼ੋਧਨ ਅਧਿਕਾਰਾਂ ਦਾ ਉਲੰਘਣ ਕਰਦਿਆਂ ਪ੍ਰਸ਼ਾਸਨ ਵੱਲੋਂ ਚੁੱਕਿਆ ਗਿਆ ਇੱਕ ਹੋਰ ਗੈਰਕਾਨੂੰਨੀ ਅਤੇ ਬਦਲਵਾਂ ਕਦਮ ਹੈ।"

# .ਫਸਲੀ ਵਿਭਿੰਨਤਾ ਸਮੇਂ ਦੀ ਲੋੜ: ਚੌਹਾਨ

## ਕੇਂਦਰੀ ਖੇਤੀ ਮੰਤਰੀ ਚੌਹਾਨ ਨੇ ਪੰਜਾਬ ਦੇ ਕਿਸਾਨਾਂ ਨਾਲ ਗੱਲਬਾਤ ਕੀਤੀ; ਝੋਨੇ ਦੀ ਸਿੱਧੀ ਬੀਜਾਈ ਤੋਂ ਹੋਏ ਪ੍ਰਭਾਵਿਤ



**ਚੰਡੀਗੜ੍ਹ/ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਪਟਿਆਲਾ ਵਿੱਚ ਕਿਸਾਨਾਂ ਦੇ ਇੱਕ ਸਮੂਹ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਫਸਲੀ ਵਿਭਿੰਨਤਾ ਅਪਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਅਜਿਹੀਆਂ ਫਸਲਾਂ ਦੀ ਕਾਸ਼ਤ ਕੀਤੀ ਜਾਵੇ, ਜੋ ਮੁਨਾਫ਼ਾ ਦੇਣ ਦੇ ਨਾਲ-ਨਾਲ ਪਾਣੀ ਦੀ ਖਪਤ ਨੂੰ ਵੀ ਘਟਾਉਂਦੀਆਂ ਹਨ। ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਕੇਂਦਰ ਵੱਲੋਂ ਸਿੰਧ ਜਲ ਸੰਧੀ ਨੂੰ ਮੁਅੱਤਲ ਕਰਨ ਦੇ ਫੈਸਲੇ ਦਾ ਹਵਾਲਾ ਦਿੰਦੇ ਹੋਏ ਚੌਹਾਨ ਨੇ ਕਿਹਾ ਕਿ ਸਿੰਧੂ, ਜੇਹਲਮ ਅਤੇ ਚਨਾਬ ਦਰਿਆਵਾਂ ਦੇ ਪਾਣੀ ਨੂੰ ਪੰਜਾਬ, ਹਰਿਆਣਾ ਅਤੇ ਰਾਜਸਥਾਨ ਲਈ ਵਰਤਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕਿਸਾਨਾਂ ਦੇ ਮੁੱਦਿਆਂ ਦਾ ਹੱਲ ਚਰਚਾ ਅਤੇ ਗੱਲਬਾਤ ਰਾਹੀਂ ਸੰਭਵ ਹੈ।

ਕੇਂਦਰ ਦੇ 'ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ' ਤਹਿਤ ਕੇਂਦਰੀ ਖੇਤੀ ਮੰਤਰੀ ਨੇ ਪਟਿਆਲਾ ਦੇ ਰਾਜਪੁਰਾ ਦੇ ਪਿੰਡ ਖੇੜੀ ਗੰਡਿਆਂ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਕਿਸਾਨਾਂ ਦੇ ਇੱਕ ਸਮੂਹ ਨਾਲ ਮੁਲਾਕਾਤ ਕੀਤੀ। ਸਮੂਹ ਨੇ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਚੌਹਾਨ ਦੇ ਨਾਲ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਤਬੀਰ ਸਿੰਘ ਗੋਸਲ ਅਤੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ (ICAR) ਦੇ ਵਿਗਿਆਨੀ ਵੀ ਸਨ।

ਦੇਸ਼ ਦੇ ਅਨਾਜ ਭੰਡਾਰਾਂ ਵਿੱਚ ਪੰਜਾਬ ਦੇ ਕਿਸਾਨਾਂ ਦੀ ਭੂਮਿਕਾ ਦੀ ਸ਼ਲਾਘਾ ਕਰਦੇ ਹੋਏ ਚੌਹਾਨ ਨੇ ਕਿਹਾ ਕਿ ਦੇਸ਼ ਨੇ ਇਸ ਸਾਲ ਕਣਕ, ਝੋਨਾ, ਮੱਕੀ ਅਤੇ ਸੋਇਆਬੀਨ ਦਾ ਰਿਕਾਰਡ ਉਤਪਾਦਨ ਦਰਜ ਕੀਤਾ ਹੈ। ਚੌਹਾਨ ਨੇ ਕਿਹਾ, "ਪੰਜਾਬ ਨੇ ਇਸ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਅਤੇ ਮੈਂ ਪੰਜਾਬ ਦੀ ਧਰਤੀ ਨੂੰ ਨਮਨ ਕਰਦਾ ਹਾਂ।" ਕੇਂਦਰੀ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਉਦੇਸ਼ ਫਸਲੀ ਉਤਪਾਦਨ ਵਧਾਉਣਾ ਤੇ ਲਾਗਤ ਘਟਾਉਣਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਲਾਹੇਵੰਦ ਭਾਅ ਮਿਲਣਾ ਚਾਹੀਦਾ ਹੈ ਅਤੇ ਜੇਕਰ ਉਨ੍ਹਾਂ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਚੌਹਾਨ ਨੇ ਕਿਹਾ ਕਿ ਉਹ ਕਿਸਾਨਾਂ ਵੱਲੋਂ ਅਪਣਾਈ ਜਾ ਰਹੀ ਝੋਨੇ ਦੀ ਸਿੱਧੀ ਬਿਜਾਈ ਤਕਨਾਲੋਜੀ ਤੋਂ ਪ੍ਰਭਾਵਿਤ ਹੋਏ ਹਨ ਅਤੇ ਉਹ ਹੋਰ ਕਿਸਾਨਾਂ ਨੂੰ ਘੱਟ ਪਾਣੀ ਦੀ ਖਪਤ ਲਈ DSR ਅਪਣਾਉਣ ਦੀ ਅਪੀਲ ਕਰਨਗੇ। ਉਨ੍ਹਾਂ ਕਿਹਾ, "ਮੈਨੂੰ ਸਿੱਧੀ ਬਿਜਾਈ, ਮਸ਼ਰੂਮ ਦੀ ਕਾਸ਼ਤ ਜਾਂ ਸਾਈਲੇਜ ਬਣਾਉਣ ਸਮੇਤ ਚੰਗੇ ਫਸਲੀ ਅਭਿਆਸਾਂ ਤੋਂ ਜਾਣੂ ਕਰਵਾਇਆ ਗਿਆ ਸੀ।" ਸਾਈਲੇਜ ਇੱਕ ਕਿਸਮ ਦਾ ਸੁਰੱਖਿਅਤ ਹਰਾ ਚਾਰਾ ਹੈ ਜੋ ਜਾਨਵਰਾਂ ਲਈ ਇੱਕ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਹੈ।

# ਪਾਕਿਸਤਾਨ ਤੋਂ ਮਾਰੂ ਹਥਿਆਰਾਂ ਦੀ ਤਸਕਰੀ 'ਚ ਸ਼ਾਮਲ ਦੋ ਜਣੇ ਕਾਬੂ




**ਤਰਨ ਤਾਰਨ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਵਲਟੋਹਾ ਪੁਲੀਸ ਨੇ ਬੀਤੀ ਸ਼ਾਮ ਸਰਹੱਦੀ ਖੇਤਰ ਦੇ ਪਿੰਡ ਮਹਿਮੂਦਪੁਰ ਨੇੜੇ ਲਗਾਏ ਨਾਕੇ ਤੋਂ ਪਾਕਿਸਤਾਨ ਤੋਂ ਹਥਿਆਰਾਂ ਦੀ ਤਸਕਰੀ ਵਿੱਚ ਸ਼ਾਮਲ ਦੋ ਜਣਿਆਂ ਨੂੰ ਨਜਾਇਜ਼ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਜਦੋਂਕਿ ਉਨ੍ਹਾਂ ਦਾ ਇਕ ਸਾਥੀ ਅਜੇ ਗ੍ਰਿਫ਼ਤ 'ਚੋਂ ਬਾਹਰ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਵੀ ਐਕਸ 'ਤੇ ਇਕ ਪੋਸਟ ਵਿਚ ਤਸਕਰਾਂ ਦੀ ਗ੍ਰਿਫਤਾਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਹੈ।

ਐੱਸਐੱਸਪੀ ਅਭਿਮੰਨਿਊ ਰਾਣਾ ਨੇ ਅੱਜ ਇਥੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਸਨਾਖ਼ਤ ਸੂਰਜਪਾਲ ਸਿੰਘ ਸੂਰਜ ਅਤੇ ਅਰਸ਼ਦੀਪ ਸਿੰਘ ਅਰਸ਼ ਵਾਸੀ ਲਾਖਣਾ ਵਜੋਂ ਹੋਈ ਹੈ ਜਦੋਂਕਿ ਪਾਰਸਪ੍ਰੀਤ ਸਿੰਘ ਪਾਰਸ ਵਾਸੀ ਰਾਜੋਕੇ ਫਰਾਰ ਹੈ। ਐੱਸਐੱਸਪੀ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਤੋਂ ਚਾਰ ਗਲੋਕ ਪਿਸਤੌਲ ਅਤੇ ਛੇ ਰੌਂਦ ਬਰਾਮਦ ਕੀਤੇ ਗਏ ਹਨ। ਮੁਲਜ਼ਮ ਪਾਕਿਸਤਾਨ ਤੋਂ ਡਰੋਨ ਰਾਹੀਂ ਹਥਿਆਰ ਮੰਗਵਾ ਕੇ ਅੱਗੇ ਸੂਬੇ ਵਿਚ ਵੱਖ ਵੱਖ ਥਾਈਂ ਸਪਲਾਈ ਕਰਦੇ ਹਨ।

ਮੁਲਜ਼ਮਾਂ ਨੂੰ ਸਰਹੱਦੀ ਖੇਤਰ ਦੇ ਪਿੰਡ ਮਹਿਮੂਦਪੁਰ ਨੇੜੇ ਏਐੱਸਆਈ ਮਨਜਿੰਦਰ ਸਿੰਘ ਦੀ ਅਗਵਾਈ ਵਿੱਚ ਲਗਾਏ ਨਾਕੇ ਤੋਂ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਇਸ ਸਬੰਧੀ ਵਲਟੋਹਾ ਪੁਲੀਸ ਨੇ ਅਸਲਾ ਐਕਟ ਦੀ ਦਫ਼ਾ 25 (6), 25(7), (1), 54, 59 ਅਧੀਨ ਇਕ ਕੇਸ ਦਰਜ ਕਰਕੇ ਜਾਂਚ ਆਰੰਭ ਦਿੱਤੀ ਹੈ।

# ਭਾਈ ਬਖ਼ਤੌਰ ਘਟਨਾ: ਸਾਬਕਾ .ਫੌਜੀ ਦੀਆਂ ਲੱਤਾਂ ਤੋੜਨ ਵਾਲਿਆਂ 'ਤੇ ਹੋਰ ਨਵਾਂ ਕੇਸ ਦਰਜ



**ਬਠਿੰਡਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

: ਜ਼ਿਲ੍ਹਾ ਬਠਿੰਡਾ ਦੇ ਪਿੰਡ ਭਾਈ ਬਖ਼ਤੌਰ 'ਚ ਸਾਬਕਾ ਸੈਨਿਕ ਰਣਵੀਰ ਸਿੰਘ 'ਤੇ ਕਥਿਤ ਕਾਤਲਾਨਾ ਹਮਲਾ ਕਰਨ ਦੇ ਮਾਮਲੇ 'ਚ ਨਾਮਜ਼ਦ ਦੋ ਮੁਲਜ਼ਮਾਂ ਖ਼ਿਲਾਫ਼ ਥਾਣਾ ਕੋਟ ਫੱਤਾ 'ਚ ਇੱਕ ਹੋਰ ਨਵਾਂ ਕੇਸ (ਨੰਬਰ 45) ਭਾਰਤੀ ਨਿਆਏ ਸੰਹਿਤਾ ਦੀ ਧਾਰਾ 223 ਤਹਿਤ ਦਰਜ ਕੀਤਾ ਗਿਆ ਹੈ।

ਜਾਣਕਾਰੀ ਮੁਤਾਬਿਕ ਇਹ ਪਰਚਾ ਘਟਨਾ ਦੇ ਮੁਲਜ਼ਮ ਕੁਲਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਵਿਰੁੱਧ ਇੱਕ ਵਾਇਰਲ ਵੀਡੀਓ 'ਤੇ ਆਧਾਰਿਤ ਹੈ। ਵੀਡੀਓ ਵਿੱਚ ਕੁਲਦੀਪ ਸਿੰਘ ਇੱਕ ਗੱਡੀ ਵਿੱਚ ਸਵਾਰ ਹੋ ਕੇ ਰਿਵਾਲਵਰ ਨਾਲ ਫਾਇਰਿੰਗ ਕਰ ਰਿਹਾ ਹੈ ਅਤੇ ਗੁਰਪ੍ਰੀਤ ਸਿੰਘ ਉਸ ਦੇ ਨਾਲ ਬੈਠਾ ਨਜ਼ਰੀਂ ਆਉਂਦਾ ਹੈ। ਉਨ੍ਹਾਂ 'ਤੇ ਦੋਸ਼ ਹੈ ਕਿ ਮੁਲਜ਼ਮਾਂ ਨੇ ਅਜਿਹਾ ਅਮਨ-ਸ਼ਾਂਤੀ ਨੂੰ ਭੰਗ ਕਰਨ ਅਤੇ ਦਹਿਸ਼ਤਜ਼ਦਾ ਮਾਹੌਲ ਸਿਰਜਣ ਲਈ ਕੀਤਾ ਹੈ।

ਗੌਰਤਲਬ ਹੈ ਕਿ ਇਨ੍ਹਾਂ ਮੁਲਜ਼ਮਾਂ 'ਤੇ ਲੰਘੀ 31 ਮਈ ਨੂੰ ਪਿੰਡ ਭਾਈ ਬਖ਼ਤੌਰ ਦੀ ਨਸ਼ਾ ਵਿਰੋਧੀ ਕਮੇਟੀ ਦੇ ਸਰਗਰਮ ਮੈਂਬਰ ਤੇ ਸਾਬਕਾ ਫੌਜੀ ਰਣਜੀਤ ਸਿੰਘ 'ਤੇ ਕਥਿਤ ਕਾਤਲਾਨਾ ਹਮਲਾ ਕਰ ਕੇ ਉਸ ਦੀਆਂ ਦੋਵੇਂ ਲੱਤਾਂ ਤੋੜੇ ਜਾਣ ਦਾ ਇਲਜ਼ਾਮ ਵੀ ਹੈ।

# ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸ਼ਹੀਦੀ ਦਿਹਾੜਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ਼ਰਧਾ ਨਾਲ ਮਨਾਇਆ ਜਾਵੇਗਾ: ਹਰਜੋਤ ਬੈਂਸ

**ਰੂਪ ਨਗਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ਼ਰਧਾਲੂਆਂ ਤੇ ਸੰਗਤਾਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਜਾਣਗੇ ਜਿਸ ਲਈ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦਾ ਚਹੁੰ ਮੁਖੀ ਵਿਕਾਸ ਕਰਵਾਇਆ ਜਾਵੇਗਾ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਅੱਜ ਡਿਪਟੀ ਕਮਿਸ਼ਨਰ ਦਫਤਰ, ਰੂਪਨਗਰ ਵਿਖੇ ਜਿਲ੍ਹੇ ਦੇ ਸਮੂਹ ਅਧਿਕਾਰੀਆਂ ਦੀ ਸ਼ਹੀਦੀ ਸਮਾਗਮਾਂ ਸਬੰਧੀ ਰੱਖੀ ਇੱਕ ਵਿਸੇਸ਼ ਮੀਟਿੰਗ ਮੌਕੇ ਕੀਤਾ।




ਉਨ੍ਹਾਂ ਨੇ ਕਿਹਾ ਕਿ ਸ਼ਹੀਦੀ ਸਮਾਗਮ ਨਵੰਬਰ ਮਹੀਨੇ ਵਿਚ ਆਯੋਜਿਤ ਹੋਣਗੇ ਅਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਮਾਗਮਾਂ ਨੂੰ ਵੱਡੇ ਪੱਧਰ ਉੱਤੇ ਮਨਾਇਆ ਜਾਵੇਗਾ ਜਦਕਿ ਇਸ ਪਵਿੱਤਰ ਮੌਕੇ ਦੇਸ਼ ਵਿਦੇਸ਼ ਤੋ ਲੱਖਾਂ ਸੰਗਤਾਂ ਸ਼ਹੀਦੀ ਸਮਾਗਮਾਂ ਵਿਚ ਪਹੁੰਚਣ ਦੀ ਉਮੀਦ ਕੀਤੀ ਜਾ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸਾਡੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਮਾਗਮਾਂ ਦੌਰਾਨ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਜਿਸ ਲਈ ਸਾਰੇ ਵਿਭਾਗਾ ਦੇ ਅਧਿਕਾਰੀਆਂ ਨੂੰ ਸੇਵਾ ਦੀ ਭਾਵਨਾ ਨਾਲ ਆਪਣੀ ਡਿਊਟੀ ਜਿੰਮੇਵਾਰੀ ਨਾਲ ਨਿਭਾਉਣੀ ਚਾਹੀਦੀ ਹੈ ਅਤੇ ਸਮਾਗਮਾਂ ਦੀ ਸਮੁੱਚੀ ਰੂਪ ਰੇਖਾ ਅਨੁਸਾਰ ਪ੍ਰਬੰਧਾਂ ਕੀਤੇ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਲੱਖਾਂ ਸ਼ਰਧਾਲੂਆਂ ਦੀ ਆਮਦ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਦੀ ਸਹੂਲਤ ਲਈ ਪੰਜਾਬ ਸਰਕਾਰ ਵੱਲੋਂ ਟੈਂਟ ਸਿਟੀ ਦਾ ਪ੍ਰਬੰਧ ਕੀਤਾ ਜਾਵੇਗਾ, ਜਿੱਥੇ ਸ਼ਰਧਾਲੂਆਂ ਨੂੰ ਸਾਰੀਆਂ ਲੋੜੀਦੀਆ ਬੁਨਿਆਦੀ ਸਹੂਲਤਾਂ ਮਿਲਣਗੀਆਂ ਅਤੇ ਬਿਹਤਰ ਆਵਾਜਾਈ ਸੇਵਾਵਾਂ ਮੁਹਈਆ ਕਰਵਾਈਆਂ ਜਾਣਗੀਆਂ।

ਉਨ੍ਹਾਂ ਨੇ ਕਿਹਾ ਕਿ ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੌਰਾਨ ਵਿਰਾਸਤ ਏ ਖਾਲਸਾ ਵਿੱਚ ਲਾਈਟ ਐਂਡ ਸਾਊਡ ਸ਼ੋਅ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਰਾਹੀ ਅੱਜ ਦੀ ਪੀੜ੍ਹੀ ਨੂੰ ਆਪਣੇ ਧਰਮ ਤੇ ਇਤਿਹਾਸ ਦੀ ਜਾਣਕਾਰੀ ਦਿੱਤੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਇਸ ਤਰਾਂ ਦੇ ਸ਼ੋਅ ਡਰੋਨ ਰਾਹੀ ਵਿਸ਼ਵ ਪੱਧਰੀ ਤਕਨੀਕ ਨਾਲ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਨੌਵੇ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸ਼ਹੀਦੀ ਦਿਹਾੜੇ ਤੋਂ ਪਹਿਲਾਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਮੁਕੰਮਲ ਤੌਰ ਉੱਤੇ ਵਾਈਟ ਸਿਟੀ ਵਜੋਂ ਤਬਦੀਲ ਕੀਤਾ ਜਾਵੇਗਾ ਅਤੇ ਭਵਿੱਖ ਵਿੱਚ ਜਿਹੜੀਆਂ ਵੀ ਇਮਾਰਤਾਂ ਦੀ ਉਸਾਰੀ ਹੋਵੇਗੀ।

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਨੂੰ ਮਿਲਿਆ ਵੱਡਾ ਹੁਲਾਰਾ, ਕਈ ਵੱਡੇ ਸਮਾਜਿਕ ਚਿਹਰੇ ਪਾਰਟੀ ਵਿੱਚ ਹੋਏ ਸ਼ਾਮਲ

## ਆਪ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਰਸਮੀ ਤੌਰ 'ਤੇ ਸਾਰੇ ਆਗੂਆਂ ਨੂੰ ਪਾਰਟੀ ਵਿੱਚ ਕਰਾਇਆ ਸ਼ਾਮਿਲ ਅਤੇ ਉਨ੍ਹਾਂ ਦਾ ਕੀਤਾ ਸਵਾਗਤ

**ਲੁਧਿਆਣਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਫਿਰ ਵੱਡੀ ਕਾਮਯਾਬੀ ਮਿਲੀ ਹੈ। ਲੁਧਿਆਣਾ ਦੇ ਕਈ ਵੱਡੇ ਸਮਾਜ ਸੇਵਕ ਅਤੇ ਆਗੂ ਪਾਰਟੀ ਵਿੱਚ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਹਲਕੇ ਦੇ 150 ਤੋਂ ਵੱਧ ਪਰਿਵਾਰ ਵੀ 'ਆਪ' ਵਿੱਚ ਸ਼ਾਮਲ ਹੋਏ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਗੁਰਮੀਤ ਸਿੰਘ ਖੁੱਡੀਆਂ, ਪਾਰਟੀ ਦੇ ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ, 'ਆਪ' ਪੰਜਾਬ ਦੇ ਜਨਰਲ ਸਕੱਤਰ ਡਾ. ਸੰਨੀ ਆਹਲੂਵਾਲੀਆ,ਓਐਸਡੀ ਰਾਜਬੀਰ ਘੁੰਮਣ ਅਤੇ ਹੋਰ ਪਾਰਟੀ ਆਗੂਆਂ ਦੀ ਮੌਜੂਦਗੀ ਵਿੱਚ ਸਾਰੇ ਨਵੇਂ ਆਗੂਆਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ।

ਬਰਿੰਦਰ ਪ੍ਰਤਾਪ ਸਿੰਘ, ਜੋ ਕਿ ਸਹਿਯੋਗ ਵੈਲਫੇਅਰ ਸੋਸਾਇਟੀ ਰਾਹੀਂ ਸਾਲਾਂ ਤੋਂ ਲੁਧਿਆਣਾ ਦੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਹ ਰਾਸ਼ਟਰੀ ਪੱਧਰ ਦੇ ਕ੍ਰਿਕਟਰ ਵੀ ਰਹਿ ਚੁੱਕੇ ਹਨ। ਉਹ ਰਾਜਪਾਲ ਸਿੰਘ ਅਤੇ ਆਪਣੇ ਦਰਜਨਾਂ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਤੋਂ ਇਲਾਵਾ, ਪ੍ਰਮੁੱਖ ਦਲਿਤ ਨੇਤਾ ਦਾਰਾ ਟਾਂਕ ਵੀ ਆਪਣੇ ਸਾਥੀਆਂ ਮਾਸਟਰ ਪ੍ਰਵੀਨ, ਉਪਿੰਦਰ ਨਾਗਰਾ, ਪ੍ਰਵੇਸ਼ ਚੰਦੇਲ, ਦਵਿੰਦਰ ਹੈਪੀ ਅਤੇ ਦਰਜਨਾਂ ਹੋਰ ਸਮਰਥਕਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਇਨ੍ਹਾਂ ਲੋਕਾਂ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਲੁਧਿਆਣਾ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ 'ਆਪ' ਸਰਕਾਰ ਪ੍ਰਤੀ ਵਿਸ਼ਵਾਸ ਲਗਾਤਾਰ ਵਧ ਰਿਹਾ ਹੈ। ਹਰ ਵਰਗ ਅਤੇ ਸਮਾਜ ਦੇ ਲੋਕ ਪਾਰਟੀ ਦਾ ਸਮਰਥਨ ਕਰ ਰਹੇ ਹਨ ਅਤੇ ਹਰ ਰੋਜ਼ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਵਿੱਚ 'ਆਪ' ਦੀ ਲਹਿਰ ਚੱਲ ਰਹੀ ਹੈ। ਅਸੀਂ ਇਹ ਚੋਣ ਵੱਡੇ ਫ਼ਰਕ ਨਾਲ ਜਿੱਤਾਂਗੇ ਅਤੇ ਜਲੰਧਰ ਪੱਛਮੀ ਜ਼ਿਮਨੀ ਚੋਣ ਦਾ ਰਿਕਾਰਡ ਤੋੜਾਂਗੇ। ਉਨ੍ਹਾਂ ਕਿਹਾ ਕਿ 'ਆਪ' ਉਮੀਦਵਾਰ ਸੰਜੀਵ ਅਰੋੜਾ ਜ਼ਿਮਨੀ ਚੋਣ ਵਿੱਚ ਜਿੱਤ ਦੀ ਦੌੜ ਵਿੱਚ ਸਭ ਤੋਂ ਅੱਗੇ ਹਨ ਕਿਉਂਕਿ ਲੋਕ ਖ਼ੁਦ 'ਆਪ' ਉਮੀਦਵਾਰ ਨੂੰ ਜਿਤਾਉਣ ਲਈ ਉਤਸ਼ਾਹਿਤ ਹਨ।

# ਹਾਈ ਕੋਰਟ ਨੇ ਸੋਸ਼ਲ ਮੀਡੀਆ ਇਨਫਲੂਐਂਸਰ ਸ਼ਰਮਿਸ਼ਠਾ ਪਨੋਲੀ ਨੂੰ ਅੰਤਰਿਮ ਜ਼ਮਾਨਤ ਦਿੱਤੀ

**ਕੋਲਕਾਤਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਕਲਕੱਤਾ ਹਾਈ ਕੋਰਟ ਨੇ ਵੀਰਵਾਰ ਨੂੰ ਸੋਸ਼ਲ ਮੀਡੀਆ ਇਨਫਲੂਐਂਸਰ ਸ਼ਰਮਿਸ਼ਠਾ ਪਨੋਲੀ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਉਸ ਨੂੰ ਕੋਲਕਾਤਾ ਪੁਲੀਸ ਨੇ ਕਥਿਤ ਤੌਰ 'ਤੇ ਫਿਰਕੂ ਟਿੱਪਣੀਆਂ ਵਾਲਾ ਵੀਡੀਓ ਨਸ਼ਰ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ।

ਅਦਾਲਤ ਨੇ ਕਿਹਾ ਕਿ ਉਸ ਵਿਰੁੱਧ ਸ਼ਿਕਾਇਤ ਕਿਸੇ ਵੀ ਗੰਭੀਰ ਅਪਰਾਧ ਦਾ ਖੁਲਾਸਾ ਨਹੀਂ ਕਰਦੀ ਹੈ। ਕਾਨੂੰਨ ਦੀ ਵਿਦਿਆਰਥਣ ਪਨੋਲੀ ਨੂੰ ਪਿਛਲੇ ਹਫ਼ਤੇ ਹਰਿਆਣਾ ਦੇ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਕੋਲਕਾਤਾ ਦੇ ਗਾਰਡਨ ਰੀਚ ਪੁਲਿਸ ਸਟੇਸ਼ਨ ਵਿੱਚ ਉਸ ਵਿਰੁੱਧ ਇੱਕ ਵਾਇਰਲ ਵੀਡੀਓ ਦੇ ਮੱਦੇਨਜ਼ਰ ਐਫਆਈਆਰ ਦਰਜ ਕੀਤੀ ਗਈ ਸੀ।

ਇਸ ਵੀਡੀਓ ਵਿਚਉਸ ਨੇ ਆਪ੍ਰੇਸ਼ਨ ਸਿੰਦੂਰ 'ਤੇ ਬਾਲੀਵੁੱਡ ਅਦਾਕਾਰਾਂ ਦੀ ਆਲੋਚਨਾ ਕਰਨ ਵਾਲਿਆਂ ਖ਼ਿਲਾਫ਼ ਵਿਵਾਦਪੂਰਨ ਟਿੱਪਣੀਆਂ ਕੀਤੀਆਂ ਸਨ। ਪੁਲੀਸ ਨੇ ਕਿਹਾ ਸੀ ਕਿ ਉਸ ਦੀ ਹੁਣ ਡਿਲੀਟ ਕੀਤੀ ਗਈ ਵੀਡੀਓ ਵਿੱਚ ਘੱਟ ਗਿਣਤੀ ਭਾਈਚਾਰੇ ਵਿਰੁੱਧ ਅਪਮਾਨਜਨਕ ਟਿੱਪਣੀਆਂ ਸਨ।

ਜਸਟਿਸ ਰਾਜਾ ਬਾਸੂ ਚੌਧਰੀ ਦੀ ਬੈਂਚ ਨੇ ਉਸਨੂੰ ਜ਼ਮਾਨਤੀ ਬਾਂਡ ਅਤੇ 10,000 ਰੁਪਏ ਜ਼ਮਾਨਤ 'ਤੇ ਰਿਹਾ ਦਾ ਹੁਕਮ ਦਿੱਤਾ ਅਤੇ ਉਸਨੂੰ ਮਾਮਲੇ ਦੀ ਜਾਂਚ ਵਿੱਚ ਸਹਿਯੋਗ ਦੇਣ ਦਾ ਹੁਕਮ ਦਿੱਤਾ।

ਅਦਾਲਤ ਨੇ ਉਸਨੂੰ ਇਹ ਵੀ ਨਿਰਦੇਸ਼ ਦਿੱਤਾ ਕਿ ਉਹ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਦੇਸ਼ ਛੱਡ ਕੇ ਨਾ ਜਾਵੇ। ਹਾਈ ਕੋਰਟ ਨੇ ਪੁਲੀਸ ਨੂੰ ਪਨੋਲੀ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਵੀ ਦਿੱਤੇ, ਕਿਉਂਕਿ ਉਸਨੇ ਸ਼ਿਕਾਇਤ ਕੀਤੀ ਸੀ ਕਿ ਉਸਦੀ ਸੋਸ਼ਲ ਮੀਡੀਆ ਪੋਸਟ ਤੋਂ ਬਾਅਦ ਉਸਨੂੰ ਧਮਕੀਆਂ ਮਿਲ ਰਹੀਆਂ ਹਨ।

# ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਖੇਤੀਬਾੜੀ ਮੰਤਰੀ ਦੇ ਸਨਮੁੱਖ ਪੰਜਾਬ ਦੇ ਕਿਸਾਨਾਂ ਤੇ ਖੇਤੀਬਾੜੀ ਨਾਲ ਸਬੰਧਤ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ

**ਆਂ, ਰੌਣੀ (ਪਟਿਆਲਾ), 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਨਾਲ ਲੈਕੇ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕੀਤੀ। ਇਸ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਖੇਤੀਬਾੜੀ ਨੂੰ ਦੇਸ਼ ਦੀਆਂ ਜੜ੍ਹਾਂ ਦੱਸਦਿਆਂ ਕੇਂਦਰੀ ਮੰਤਰੀ ਦੇ ਸਨਮੁੱਖ ਸੂਬੇ ਦੇ ਕਿਸਾਨਾਂ ਅਤੇ ਖੇਤੀਬਾੜੀ ਨਾਲ ਸਬੰਧਤ ਮੰਗਾਂ ਜ਼ੋਰਦਾਰ ਢੰਗ ਨਾਲ ਉਠਾਈਆਂ, ਜਿਸ 'ਤੇ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਨੂੰ ਦਿੱਲੀ ਮੀਟਿੰਗ ਲਈ ਆਉਣ ਦਾ ਸੱਦਾ ਦਿੱਤਾ ਕਿਹਾ ਕਿ ਕਿਸਾਨਾਂ ਨੂੰ ਉਨਤ ਬਣਾਉਣ ਲਈ ਕੇਂਦਰ ਸਰਕਾਰ ਇੱਕ ਦੇਸ਼, ਇੱਕ ਖੇਤੀ, ਇੱਕ ਟੀਮ ਬਣਾਕੇ ਰਾਜ ਸਰਕਾਰ ਅਤੇ ਉਨਤਸ਼ੀਲ ਕਿਸਾਨਾਂ ਸਮੇਤ ਖੇਤੀਬਾੜੀ ਯੂਨੀਵਰਸਿਟੀ ਤੇ ਸਾਇੰਸਦਾਨਾਂ ਮਿਲਕੇ ਕੰਮ ਕਰੇਗੀ।

ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਮੰਤਰੀ ਨੂੰ ਰਾਜ ਦੀਆਂ ਮੰਗਾਂ ਦਾ ਪੱਤਰ ਸੌਂਪਦਿਆਂ ਦੱਸਿਆ ਕਿ ਜਿੱਥੇ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਯਤਨ ਕਰ ਰਹੀ ਹੈ, ਉਥੇ ਹੀ ਕੇਂਦਰ ਸਰਕਾਰ ਦੇ ਵੀ ਉਪਰਾਲੇ ਲਾਜਮੀ ਹਨ, ਇਸ ਲਈ ਕੇਂਦਰ ਸਰਕਾਰ ਸੂਬੇ ਦੇ ਕਿਸਾਨਾਂ ਦੀ ਬਾਂਹ ਫੜਨ ਲਈ ਅੱਗੇ ਆਵੇ। ਗੁਰਮੀਤ ਸਿੰਘ ਖੁੱਡੀਆਂ ਨੇ ਪੰਜਾਬ 'ਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣੋ ਰੋਕਣ ਲਈ ਕੇਂਦਰ ਨੂੰ ਕਿਸਾਨਾਂ ਦੀ ਮਦਦ ਲਈ ਖੁੱਲ੍ਹਾ ਦਿਲ ਦਿਖਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨਾਲ ਹੀ ਝੋਨੇ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਕਿਲਤ ਦੂਰ ਕਰਨ ਲਈ ਸਪਲਾਈ ਵਧਾਉਣ ਸਮੇਤ ਪਾਣੀ ਬਚਾਉਣ ਲਈ ਝੋਨੇ ਦੀ ਥਾਂ ਮੱਕੀ, ਦਾਲਾਂ ਤੇ ਤੇਲ ਬੀਜਾਂ ਹੇਠ ਰਕਬਾ ਵਧਾਉਣ ਲਈ ਕੇਂਦਰੀ ਸਹਾਇਤਾ ਵੀ ਮੰਗੀ ਅਤੇ ਨਰਮੇ ਦੀ ਫ਼ਸਲ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਝੋਨੇ ਦੀ ਫ਼ਸਲ ਦੀ ਖਰੀਦ 'ਚ ਐਫ.ਸੀ.ਆਈ. ਵੱਲੋਂ ਅੜਿੱਕੇ ਡਾਹੁਣ ਦਾ ਮਸਲਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ। ਇਸ ਦੌਰਾਨ ਰਾਜਪੁਰਾ ਬਲਾਕ ਦੇ ਪਿੰਡ ਖੇੜੀ ਗੰਢਿਆਂ ਵਿਖੇ ਕਿਸਾਨ ਗੁਰਪ੍ਰੀਤ ਸਿੰਘ ਦੇ ਖੇਤਾਂ ਵਿੱਚ ਖੁੰਡ ਚਰਚਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ ਵਿਖੇ ਕਿਸਾਨਾਂ ਨਾਲ ਖੁੱਲ੍ਹਾ ਵਿਚਾਰ ਵਟਾਂਦਰਾ ਕਰਦਿਆਂ ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸਾਨਾਂ ਦੀ ਤਰੱਕੀ ਤੋਂ ਬਗੈਰ ਦੇਸ਼ ਦਾ ਵਿਕਾਸ ਨਹੀਂ ਹੋ ਸਕਦਾ। ਉਨ੍ਹਾਂ ਨੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਦਾ ਸੱਦਾ ਦਿੰਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਇਸ ਨਿਰਾਲੀ ਤਕਨੀਕ ਨੂੰ ਕੁਦਰਤੀ ਸਰੋਤਾਂ ਲਈ ਸੰਜੀਵਨੀ ਕਰਾਰ ਦਿੱਤਾ।

ਕਿਸਾਨਾਂ ਨਾਲ ਗੱਲਬਾਤ ਦੌਰਾਨ ਸ਼ਿਵਰਾਜ ਸਿੰਘ ਚੌਹਾਨ ਨੇ ਸੂਬੇ ਦੇ ਕਿਸਾਨਾਂ ਵੱਲੋਂ ਦੇਸ਼ ਦੇ ਅੰਨ ਭੰਡਾਰ 'ਚ ਪਾਏ ਯੋਗਦਾਨ ਦੀ ਭਰਵੀਂ ਪ੍ਰਸ਼ੰਸਾ ਕਰਦਿਆਂ ਪੰਜਾਬ ਦੀ ਭੂਮੀ, ਜਜ਼ਬੇ, ਕਿਸਾਨਾਂ ਦੀ ਮਿਹਨਤ ਤੇ ਜ਼ਨੂਨ ਨੂੰ ਪ੍ਰਣਾਮ ਕੀਤਾ।

# ਪੰਜਾਬ ਬਣੇਗਾ ਭਾਰਤ ਲਈ ਸਿੱਖਿਆ ਦਾ ਧੁਰਾ: ਹਰਜੋਤ ਸਿੰਘ ਬੈਂਸ

## ਸਿੱਖਿਆ ਮੰਤਰੀ ਵੱਲੋਂ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ




**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਉਚੇਰੀ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਇੱਕ ਅਹਿਮ ਕਦਮ ਚੁੱਕਦਿਆਂ ਉਚੇਰੀ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਵਿਭਾਗ ਦੇ ਅਧਿਕਾਰੀਆਂ ਨੂੰ ਯੂਨੀਵਰਸਿਟੀ ਦਾ ਦਰਜਾ ਲੈਣ ਦੇ ਇੱਛੁਕ ਪ੍ਰਾਈਵੇਟ ਕਾਲਜਾਂ ਦੇ ਆਏ ਹੋਏ ਪ੍ਰਸਤਾਵਾਂ ਉੱਤੇ ਕਾਰਵਾਈ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਕਦਮ ਦਾ ਉਦੇਸ਼ ਸੂਬੇ ਵਿੱਚ ਅਪਗ੍ਰੇਡੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ, ਅਕਾਦਮਿਕ ਉੱਤਮਤਾ ਨੂੰ ਹੋਰ ਮਜ਼ਬੂਤ ਕਰਨਾ ਅਤੇ ਉੱਚ ਮਿਆਰੀ ਉਚੇਰੀ ਸਿੱਖਿਆ ਤੱਕ ਪਹੁੰਚ ਨੂੰ ਵਧਾਉਣਾ ਹੈ।

ਪ੍ਰਭਾਵਸ਼ਾਲੀ ਤਾਲਮੇਲ ਅਤੇ ਪੂਰੀ ਨਿਗਰਾਨੀ ਨੂੰ ਯਕੀਨੀ ਬਣਾਉਣ ਲਈ ਸਿੱਖਿਆ ਮੰਤਰੀ ਨੇ ਡਾਇਰੈਕਟਰ ਉਚੇਰੀ ਸਿੱਖਿਆ ਸ੍ਰੀ ਗਿਰੀਸ਼ ਦਿਆਲਨ ਨੂੰ ਅਜਿਹੇ ਸਾਰੇ ਪ੍ਰਸਤਾਵਾਂ ਦੀ ਪ੍ਰਗਤੀ ਦੀ ਨਿਗਰਾਨੀ ਲਈ ਨੋਡਲ ਅਫਸਰ ਨਿਯੁਕਤ ਕੀਤਾ ਹੈ।

ਅੱਜ ਇੱਥੇ ਆਪਣੇ ਦਫ਼ਤਰ ਵਿੱਚ ਪ੍ਰਮੁੱਖ ਪ੍ਰਾਈਵੇਟ ਕਾਲਜਾਂ ਦੇ ਚੇਅਰਪਰਸਨਾਂ ਅਤੇ ਡਾਇਰੈਕਟਰਾਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਿੱਖਿਆ ਮੰਤਰੀ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਕੁਸ਼ਲ, ਪਾਰਦਰਸ਼ੀ ਅਤੇ ਯੋਗਤਾ-ਆਧਾਰਤ ਪ੍ਰਕਿਰਿਆ ਰਾਹੀਂ ਸਿੱਖਿਆ ਖੇਤਰ ਵਿੱਚ ਸੁਧਾਰ ਲਿਆਉਣ ਦੀ ਵਚਨਬੱਧਤਾ ਨੂੰ ਦੁਹਰਾਇਆ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ, ਇਹ ਪਹਿਲਕਦਮੀ ਪੰਜਾਬ ਦੇ ਨੌਜਵਾਨਾਂ ਨੂੰ ਮਿਆਰੀ ਸਿੱਖਿਆ ਦੇਣ ਅਤੇ ਉਹਨਾਂ ਨੂੰ ਬਿਹਤਰ ਰੋਜ਼ਗਾਰ ਦੀਆਂ ਸੰਭਾਵਨਾਵਾਂ ਤੱਕ ਪਹੁੰਚ ਪ੍ਰਦਾਨ ਕਰਨ ਦੇ ਸਾਡੇ ਸੰਕਲਪ ਨੂੰ ਦਰਸਾਉਂਦੀ ਹੈ। ਅਸੀਂ ਪ੍ਰਕਿਰਿਆ ਵਿੱਚ ਬੇਲੋੜੀ ਦੇਰੀ ਨੂੰ ਦੂਰ ਕਰਦਿਆਂ ਉਚੇਰੀ ਸਿੱਖਿਆ ਵਾਸਤੇ ਸਾਜ਼ਗਰ ਮਾਹੌਲ ਸਿਰਜਣ ਲਈ ਵਚਨਬੱਧ ਹਾਂ ਅਤੇ ਪੰਜਾਬ ਨੂੰ ਦੇਸ਼ ਵਿੱਚ ਸਿੱਖਿਆ ਦਾ ਧੁਰਾ ਬਣਾਇਆ ਜਾਵੇਗਾ।

ਉਹਨਾਂ ਨੇ ਅਧਿਕਾਰੀਆਂ ਨੂੰ ਪਾਰਦਰਸ਼ਤਾ, ਨਿਰਪੱਖਤਾ ਅਤੇ ਕੁਸ਼ਲਤਾ ’ਤੇ ਧਿਆਨ ਕੇਂਦ੍ਰਿਤ ਕਰਦਿਆਂ ਲੰਬਿਤ ਅਰਜ਼ੀਆਂ ਦੀ ਮੈਰਿਟ-ਆਧਾਰਤ ਸਮੀਖਿਆ ਕਰਨ ਅਤੇ ਫ਼ੈਸਲਾ ਲੈਣ ਸਬੰਧੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਹਨਾਂ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਜਨਤਕ ਪਹਿਲਕਦਮੀਆਂ ਨੂੰ ਪੂਰਾ ਕਰਨਾ ਅਤੇ ਸੂਬੇ ਭਰ ਵਿੱਚ ਅਕਾਦਮਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਪ੍ਰਾਈਵੇਟ ਖੇਤਰ ਦੀਆਂ ਸਮਰੱਥਾਵਾਂ ਦੀ ਢੁਕਵੀਂ ਵਰਤੋਂ ਕਰਨਾ ਹੈ।

ਇਸ ਮੀਟਿੰਗ ਵਿੱਚ 18 ਪ੍ਰਾਈਵੇਟ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚ ਸੀ.ਜੀ.ਸੀ. ਗਰੁੱਪ ਮੋਹਾਲੀ, ਰਿਆਤ ਬਾਹਰਾ ਹੁਸ਼ਿਆਰਪੁਰ, ਸ੍ਰੀ ਸੁਖਮਨੀ ਗਰੁੱਪ ਡੇਰਾ ਬੱਸੀ, ਬਾਬੇ ਕੇ ਗਰੁੱਪ ਦੌਧਰ (ਮੋਗਾ), ਸ਼ੇਰ-ਏ-ਪੰਜਾਬ ਯੂਨੀਵਰਸਿਟੀ ਲਾਲੜੂ, ਜੇ.ਆਈ.ਐਸ. ਗਰੁੱਪ ਲੁਧਿਆਣਾ ਅਤੇ ਬਾਬਾ ਫ਼ਰੀਦ ਗਰੁੱਪ ਬਠਿੰਡਾ ਸ਼ਾਮਲ ਸਨ। ਕੈਬਨਿਟ ਮੰਤਰੀ ਨੇ ਆਗਾਮੀ ਦਿਨਾਂ ਵਿੱਚ ਜਵਾਬਦੇਹ ਅਤੇ ਸੁਵਿਧਾਜਨਕ ਸ਼ਾਸਨ ਦਾ ਭਰੋਸਾ ਦਿੰਦਿਆਂ ਭਾਈਵਾਲਾਂ ਦੇ ਫੀਡਬੈਕ ਅਤੇ ਚਿੰਤਾਵਾਂ ਨੂੰ ਗੌਰ ਨਾਲ ਸੁਣਿਆ।

# ਪਿੰਡ ਹਰਵਾ ਚ ਲੋਕ ਮਾਤਾ ਅਹਿਲਿਆਬਾਈ ਹੋਲਕਰ ਦਾ ਜਨਮ ਦਿਹਾੜਾ ਮਨਾਇਆ




**ਗੜ੍ਹਸ਼ੰਕਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਨ ਲੋਕ ਮਾਤਾ ਅਹਿਲਿਆਬਾਈ ਹੋਲਕਰ ਜੀ ਦਾ ਜਨਮ ਦਿਹਾੜਾ ਬੜੀ ਹੀ ਸ਼ਰਧਾ ਭਾਵਨਾ ਨਾਲ ਪਿੰਡ ਹਰਵਾ ਬੀਤ ਵਿਖੇ ਮਨਾਇਆ ਗਿਆ।ਇਸ ਸਮਾਗਮ ਵਿੱਚ ਬੀਜੇਪੀ ਦੇ ਜ਼ਿਲਾ ਉਪ ਪ੍ਰਧਾਨ ਹੁਸ਼ਿਆਰਪੁਰ ਰਾਜ ਕੁਮਾਰ ਰਾਣਾ ਨੇ ਵਿਸ਼ੇਸ਼ ਤੌਰ ਸ਼ਿਰਕਤ ਕੀਤੀ। ਭਾਜਪਾ ਬੀਤ ਮੰਡਲ ਦੇ ਅਹੁਦੇਦਾਰਾ, ਵਰਕਰਾ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਏ ਇਸ ਸਮਾਗਮ ਚ ਰਾਜ ਕੁਮਾਰ ਰਾਣਾ ਨੇ ਕਿਹਾ ਕਿ ਰਾਣੀ ਅਹਿਲਿਆਬਾਈ ਹੋਲਕਰ ਤਿਆਗ, ਧਰਮ, ਸੇਵਾ ਅਤੇ ਸੁਸ਼ਾਸਨ ਦੀ ਪ੍ਰਤੀਕ ਸਨ ਜਿਨ੍ਹਾਂ ਨੇ ਆਦਰਸ਼ ਅਤੇ ਸ਼ਾਨਦਾਰ ਸ਼ਾਸਨ ਦੇ ਰੂਪ ਦੇ ਵਿੱਚ ਦੇਸ਼ ਦੇ ਸਾਹਮਣੇ ਮਿਸਾਲ ਪੈਦਾ ਕੀਤੀ। ਉਹਨਾਂ ਨੇ ਔਰਤਾਂ ਦੀ ਭੂਮਿਕਾ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਨਾਲ ਨਾਲ ਧਾਰਮਿਕ ਅਸਥਾਨਾਂ ਦਾ ਨਿਰਮਾਣ ਅਤੇ ਜਨ ਕਲਿਆਣ ਦੀ ਦਿਸ਼ਾ ਵਿੱਚ ਇਤਿਹਾਸਕ ਕਾਰਜ ਕੀਤਾ। ਉਹ ਭਾਰਤ ਦੇ ਮਾਲਵਾ ਖੇਤਰ ਦੀ ਰਾਣੀ ਰਹੀ ਅਤੇ ਇੰਦੌਰ ਨੂੰ ਆਪਣੀ ਰਾਜਧਾਨੀ ਬਣਾਇਆ।

ਉਹਨਾਂ ਦਾ ਵਿਆਹ ਖੰਡੇਰਾਓ ਹੋਲਕਰ ਨਾਲ ਹੋਈ, ਜੋ ਮਰਾਠਾ ਸਾਮਰਾਜ ਦੇ ਮਹਾਨ ਸੈਨਾਪਤੀ ਮਲਹਾਰ ਰਾਓ ਹੋਲਕਰ ਦੇ ਪੁੱਤਰ ਸਨ। ਪਤੀ ਦੀ 1754 ਵਿੱਚ ਅਤੇ ਸੋਹਰੇ ਦੀ 1766 ਵਿੱਚ ਮੌਤ ਤੋਂ ਬਾਅਦ, ਰਾਣੀ ਅਹਿਲਿਆ ਬਾਈ ਨੇ 1767 ਵਿੱਚ ਰਾਜ ਸੰਭਾਲਿਆ। ਰਾਣਾ ਰਾਜ ਕੁਮਾਰ ਨੇ ਅੱਗੇ ਦੱਸਿਆ ਕਿ ਉਨ੍ਹਾਂ ਨੇ ਲਗਭਗ 30 ਸਾਲ ਤੱਕ ਇਨਸਾਫ਼, ਪ੍ਰਸ਼ਾਸਨ ਤੇ ਲੋਕ-ਭਲਾਈ ਨਾਲ ਭਰਪੂਰ ਰਾਜ ਕੀਤਾ। ਉਹ ਕਿਸਾਨੀ, ਵਪਾਰ ਅਤੇ ਜਨਸੇਵਾ ਨੂੰ ਉਤਸ਼ਾਹਿਤ ਕਰਦੇ ਸਨ। ਆਖ਼ਰਕਾਰ, 13 ਅਗਸਤ 1795 ਨੂੰ ਰਾਣੀ ਅਹਿਲਿਆਬਾਈ ਨੇ ਆਪਣੀ ਮੌਤ ਨਾਲ ਇੱਕ ਸੋਨੇ ਦੀ ਯੁੱਗ ਨੂੰ ਅਲਵਿਦਾ ਕਿਹਾ।

ਇਸ ਸਮਾਗਮ ਮੌਕੇ ਰਾਜ ਕੁਮਾਰ ਰਾਣਾ ਤੋ ਇਲਾਵਾ ਬੀਜੇਪੀ ਬੀਤ ਮੰਡਲ ਪ੍ਰਧਾਨ ਵਿਜੇ ਕੁਮਾਰ ਬਿੱਲਾ, ਗੜ੍ਹਸ਼ੰਕਰ ਦੇ ਕਨਵੀਨਰ ਅਲੋਕ ਰਾਣਾ, ਡਾ ਸੋਨੂੰ, ਸਤਪਾਲ ਧੰਜਲ, ਰਜਿੰਦਰ ਰਾਣਾ, ਪ੍ਰਦੀਪ ਰਾਣਾ, ਰਵੀ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਵੱਲੋਂ ਸੂਬੇ ਲਈ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਲਿਆਉਣ ਲਈ ਸਹਿਮਤੀ

➢ ਕਿਸਾਨਾਂ ਨੂੰ ਵੱਧ ਅਖ਼ਤਿਆਰ: ਜ਼ੋਰ-ਜ਼ਬਰਦਸਤੀ ਤੋਂ ਛੁਟਕਾਰੇ ਦੇ ਨਾਲ-ਨਾਲ ਪੂਰੀ ਆਜ਼ਾਦੀ ਤੇ 400 ਫੀਸਦੀ ਲਾਭ
➢ ਕਿਸਾਨਾਂ ਦੇ ਹਿੱਤ ਸੁਰੱਖਿਅਤ ਕਰਨ ਦੇ ਨਾਲ-ਨਾਲ ਯੋਜਨਾਬੱਧ ਵਿਕਾਸ ਨੂੰ ਹੋਰ ਗਤੀ ਦੇਣ ਦੇ ਮੰਤਵ ਨਾਲ ਚੁੱਕਿਆ ਕਦਮ



**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਕੈਬਨਿਟ ਨੇ ਯੋਜਨਾਬੱਧ ਤੇ ਚਿਰ ਸਥਾਈ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੂਬੇ ਵਿੱਚ ਨਵੀਂ ਤੇ ਪ੍ਰਗਤੀਸ਼ੀਲ ਲੈਂਡ ਪੂਲਿੰਗ ਨੀਤੀ ਲਿਆਉਣ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਸਬੰਧੀ ਫੈਸਲਾ ਅੱਜ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ ▾ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਨਵੀਂ ਨੀਤੀ ਦਾ ਮੰਤਵ ਜ਼ਮੀਨ ਮਾਲਕਾਂ, ਪ੍ਰੋਮੋਟਰਾਂ ਅਤੇ ਕੰਪਨੀਆਂ ਨੂੰ ਵਿਕਾਸ ਪ੍ਰਕਿਰਿਆ ਵਿੱਚ ਭਾਈਵਾਲਾਂ ਵਜੋਂ ਸ਼ਾਮਲ ਕਰਨਾ ਅਤੇ ਜ਼ਮੀਨ ਮਾਲਕਾਂ ਦੀ ਲੈਂਡ ਪੂਲਿੰਗ ਵਿੱਚ ਦਿਲਚਸਪੀ ਵਧਾਉਣਾ ਹੈ। ਇਸ ਸੋਧੀ ਸਕੀਮ ਨੂੰ ਜ਼ਮੀਨ ਮਾਲਕਾਂ ਨੂੰ ਵਧੇਰੇ ਬਦਲ ਮੁਹੱਈਆ ਕਰ ਕੇ ਛੋਟੇ ਅਤੇ ਹਾਸ਼ੀਏ ਉੱਤੇ ਧੱਕੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਤਰਕਸੰਗਤ ਬਣਾਇਆ ਗਿਆ ਹੈ, ਜਿਸ ਨਾਲ ਸੂਬੇ ਵਿੱਚ ਗਰੁੱਪ ਹਾਊਸਿੰਗ ਅਤੇ ਯੋਜਨਾਬੱਧ ਵਿਕਾਸ ਨੂੰ ਹੋਰ ਹੁਲਾਰਾ ਮਿਲੇਗਾ ਤਾਂ ਜੋ ਆਖ਼ਰਕਾਰ ਆਮ ਆਦਮੀ ਨੂੰ ਲਾਭ ਪਹੁੰਚ ਸਕੇ। ਇਸ ਨੀਤੀ ਨੂੰ ਸਮੁੱਚੀ ਪ੍ਰਕਿਰਿਆ ਵਿੱਚ ਹਰੇਕ ਭਾਈਵਾਲ ਨੂੰ ਜੋੜ ਦੇ ਸਰਬਪੱਖੀ ਵਿਕਾਸ ਯਕੀਨੀ ਬਣਾਉਣ ਲਈ ਘੜਿਆ ਗਿਆ ਹੈ।

ਇਹ ਨਵੀਂ ਨੀਤੀ ਸੂਬੇ ਵਿੱਚ ਵੱਡੀ ਤਬਦੀਲੀ ਦਾ ਸਬੱਬ ਬਣੇਗੀ ਕਿਉਂਕਿ ਇਹ ਕਿਸਾਨਾਂ ਨੂੰ ਵੱਡੇ ਲਾਭ ਪ੍ਰਦਾਨ ਕਰੇਗੀ। ਕਿਸਾਨਾਂ ਦਾ ਹੋਰ ਸ਼ੋਸ਼ਣ ਨਹੀਂ ਹੋਵੇਗਾ ਅਤੇ ਇਸ ਨੀਤੀ ਤਹਿਤ ਕਿਸਾਨਾਂ ਨੂੰ ਸਿੱਧੇ ਤੌਰ ▾ਤੇ ਕਰੋੜਾਂ ਰੁਪਏ ਦਾ ਲਾਭ ਹੋਵੇਗਾ। ਕੋਈ ਵੀ ਨਿੱਜੀ ਡਿਵੈਲਪਰ ਜਾਂ ਭੂ-ਮਾਫੀਆ ਕਿਸਾਨਾਂ ਦਾ ਸ਼ੋਸ਼ਣ ਨਹੀਂ ਕਰ ਸਕਦਾ ਕਿਉਂਕਿ ਨੀਤੀ ਇਹ ਯਕੀਨੀ ਬਣਾਉਂਦੀ ਹੈ ਕਿ ਕਿਸਾਨਾਂ ਨੂੰ ਪ੍ਰਾਈਵੇਟ ਡਿਵੈਲਪਰਾਂ ਦੁਆਰਾ ਕੀਤੇ ਜਾਣ ਵਾਲੇ ਸ਼ੋਸ਼ਣ ਤੋਂ ਸੁਰੱਖਿਅਤ ਰੱਖਿਆ ਜਾਵੇ।

ਇਸ ਨੀਤੀ ਤਹਿਤ ਪੂਰਾ ਅਧਿਕਾਰ ਕਿਸਾਨ ਕੋਲ ਹੈ ਅਤੇ ਇਹ 100 ਫੀਸਦੀ ਕਿਸਾਨ ਦਾ ਫੈਸਲਾ ਹੋਵੇਗਾ ਕਿ ਸਰਕਾਰ ਨੂੰ ਜ਼ਮੀਨ ਦੇਣੀ ਹੈ ਜਾਂ ਨਹੀਂ। ਕਿਸਾਨ ਜਾਂ ਤਾਂ ਆਪਣੀ ਜ਼ਮੀਨ ਰੱਖ ਸਕਦੇ ਹਨ ਅਤੇ ਖੇਤੀ ਜਾਰੀ ਰੱਖ ਸਕਦੇ ਹਨ ਜਾਂ ਇਸ ਨੂੰ ਵੇਚਣ ਦੀ ਚੋਣ ਕਰ ਸਕਦੇ ਹਨ। ਪਹਿਲਾਂ ਵਾਂਗ ਜ਼ਬਰਦਸਤੀ ਕੋਈ ਜ਼ਮੀਨ ਐਕੁਆਇਰ ਨਹੀਂ ਹੋਵੇਗੀ।

ਕਿਸਾਨ ਦੀ ਲਿਖਤੀ ਸਹਿਮਤੀ (ਐਨ.ਓ.ਸੀ.) ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋਵੇਗੀ ਅਤੇ ਜ਼ਮੀਨ ਸਿੱਧੇ ਤੌਰ ▾ਤੇ ਸਰਕਾਰ ਨੂੰ ਦਿੱਤੀ ਜਾਵੇਗੀ, ਪ੍ਰਾਈਵੇਟ ਡਿਵੈਲਪਰਾਂ ਨੂੰ ਨਹੀਂ। ਸਰਕਾਰ ਜ਼ਮੀਨ ਦਾ ਪੂਰੀ ਤਰ੍ਹਾਂ ਵਿਕਾਸ ਕਰੇਗੀ ਅਤੇ ਕਿਸਾਨਾਂ ਨੂੰ ਪਲਾਟ ਵਾਪਸ ਕਰੇਗੀ ਅਤੇ ਇਨ੍ਹਾਂ ਪਲਾਟਾਂ ਵਿੱਚ ਸੜਕਾਂ, ਬਿਜਲੀ ਅਤੇ ਪਾਣੀ ਦੇ ਕੁਨੈਕਸ਼ਨ, ਸੀਵਰੇਜ ਪਾਈਪ, ਸਟਰੀਟ ਲਾਈਟਾਂ ਅਤੇ ਪਾਰਕ ਵਰਗੀਆਂ ਸਾਰੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

ਇਨ੍ਹਾਂ ਪਲਾਟਾਂ ਦੀ ਕੀਮਤ ਮਾਰਕੀਟ ਭਾਅ ਤੋਂ ਚਾਰ ਗੁਣਾ ਵੱਧ ਹੋਵੇਗੀ। ਹਰੇਕ ਕਿਸਾਨ ਨੂੰ ਸਰਕਾਰ ਤੋਂ ਇਕ ਲਿਖਤੀ ਦਸਤਾਵੇਜ਼ ਪ੍ਰਾਪਤ ਹੋਵੇਗਾ ਅਤੇ ਇਸ ਪੱਤਰ ਵਿੱਚ ਕਿਸਾਨ ਦੇ ਪੂਰੇ ਹੱਕ ਦਾ ਸਪੱਸ਼ਟ ਤੌਰ ▾ਤੇ ਜ਼ਿਕਰ ਹੋਵੇਗਾ। ਕਿਸਾਨ 500 ਵਰਗ ਗਜ਼ ਦੇ ਦੋ ਪਲਾਟ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ ਅਤੇ ਕਿਸਾਨਾਂ ਨੂੰ ਉਹ ਪਲਾਟ ਰੱਖਣ ਜਾਂ ਵੇਚਣ ਦੀ ਪੂਰੀ ਆਜ਼ਾਦੀ ਹੋਵੇਗੀ। ਲਾਭ ਸਿਰਫ਼ ਇਕ ਏਕੜ ਤੱਕ ਸੀਮਿਤ ਨਹੀਂ ਹੈ ਅਤੇ ਕਿਸਾਨ ਜਿੰਨੀ ਜ਼ਿਆਦਾ ਦਾ ਯੋਗਦਾਨ ਪਾਉਂਦਾ ਹੈ, ਉਨਾ ਹੀ ਜ਼ਿਆਦਾ ਮੁਨਾਫ਼ਾ ਹੋਵੇਗਾ।

ਇਸ ਤੋਂ ਇਲਾਵਾ ਭਾਈਵਾਲੀ ਰਾਹੀਂ ਵਾਧੂ ਲਾਭ ਹੋਣਗੇ ਕਿਉਂਕਿ ਜੇ ਕੋਈ ਕਿਸਾਨ ਨੌਂ ਏਕੜ ਦਾ ਯੋਗਦਾਨ ਪਾਉਂਦਾ ਹੈ ਤਾਂ ਉਸ ਨੂੰ ਤਿੰਨ ਏਕੜ ਵਿਕਸਤ ਗਰੁੱਪ ਹਾਊਸਿੰਗ ਜ਼ਮੀਨ ਮਿਲੇਗੀ। ਜੇ ਕਈ ਕਿਸਾਨ ਸਰਕਾਰ ਲਈ 50 ਏਕੜ ਜ਼ਮੀਨ ਇਕੱਠੀ ਕਰਦੇ ਹਨ ਤਾਂ ਉਨ੍ਹਾਂ ਨੂੰ ਬਦਲੇ ਵਿੱਚ 30 ਏਕੜ ਪੂਰੀ ਤਰ੍ਹਾਂ ਵਿਕਸਤ ਜ਼ਮੀਨ ਮਿਲੇਗੀ। ਇਹ ਨੀਤੀ ਭੂਮੀ ਮਾਫ਼ੀਆ ਰਾਜ ਦੇ ਅੰਤ ਅਤੇ ਗੈਰ-ਕਾਨੂੰਨੀ ਕਲੋਨੀਆਂ ▾ਤੇ ਪੂਰੀ ਤਰ੍ਹਾਂ ਪਾਬੰਦੀ ਲਾਉਣ ਦੀ ਵਿਵਸਥਾ ਕਰਦੀ ਹੈ।

**ਕਲੋਨੀਆਂ ਨੂੰ ਜਾਰੀ ਲਾਇਸੰਸਾਂ ਦੇ ਅੰਸ਼ਕ ਸਮਰਪਣ ਅਤੇ ਅੰਸ਼ਕ ਰੱਦ ਕਰਨ ਨੂੰ ਪ੍ਰਵਾਨਗੀ**

ਮੰਤਰੀ ਮੰਡਲ ਨੇ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ), 1995 ਦੇ ਤਹਿਤ ਕਲੋਨੀਆਂ ਨੂੰ ਜਾਰੀ ਕੀਤੇ ਗਏ ਲਾਇਸੈਂਸਾਂ ਦੇ ਅੰਸ਼ਕ ਸਮਰਪਣ ਅਤੇ ਅੰਸ਼ਕ ਰੱਦ ਕਰਨ ਦੀ ਮਨਜ਼ੂਰੀ ਦੇ ਦਿੱਤਦੀ ਹੈ। ਇਸ ਦੇ ਨਾਲ ਹੀ ਵਜ਼ਾਰਤ ਨੇ ਉਦਯੋਗਿਕ ਪਾਰਕ ਪ੍ਰੋਜੈਕਟਾਂ ਨੂੰ ਜਾਰੀ ਕੀਤੀਆਂ ਗਈਆਂ ਪ੍ਰਵਾਨਗੀਆਂ ਦੇ ਅੰਸ਼ਕ ਰੱਦ ਕਰਨ ਨੂੰ ਵੀ ਆਪਣੀ ਸਹਿਮਤੀ ਦੇ ਦਿੱਤੀ ਹੈ।

ਇਸ ਬਾਰੇ ਇਕ ਨੀਤੀ 10 ਮਾਰਚ, 2025 ਨੂੰ ਨੋਟੀਫਾਈ ਕੀਤੀ ਗਈ ਸੀ ਜੋ ਪਾਪਰਾ ਐਕਟ ਅਧੀਨ ਕਲੋਨੀਆਂ ਵਿਕਸਤ ਕਰਨ ਲਈ ਲਾਇਸੈਂਸਾਂ ਦੇ ਸਮਰਪਣ ਅਤੇ ਉਦਯੋਗਿਕ ਪਾਰਕਾਂ ਲਈ ਪ੍ਰਵਾਨਗੀਆਂ ਨਾਲ ਸਬੰਧਤ ਹੈ। ਇਹ ਫੈਸਲਾ ਕੁਝ ਸ਼ਰਤਾਂ ਅਧੀਨ ਲਾਇਸੰਸਸ਼ੁਦਾ ਖੇਤਰਾਂ ਦੇ ਅੰਸ਼ਕ ਸਮਰਪਣ ਦੇ ਨਾਲ-ਨਾਲ ਅਜਿਹੇ ਪ੍ਰਾਜੈਕਟਾਂ ਲਈ ਲਾਇਸੈਂਸਾਂ ਨੂੰ ਅੰਸ਼ਕ ਮੁਅੱਤਲ ਜਾਂ ਰੱਦ ਕਰਨ ਦੀ ਆਗਿਆ ਦੇਵੇਗਾ।

**ਪਲਾਟਾਂ ਦੀ ਯਕਮੁਸ਼ਤ ਅਦਾਇਗੀ ਕਰਨ ਵਾਲੇ ਅਲਾਟੀਆਂ ਲਈ ਰਿਆਇਤਾਂ ਨੂੰ ਪ੍ਰਵਾਨਗੀ**

ਰਿਹਾਇਸ਼ੀ, ਵਪਾਰਕ ਅਤੇ ਹੋਰ ਜਾਇਦਾਦਾਂ ਦੇ ਪਲਾਟਾਂ ਦੇ ਅਲਾਟੀਆਂ ਅਤੇ ਬੋਲੀਕਾਰਾਂ ਨੂੰ ਕੁੱਲ ਰਕਮ ਦੀ 75 ਫੀਸਦੀ ਰਕਮ ਦੀ ਯਕਮੁਸ਼ਤ ਅਦਾਇਗੀ ਕਰਨ ਲਈ ਉਤਸ਼ਾਹਿਤ ਕਰਨ ਵਾਸਤੇ ਮੰਤਰੀ ਮੰਡਲ ਨੇ ਅਲਾਟੀਆਂ ਨੂੰ ਕਈ ਰਿਆਇਤਾਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ। ਅਲਾਟੀਆਂ ਨੂੰ ਯਕਮੁਸ਼ਤ ਅਦਾਇਗੀ ਦੇ ਬਦਲੇ ਪਲਾਟ/ਸਾਈਟ ਦੀ ਕੀਮਤ ’ਤੇ 15 ਫੀਸਦੀ ਛੋਟ ਦਿੱਤੀ ਜਾਵੇਗੀ। ਇਸ ਫੈਸਲੇ ਨਾਲ ਸੂਬਾ ਸਰਕਾਰ ਨੂੰ ਇਕੋ ਵੇਲੇ ਆਮਦਨ ਇਕੱਠੀ ਹੋਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਡਿਫਾਲਟਰਾਂ ਦੀ ਸੂਚੀ ਵੀ ਘਟੇਗੀ।

**ਸੂਬੇ ਦੇ ਵਿਕਾਸ ਨੂੰ ਹੁਲਾਰਾ ਦੇਣ ਲਈ ਈ.ਡੀ.ਸੀ., ਸੀ.ਐਲ.ਯੂ. ਵਿੱਚ ਵਾਧੇ ਨੂੰ ਪ੍ਰਵਾਨਗੀ**

ਮਾਲੀਆ ਪੈਦਾ ਕਰਕੇ ਸੂਬੇ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਮਨੋਰਥ ਨਾਲ ਮੰਤਰੀ ਮੰਡਲ ਨੇ ਰੀਅਲ ਅਸਟੇਟ ਪ੍ਰੋਮੋਟਰਾਂ ’ਤੇ ਲਾਗੂ ਹੁੰਦੀਆਂ ਬਾਹਰੀ ਵਿਕਾਸ ਦਰਾਂ (ਈ.ਡੀ.ਸੀ.), ਜ਼ਮੀਨ ਵਰਤੋਂ ਬਾਰੇ ਤਬਦੀਲੀ (ਸੀ.ਐਲ.ਯੂ.) ਦੀਆਂ ਦਰਾਂ, ਲਾਇਸੈਂਸ ਫੀਸ (ਐਲ.ਐਫ.) ਅਤੇ ਹੋਰ ਦਰਾਂ ਨੂੰ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਪ੍ਰਮੋਟਰਾਂ ਨੂੰ ਪਾਪਰਾ ਅਧੀਨ ਕਲੋਨੀਆਂ ਦੇ ਨਾਲ-ਨਾਲ ਪੰਜਾਬ ਸਰਕਾਰ ਦੀ ਮੈਗਾ ਪ੍ਰੋਜੈਕਟ ਨੀਤੀ ਅਧੀਨ ਮੈਗਾ ਪ੍ਰੋਜੈਕਟਾਂ ਲਈ ਬਾਹਰੀ ਵਿਕਾਸ ਚਾਰਜ (ਈ.ਡੀ.ਸੀ) ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦਰਾਂ ਵਿੱਚ ਤਬਦੀਲੀ ਕਰਨ ਲਈ ਆਖਰੀ ਵਾਰ 06 ਮਈ, 2016 ਨੂੰ ਨੋਟੀਫਾਈ ਕੀਤਾ ਗਿਆ ਸੀ ਜਿਸ ਵਿੱਚ ਇਹ ਧਾਰਾ ਵੀ ਜੋੜੀ ਗਈ ਸੀ ਕਿ ਇਕ ਅਪ੍ਰੈਲ ਤੋਂ ਹਰ ਸਾਲ 10 ਫੀਸਦੀ ਦੀ ਦਰ ਨਾਲ ਇਨ੍ਹਾਂ ਦਰਾਂ ਵਿੱਚ ਵਾਧਾ ਹੋਵੇਗਾ। ਹਾਲਾਂਕਿ, ਕੁਝ ਸਾਲਾਂ ਲਈ ਸਰਕਾਰ ਨੇ ਇਸ ਵਾਧੇ ਨੂੰ ਮੁਆਫ ਕਰ ਦਿੱਤਾ ਸੀ। ਇਨ੍ਹਾਂ ਦਰਾਂ ਵਿੱਚ ਇਕ ਅਪ੍ਰੈਲ, 2020 ਤੋਂ ਵਾਧਾ ਕੀਤਾ ਗਿਆ ਸੀ ਅਤੇ ਸਾਲ 2016 ਤੋਂ ਲਗਭਗ 77 ਫੀਸਦੀ ਦਾ ਵਾਧਾ ਹੋਇਆ ਹੈ। ਇਸ ਫੈਸਲੇ ਨਾਲ ਸੀ.ਐਲ.ਯੂ. ਦਰਾਂ, ਈ.ਡੀ.ਸੀ. ਦਰਾਂ ਅਤੇ ਲਾਇਸੰਸ ਫੀਸ ਵਿੱਚ ਇਕ ਅਪ੍ਰੈਲ, 2026 ਤੋਂ ਹਰੇਕ ਸਾਲ 10 ਫੀਸਦੀ ਦਾ ਵਾਧਾ ਹੋਵੇਗਾ।

# ਖ਼ਾਲਸਾ ਕਾਲਜ ਵਿਖੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜੀਫ਼ਾ ਰਾਸ਼ੀ ਦੇ ਚੈੱਕ ਤਕਸੀਮ



**ਗੜ੍ਹਸ਼ੰਕਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਵਲੋਂ ਵਜੀਫ਼ਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਇਸ ਮੌਕੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਾਲਜ ਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਜਿਨ੍ਹਾਂ ਵਿਚ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀ ਗੁਰਦੀਪ ਸਿੰਘ ਅਤੇ ਸੌਰਵ ਸਿੰਘ ਨੂੰ ਪੰਜ-ਪੰਜ ਹਜ਼ਾਰ ਰੁਪਏ, ਡਿਗਰੀ ਕਲਾਸਾਂ ਦੇ ਵਿਦਿਆਰਥੀ ਪ੍ਰਿੰਸ ਸਿੰਘ, ਅਜੀਤ ਸਿੰਘ, ਮਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਅਰਸ਼ਪ੍ਰੀਤ ਸਿੰਘ ਅਤੇ ਵਿਦਿਆਰਥਣਾਂ ਗਗਨਦੀਪ ਕੌਰ, ਸਿਮਰਨ ਕੌਰ, ਮਨਪ੍ਰੀਤ ਕੌਰ ਨੂੰ ਅੱਠ-ਅੱਠ ਹਜ਼ਾਰ ਰੁਪਏ ਦੀ ਵਜੀਫਾ ਰਾਸ਼ੀ ਦੇ ਚੈੱਕ ਵੰਡੇ ਗਏ ਹਨ। ਡਾ. ਜੰਗ ਬਹਾਦਰ ਸਿੰਘ ਰਾਏ ਨੇ ਸ਼੍ਰੋਮਣੀ ਕਮੇਟੀ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਵਿਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਵਿਦਿਆਰਥੀਆਂ ਨੂੰ ਵਜੀਫ਼ਾ ਰਾਸ਼ੀ ਨੂੰ ਆਪਣੀ ਪੜ੍ਹਾਈ ਲਈ ਵਰਤ ਕੇ ਅਗਾਂਹ ਤੋਂ ਪੜ੍ਹਾਈ ਲਈ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਜਾਨਕੀ ਅਗਰਵਾਲ, ਡਾ. ਮਨਬੀਰ ਕੌਰ, ਡਾ. ਕੁਲਦੀਪ ਕੌਰ, ਪ੍ਰੋ. ਜਤਿੰਦਰ ਕੌਰ, ਡਾ. ਹਰਵਿੰਦਰ ਕੌਰ, ਡਾ. ਸੰਘਾ ਗੁਰਬਖਸ਼ ਕੌਰ, ਅੰਮ੍ਰਿਤਪਾਲ ਸਿੰਘ, ਪਰਮਿੰਦਰ ਸਿੰਘ, ਗੁਰਿੰਦਰਜੀਤ ਸਿੰਘ ਆਦਿ ਹਾਜ਼ਰ ਹੋਏ।

# ਜਨਰਲ ਮੁਨੀਰ ਖ਼ੁਦ ਨੂੰ ਦੇਣਾ ਚਾਹੀਦਾ ਸੀ ਰਾਜਾ ਦਾ ਖ਼ਿਤਾਬ : ਇਮਰਾਨ ਖ਼ਾਨ




**ਲਾਹੌਰ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਫ਼ੌਜ ਮੁਖੀ ਜਨਰਲ ਅਸੀਮ ਮੁਨੀਰ ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਫ਼ੀਲਡ ਮਾਰਸ਼ਲ ਦੀ ਬਜਾਏ ਆਪਣੇ ਆਪ ਨੂੰ ਰਾਜਾ ਦਾ ਖ਼ਿਤਾਬ ਦੇਣਾ ਚਾਹੀਦਾ ਸੀ ਕਿਉਂਕਿ ਪਾਕਿਸਤਾਨ ’ਚ ਇਸ ਸਮੇਂ ਜੰਗਲ ਰਾਜ ਹੈ, ਅਤੇ ਜੰਗਲ ’ਚ ਸਿਰਫ਼ ਇੱਕ ਹੀ ਰਾਜਾ ਹੁੰਦਾ ਹੈ। ਜਨਰਲ ਮੁਨੀਰ ਨੂੰ ਭਾਰਤ ਨਾਲ ਹਾਲ ਹੀ ’ਚ ਹੋਏ ਟਕਰਾਅ ’ਚ ਉਨ੍ਹਾਂ ਦੀ ਭੂਮਿਕਾ ਲਈ ਫ਼ੀਲਡ ਮਾਰਸ਼ਲ ਦੇ ਰੈਂਕ ’ਤੇ ਤਰੱਕੀ ਦਿੱਤੀ ਗਈ। ਉਹ ਦੇਸ਼ ਦੇ ਇਤਿਹਾਸ ’ਚ ਇਸ ਅਹੁਦੇ ’ਤੇ ਤਰੱਕੀ ਪਾਉਣ ਵਾਲੇ ਦੂਜੇ ਉਚ ਫ਼ੌਜੀ ਅਧਿਕਾਰੀ ਬਣ ਗਏ ਹਨ। ਜੇਲ੍ਹ ’ਚ ਬੰਦ ਸਾਬਕਾ ਪ੍ਰਧਾਨ ਮੰਤਰੀ ਖ਼ਾਨ ਨੇ X ’ਤੇ ਲਿਖਿਆ, “ਮਾਸ਼ਅੱਲ੍ਹਾ, ਜਨਰਲ ਅਸੀਮ ਮੁਨੀਰ ਨੂੰ ਫ਼ੀਲਡ ਮਾਰਸ਼ਲ ਬਣਾਇਆ ਗਿਆ ਹੈ ਹਾਲਾਂਕਿ ਬਿਹਤਰ ਹੁੰਦਾ ਜੇਕਰ ਉਨ੍ਹਾਂ ਨੂੰ ਰਾਜਾ ਦਾ ਖ਼ਿਤਾਬ ਦੇ ਦਿੱਤਾ ਜਾਂਦਾ ਕਿਉਂਕਿ ਇਸ ਸਮੇਂ ਦੇਸ਼ ’ਚ ਜੰਗਲ ਰਾਜ ਹੈ ਅਤੇ ਜੰਗਲ ’ਚ ਸਿਰਫ਼ ਇੱਕ ਰਾਜਾ ਹੀ ਹੁੰਦਾ।” ਖ਼ਾਨ, ਜੋ ਅਗਸਤ 2023 ਤੋਂ ਕਈ ਮਾਮਲਿਆਂ ’ਚ ਜੇਲ੍ਹ ’ਚ ਹੈ, ਨੇ ਇਹ ਵੀ ਕਿਹਾ ਕਿ ਉਨ੍ਹਾਂ ਨਾਲ ਕਿਸੇ ਵੀ ਸਮਝੌਤੇ ਦੀਆਂ ਅਫ਼ਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ। ਉਨ੍ਹਾਂ ਕਿਹਾ, “ਕੋਈ ਸੌਦਾ ਨਹੀਂ ਹੋਇਆ, ਅਤੇ ਨਾ ਹੀ ਕੋਈ ਗੱਲਬਾਤ ਹੋ ਰਹੀ ਹੈ। ਇਹ ਬੇਬੁਨਿਆਦ ਗੱਲਾਂ ਹਨ।” ਇਮਰਾਨ ਨੇ ਖੁੱਲ੍ਹ ਕੇ ਫ਼ੌਜੀ ਅਧਿਕਾਰੀਆਂ ਨੂੰ ਸੱਦਾ ਦਿੱਤਾ ਕਿ ਜੇਕਰ ਉਹ ਸੱਚਮੁੱਚ ਪਾਕਿਸਤਾਨ ਦੇ ਹਿੱਤਾਂ ਅਤੇ ਭਵਿੱਖ ਦੀ ਪਰਵਾਹ ਕਰਦੇ ਹਨ ਤਾਂ ਉਨ੍ਹਾਂ ਨਾਲ ਗੱਲਬਾਤ ਕਰਨ।

ਖ਼ਾਨ ਨੇ ਕਿਹਾ, “ਦੇਸ਼ ਬਾਹਰੀ ਖ਼ਤਰਿਆਂ, ਅਤਿਵਾਦ ’ਚ ਵਾਧੇ ਅਤੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਾਨੂੰ ਇਕਜੁੱਟ ਹੋਣਾ ਚਾਹੀਦਾ ਹੈ। ਮੈਂ ਪਹਿਲਾਂ ਕਦੇ ਆਪਣੇ ਲਈ ਕੁਝ ਨਹੀਂ ਮੰਗਿਆ ਅਤੇ ਨਾ ਹੀ ਹੁਣ ਕਦੇ ਕੁਝ ਮੰਗਾਂਗਾ।”

ਖ਼ਾਨ ਨੇ ਸ਼ਾਹਬਾਜ਼ ਸ਼ਰੀਫ਼ ਸਰਕਾਰ ਨੂੰ ਭਾਰਤ ਦੇ ਇੱਕ ਹੋਰ ਹਮਲੇ ਬਾਰੇ ਚਿਤਾਵਨੀ ਦਿੱਤੀ, ਅਤੇ ਕਿਹਾ ਕਿ ਉਸ ਨੂੰ ਅਜਿਹੀ ਕਿਸੇ ਵੀ ਸਥਿਤੀ ਲਈ ਤਿਆਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਇੱਕ ਅਜਿਹੀ ਜਗ੍ਹਾ ਬਣਾ ਦਿੱਤਾ ਗਿਆ ਹੈ ਜਿੱਥੇ ਕਾਨੂੰਨ ਸਿਰਫ਼ ਕਮਜ਼ੋਰਾਂ ’ਤੇ ਲਾਗੂ ਹੁੰਦਾ ਹੈ, ਤਾਕਤਵਰਾਂ ’ਤੇ ਨਹੀਂ। ਖ਼ਾਨ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ’ਚ ਪਾਕਿਸਤਾਨ ਦਾ ਨੈਤਿਕ ਅਤੇ ਸੰਵਿਧਾਨਕ ਢਾਂਚਾ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਉਨ੍ਹਾਂ ਕਿਹਾ, “ਤੋਸ਼ਾਖ਼ਾਨਾ-2 ਮਾਮਲੇ ’ਚ ਹਾਸੋਹੀਣੀ ਸੁਣਵਾਈ ਦੁਬਾਰਾ ਸ਼ੁਰੂ ਹੋ ਗਈ ਹੈ।” ਜੇਲ੍ਹ ਵਾਂਗ ਹੀ ਅਦਾਲਤੀ ਕਾਰਵਾਈ ਵੀ ਕਰਨਲ ਦੀ ਇੱਛਾ ਨਾਲ ਨਿਰਧਾਰਿਤ ਹੁੰਦੀ ਹੈ।

ਮੇਰੀਆਂ ਭੈਣਾਂ ਅਤੇ ਵਕੀਲਾਂ ਨੂੰ ਅਦਾਲਤ ਆਉਣ ਤੋਂ ਰੋਕਿਆ ਜਾ ਰਿਹਾ ਹੈ। ਮੇਰੇ ਸਾਥੀਆਂ ਨੂੰ ਮੈਨੂੰ ਮਿਲਣ ਦੀ ਇਜਾਜ਼ਤ ਨਹੀਂ ਹੈ, ਮੈਨੂੰ ਮਹੀਨਿਆਂ ਤੋਂ ਆਪਣੇ ਬੱਚਿਆਂ ਨੂੰ ਮਿਲਣ ਦੀ ਇਜਾਜ਼ਤ ਨਹੀਂ ਹੈ, ਮੇਰੀਆਂ ਕਿਤਾਬਾਂ ਵੀ ਨਹੀਂ ਪਹੁੰਚਾਈਆਂ ਜਾ ਰਹੀਆਂ ਹਨ, ਅਤੇ ਮੈਨੂੰ ਆਪਣੇ ਡਾਕਟਰ ਨੂੰ ਮਿਲਣ ਦੀ ਵੀ ਇਜਾਜ਼ਤ ਨਹੀਂ। ਇਹ ਅਦਾਲਤ ਦੇ ਹੁਕਮਾਂ ਅਤੇ ਕਾਨੂੰਨਾਂ ਦੀ ਲਗਾਤਾਰ ਉਲੰਘਣਾ ਹੈ।”

# ਨਾਮਜ਼ਦਗੀਆਂ ਦੇ ਆਖਰੀ ਦਿਨ 8 ਨਾਮਜ਼ਦਗੀ ਪੱਤਰ ਦਾਖ਼ਲ : ਸਿਬਿਨ ਸੀ

**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੀ 64-ਲੁਧਿਆਣਾ ਪੱਛਮੀ ਸੀਟ ਲਈ ਨਾਮਜ਼ਦਗੀਆਂ ਦੇ ਆਖਰੀ ਦਿਨ 8 ਨਾਮਜ਼ਦਗੀ ਪੱਤਰ ਦਾਖਲ ਹੋਏ ਹਨ।

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ 64-ਲੁਧਿਆਣਾ ਪੱਛਮੀ ਸੀਟ ਲਈ ਅੱਜ ਭਾਰਤੀ ਜਨਤਾ ਪਾਰਟੀ ਤੋਂ ਉਮੀਦਵਾਰ ਜੀਵਨ ਗੁਪਤਾ ਅਤੇ ਸੁਨੀਤਾ ਰਾਨੀ (ਕਵਰਿੰਗ ਉਮੀਦਵਾਰ) ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਨਵਨੀਤ ਕੁਮਾਰ ਨੇ ਨਾਮਜ਼ਦਗੀ ਦਾਖ਼ਲ ਕੀਤੀ ਹੈ। ਉੱਥੇ ਹੀ 5 ਆਜ਼ਾਦ ਉਮੀਦਵਾਰਾਂ ਹਰਮਿੰਦਰ ਅਰੋੜਾ, ਭੋਲਾ ਸਿੰਘ, ਰੇਨੂੰ, ਪਵਨਦੀਪ ਸਿੰਘ ਅਤੇ ਗੁਰਦੀਪ ਸਿੰਘ ਕਾਹਲੋਂ ਵੱਲੋਂ ਨਾਮਜ਼ਦਗੀ ਭਰੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਨਾਮਜ਼ਦਗੀ ਭਰਨ ਵਾਲੇ ਕੁੱਲ ਉਮੀਦਵਾਰਾਂ ਦੀ ਗਿਣਤੀ 22 ਹੋ ਗਈ ਹੈ।

# ਧਾਰਮਿਕ ਤੇ ਇਤਿਹਾਸਕ ਥਾਵਾਂ ਨੂੰ ਜੋੜਨ ਵਾਲੀਆਂ ਸੜਕਾਂ/ਗਲੀਆਂ ਦਾ ਹੋਵੇਗਾ ਨਵੀਨੀਕਰਨ: ਹਰਜੋਤ ਬੈਂਸ

## 6 ਲੱਖ ਦੀ ਲਾਗਤ ਨਾਲ ਗੁਰਦੁਆਰਾ ਮਾਤਾ ਸਾਹਿਬ ਕੌਰ ਨੂੰ ਮੁੱਖ ਮਾਰਗ ਨਾਲ ਜੋੜਨ ਵਾਲੀ ਸੜਕ ਤੇ ਸੋਲਰ ਲਾਈਟਾਂ ਦਾ ਕੰਮ ਹੋਵੇਗਾ ਮੁਕੰਮਲ: ਕੈਬਨਿਟ ਮੰਤਰੀ



**ਸ੍ਰੀ ਅਨੰਦਪੁਰ ਸਾਹਿਬ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਹੈ ਕਿ ਧਾਰਮਿਕ ਅਤੇ ਇਤਿਹਾਸਕ ਥਾਵਾਂ ਨੂੰ ਜਾਣ ਵਾਲੇ ਮਾਰਗਾਂ, ਸੜਕਾਂ, ਗਲੀਆਂ ਦਾ ਨਵੀਨੀਕਰਨ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਸੜਕਾਂ ਤੇ ਸੋਲਰ ਲਾਈਟਾ ਤੇ ਹੋਰ ਲੋੜੀਦੇ ਕੰਮ ਵੀ ਨਾਲੋ ਨਾਲ ਕਰਵਾਏ ਜਾ ਰਹੇ ਹਨ।

ਪਿੰਡ ਸੱਧੇਵਾਲ ਵਿਖੇ ਇਤਿਹਾਸਿਕ ਅਸਥਾਨ ਗੁਰਦੁਆਰਾ ਮਾਤਾ ਸਾਹਿਬ ਕੌਰ ਜੀ ਨੂੰ ਮੁੱਖ ਮਾਰਗ ਤੋਂ ਜਾਣ ਵਾਲੀ ਸੜਕ ਦੇ ਨਵੀਨੀਕਰਨ ਦੀ ਸ਼ੁਰੂਆਤ ਕਰਨ ਮੌਕੇ ਇਕੱਠੇ ਹੋਏ ਇਲਾਕਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਸ.ਬੈਂਸ ਨੇ ਕਿਹਾ ਕਿ ਇਸ ਕੰਮ ਉੱਤੇ 6 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇ ਮਾਰਗ ਤੇ ਸੋਲਰ ਲਾਈਟਾਂ ਵੀ ਲਗਾਈਆਂ ਜਾਣਗੀਆ। ਉਨ੍ਹਾਂ ਨੇ ਕਿਹਾ ਕਿ ਜਿੱਥੇ ਵੀ ਬਰਸਾਤਾ ਦੌਰਾਨ ਹੜ੍ਹ ਵਰਗੇ ਹਾਲਾਤ ਬਣਦੇ ਹਨ ਜਾਂ ਪਾਣੀ ਦੀ ਮਾਰ ਪੈਂਦੀ ਹੈ, ਉਨ੍ਹਾਂ ਥਾਵਾਂ ਤੇ ਡੰਗੇ ਲਗਾਏ ਜਾਣਗੇ।

ਅੱਜ ਸ.ਹਰਜੋਤ ਬੈਂਸ ਨੇ ਸੱਧੇਵਾਲ ਵਿੱਚ ਇਸ ਸੜਕ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਦੱਸਿਆ ਕਿ ਸੰਗਤਾਂ ਦੀ ਇਹ ਬਹੁਤ ਪੁਰਾਣੀ ਮੰਗ ਰਹੀ ਹੈ ਜਿਸ ਤੇ ਪਹਿਲਾ ਕਿਸੇ ਨੇ ਕਦੇ ਗੋਰ ਨਹੀ ਕੀਤਾ, ਹੁਣ ਅਸੀ ਇਹ ਸੜਕ ਬਣਾ ਰਹੇ ਹਾਂ।

ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ,ਜਸਵੰਤ ਸਿੰਘ ਸਰਪੰਚ, ਪ੍ਰਿੰਸ ਸਰਪੰਚ ਗੰਗੂਵਾਲ, ਹੈਪੀ, ਕੁਲਵਿੰਦਰ ਸਿੰਘ, ਗੁਰਦੀਪ ਸਿੰਘ, ਧਰਮਾਣੀ ਮਾਸਟਰ, ਲੱਕੀ ਕਪਲਾ, ਅਮਰੀਕ ਸਿੰਘ, ਦਲਜੀਤ ਸਿੰਘ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਪਾਕਿ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿੱਚ ਇੱਕ ਗ੍ਰਿਫ਼ਤਾਰ

**ਚੰਡੀਗੜ੍ਹ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਪਰੇਸ਼ਨ ਸਿੰਧੂਰ ਦੌਰਾਨ ਫੌਜ ਦੀਆਂ ਗਤੀਵਿਧੀਆਂ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨੀ ਖੁਫੀਆ ਏਜੰਸੀਆਂ ਨਾਲ ਸਾਂਝੀ ਕਰਨ ਦੇ ਦੋਸ਼ਾਂ ਹੇਠ ਤਰਨਤਾਰਨ ਜ਼ਿਲ੍ਹੇ ਦੇ ਰਹਿਣ ਵਾਲੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਉਸ ਜਾਣਕਾਰੀ ਵਾਲਾ ਇੱਕ ਮੋਬਾਈਲ ਫ਼ੋਨ ਵੀ ਬਰਾਮਦ ਕੀਤਾ, ਜੋ ਪਾਕਿਸਤਾਨੀ ਖੁਫੀਆ ਏਜੰਸੀਆਂ (ਪੀਆਈਓ) ਨਾਲ ਸਾਂਝੀ ਕੀਤੀ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਦੋਸ਼ੀ ਕਥਿਤ ਤੌਰ ’ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐੱਸ.ਆਈ.) ਦੇ ਸੰਪਰਕ ਵਿੱਚ ਸੀ ਅਤੇ ਸੰਵੇਦਨਸ਼ੀਲ ਜਾਣਕਾਰੀ ਦੇਣ ਲਈ ਪੈਸੇ ਵੀ ਪ੍ਰਾਪਤ ਕਰਦਾ ਸੀ। ਇਸ ਸਬੰਧੀ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਕਿਹਾ ਕਿ ਦੋਸ਼ੀ ਦੀ ਪਛਾਣ ਗਗਨਦੀਪ ਸਿੰਘ ਉਰਫ਼ ਗਗਨ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਦੇ ਮੁਹੱਲਾ ਰੋੜੂਪੁਰ ਗਲੀ ਨਜ਼ਰ ਸਿੰਘ ਵਾਲੀ ਦਾ ਰਹਿਣ ਵਾਲਾ ਹੈ। ਉਸ ਨੂੰ ਤਰਨਤਾਰਨ ਪੁਲੀਸ ਅਤੇ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਸਾਂਝੇ ਆਪ੍ਰੇਸ਼ਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀਜੀਪੀ ਨੇ ‘ਐਕਸ’ ’ਤੇ ਇੱਕ ਪੋਸਟ ਵਿੱਚ ਕਿਹਾ, “ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪਾਕਿਸਤਾਨ ਆਈਐੱਸਆਈ ਅਤੇ ਗੋਪਾਲ ਸਿੰਘ ਚਾਵਲਾ (ਪਾਕਿਸਤਾਨ ਸਥਿਤ ਖਾਲਿਸਤਾਨੀ ਸਮਰਥਕ) ਦੇ ਸੰਪਰਕ ਵਿੱਚ ਸਨ, ਜੋ ਆਪ੍ਰੇਸ਼ਨ ਸਿੰਧੂਰ ਦੌਰਾਨ ਫੌਜ ਦੀਆਂ ਗਤੀਵਿਧੀਆਂ ਬਾਰੇ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰ ਰਹੇ ਸਨ।”

ਯਾਦਵ ਨੇ ਕਿਹਾ ਕਿ ਗਗਨਦੀਪ ਪਿਛਲੇ ਪੰਜ ਸਾਲਾਂ ਤੋਂ ਖਾਲਿਸਤਾਨੀ ਸਮਰਥਕ ਗੋਪਾਲ ਸਿੰਘ ਚਾਵਲਾ ਦੇ ਸੰਪਰਕ ਵਿੱਚ ਸੀ, ਜਿਸ ਰਾਹੀਂ ਉਸ ਨੂੰ ਪੀਆਈਓਜ਼ ਨਾਲ ਜਾਣੂ ਕਰਵਾਇਆ ਗਿਆ। ਉਨ੍ਹਾਂ ਅੱਗੇ ਕਿਹਾ, “ਉਸ ਨੂੰ ਭਾਰਤੀ ਲਿੰਕ ਰਾਹੀਂ #PIOs ਤੋਂ ਭੁਗਤਾਨ ਵੀ ਕੀਤਾ ਗਿਆ ਅਤੇ ਉਸ ਪਾਸੋ ਬਰਾਮਦ ਕੀਤੇ ਗਏ ਮੋਬਾਈਲ ਫੋਨ ਵਿੱਚ ਖੁਫੀਆ ਜਾਣਕਾਰੀ ਸੀ, ਜੋ ਉਸਨੇ PIOs ਨਾਲ ਸਾਂਝੀ ਕੀਤੀ ਸੀ।”

# ਪਟਿਆਲਾ ਦੀ ਕੇਂਦਰੀ ਜੇਲ੍ਹ ’ਚ ਰਾਜੋਆਣਾ ਨੂੰ ਮਿਲਣਗੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗੜਗੱਜ



**ਪਟਿਆਲਾ, 6 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅੱਜ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਪਹੁੰਚ ਕੇ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਨਗੇ। ਇਹ ਜਾਣਕਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਦਿੱਤੀ।

ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿੱਚ ਪਿਛਲੇ 30 ਸਾਲਾਂ ਤੋਂ ਪਟਿਆਲਾ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ 2007 ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਪ੍ਰੰਤੂ ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਲਟਕ ਰਿਹਾ ਹੈ।

ਸਾਲ 2012 ਵਿਚ ਰਾਜੋਆਣਾ ਨੂੰ ਪਟਿਆਲਾ ਜੇਲ੍ਹ ਵਿੱਚ ਫਾਂਸੀ ਦੇਣ ਲਈ ਦਿਨ ਮੁਕੱਰਰ ਕੀਤਾ ਗਿਆ ਸੀ, ਪਰ ਉਦੋਂ ਰਾਜੋਆਣਾ ਵੱਲੋਂ ਕੋਈ ਵੀ ਕਾਨੂੰਨੀ ਚਾਰਾਜੋਈ ਨਾ ਕੀਤੇ ਜਾਣ ਕਰਕੇ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਈ ਗਈ ਪਟੀਸ਼ਨ ਦੇ ਅਧਾਰ ’ਤੇ ਰਾਸ਼ਟਰਪਤੀ ਨੇ ਫਾਂਸੀ ’ਤੇ ਰੋਕ ਲਾ ਕੇ ਫਾਈਲ ਅਗਲੇਰੀ ਕਾਰਵਾਈ ਲਈ ਗ੍ਰਹਿ ਮੰਤਰਾਲੇ ਕੋਲ ਭੇਜ ਦਿੱਤੀ ਸੀ। ਇਹ ਫਾਈਲ ਉਦੋਂ ਤੋਂ ਉੱਥੇ ਹੀ ਪਈ ਹੈ।

ਉਧਰ ਰਾਜੋਆਣਾ ਮੰਗ ਕਰ ਰਹੇ ਹਨ ਕਿ ਉਸ ਦੀ ਫਾਂਸੀ ਸਬੰਧੀ ਫੈਸਲੇ ਦਾ ਨਿਪਟਾਰਾ ਜਲਦੀ ਕੀਤਾ ਜਾਵੇ। ਇਸ ਮੰਗ ਦੀ ਪੂਰਤੀ ਲਈ ਉਹ ਦੋ ਵਾਰ ਮਰਨ ਵਰਤ ਵੀ ਰੱਖ ਚੁੱਕੇ ਹਨ।

## ਹਸਪਤਾਲ 'ਚ ਵੱਡੀ ਲਾਪਰਵਾਹੀ ਗਲਤ ਟੀਕਾ ਲੱਗਣ ਨਾਲ 5 ਮਰੀਜ਼ਾਂ ਦੀ ਮੌਤ

ਕੋਰਾਪੁਟ 6 ਜੂਨ। ਓਡੀਸ਼ਾ ਦੇ ਕੋਰਾਪੁਟ ਸਥਿਤ ਸ਼ਹੀਦ ਲਕਸ਼ਮਣ ਨਾਇਕ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਵੱਡੀ ਲਾਪਰਵਾਹੀ ਮਾਮਲਾ ਸਾਹਮਣੇ ਆਇਆ ਹੈ। ਪੰਜ ਮਰੀਜ਼ਾਂ ਦੀ ਮੌਤ ਤੋਂ ਬਾਅਦ ਮਾਮਲੇ ਦੀ ਜਾਂਚ ਲਈ 2 ਵੱਖ-ਵੱਖ ਆਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਗਲਵਾਰ ਰਾਤ ਨੂੰ ਹਸਪਤਾਲ 'ਚ ਦਾਖਲ 2 ਪੁਰਸ਼ਾਂ ਅਤੇ ਤਿੰਨ ਔਰਤਾਂ ਦੀ ਕੁਝ ਘੰਟਿਆਂ ਦੇ ਅੰਤਰਾਲ 'ਚ ਮੌਤ ਹੋ ਗਈ। ਮ੍ਰਿਤਕ ਮਰੀਜ਼ਾਂ ਦੇ ਰਿਸ਼ਤੇਦਾਰਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਕੋਈ ਟੀਕਾ ਲਗਾਇਆ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਸ਼ੁਕਰਾ ਮਾਝੀ, ਰੁਕੁਨੀ ਪੇਂਤੀਆ, ਫੂਲਮਤੀ ਮਾਝੀ, ਭਗਵਾਨ ਪਰਿਜਾ ਅਤੇ ਬਤੀ ਖਾਰਾ ਵਜੋਂ ਹੋਈ ਹੈ। ਹਸਪਤਾਲ ਦੇ ਸੁਪਰਡੈਂਟ ਸੁਸ਼ਾਂਤ ਕੁਮਾਰ ਸਾਹੂ ਨੇ ਕਿਹਾ ਕਿ ਮਾਮਲੇ ਦੀ ਵਿਭਾਗੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ,÷ਅਸੀਂ ਸਾਰੇ ਵਿਭਾਗ ਮੁਖੀਆਂ ਦੀ ਮੀਟਿੰਗ ਬੁਲਾਈ ਹੈ। ਮੰਗਲਵਾਰ ਰਾਤ ਨੂੰ ਮਰਨ ਵਾਲੇ ਮਰੀਜ਼ਾਂ ਨੂੰ ਗੰਭੀਰ ਹਾਲਤ 'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਪਹਿਲੀ ਨਜ਼ਰੇ ਇਹ ਨਹੀਂ ਲੱਗਦਾ ਕਿ ਮੌਤ ਕਿਸੇ ਗਲਤ ਟੀਕੇ ਕਾਰਨ ਹੋਈ ਹੈ। ਹਾਲਾਂਕਿ, ਅਸੀਂ ਦੋਸ਼ਾਂ ਦੀ ਜਾਂਚ ਕਰਾਂਗੇ।÷ ਸਾਹੂ ਨੇ ਕਿਹਾ ਕਿ ਇੰਟੈਂਸਿਵ ਕੇਅਰ ਯੂਨਿਟ (ਆਈਸੀਯੂ) 'ਚ ਦਾਖ਼ਲ ਮਰੀਜ਼ਾਂ ਦੀ ਹਾਲਤ ਗੰਭੀਰ ਸੀ ਅਤੇ ਉਨ੍ਹਾ ਨੂੰ ਡਿੱਗਦੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਟੀਕਾ ਲਗਾਇਆ ਗਿਆ ਸੀ। ਉਨ੍ਹਾਂ ਕਿਹਾ ਕਿ 5 ਮ੍ਰਿਤਕ ਮਰੀਜ਼ਾਂ 'ਚੋਂ 2 ਦੇ ਪੇਟ 'ਚ ਸੱਟ ਸੀ, ਜਦੋਂ ਕਿ ਇਕ ਹੋਰ ਦੇ ਲੀਵਰ 'ਚ ਛੇਕ ਸੀ। ਉਨ੍ਹਾਂ ਕਿਹਾ,"ਸਾਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਮੌਤ ਖ਼ੂਨ ਵਗਣ ਅਤੇ ਸੈਪਟੀਸੀਮੀਆ ਕਾਰਨ ਹੋਈ ਹੈ। ਚੌਥੇ ਮਰੀਜ਼ ਦਾ ਚੌਥੀ ਸਟੇਜ ਦੇ ਕੈਂਸਰ ਦਾ ਇਲਾਜ ਕੀਤਾ ਜਾ ਰਿਹਾ ਸੀ ਅਤੇ 5ਵਾਂ ਮਰੀਜ਼ ਹਾਦਸੇ ਦਾ ਸ਼ਿਕਾਰ ਹੋਇਆ ਸੀ, ਜਿਸ ਨੂੰ ਜੈਪੁਰ ਤੋਂ ਰੈਫਰ ਕੀਤਾ ਗਿਆ ਸੀ।" ਮੈਡੀਕਲ ਸਿੱਖਿਆ ਅਤੇ ਸਿਖਲਾਈ ਡਾਇਰੈਕਟਰ (ਡੀਐੱਮਈਡੀ) ਸੰਤੋਸ਼ ਮਿਸ਼ਰਾ ਨੇ ਵੀ ਦੋਸ਼ਾਂ ਦੀ ਜਾਂਚ ਦੇ ਵੱਖ ਤੋਂ ਆਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਬ੍ਰਹਮਾਪੁਰ ਦੇ ਐੱਮਕੇਸੀਜੀ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਤਿੰਨ ਅਤੇ ਕਟਕ ਦੇ ਐੱਸਸੀਬੀ ਮੈਡੀਕਲ ਕਾਲਜ ਹਸਪਤਾਲ ਦੇ 2 ਡਾਕਟਰਾਂ ਵਾਲੀ 5 ਮੈਂਬਰੀ ਟੀਮ ਦੋਸ਼ਾਂ ਦੀ ਜਾਂਚ ਕਰੇਗੀ। ਮਿਸ਼ਰਾ ਨੇ ਕਿਹਾ,"ਟੀਮ ਨੂੰ ਵੀਰਵਾਰ ਤੱਕ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ।'

## ਬੈਂਗਲੁਰੂ ਪੁਲਿਸ ਨੇ ਆਰਸੀਬੀ ਦੇ ਸੀਨੀਅਰ ਅਧਿਕਾਰੀ ਸੋਸਲੇ ਨੂੰ ਗ੍ਰਿਫਤਾਰ ਕੀਤਾ

**ਪਤਰ ਪਰੇਰਕ ਵਿਸ਼ੇਸ਼**

ਬੈਂਗਲੁਰੂ,6 ਜੂਨ। ਬੈਂਗਲੁਰ ਪੁਲਿਸ ਨੇ ਰਾਇਲ ਚੈਲੰਜਰਜ਼ ਬੈਂਗਲੂਰੂ ਦੇ ਸੀਨੀਅਰ ਅਧਿਕਾਰੀ ਨਿਖਿਲ ਸੋਸਲੇ ਨੂੰ ਗ੍ਰਿਫਤਾਰ ਕੀਤਾ ਹੈ, ਜੋ ਕਿ ਬੁੱਧਵਾਰ ਨੂੰ ਆਈਪੀਐਲ 2025 ਦੀ ਜਿੱਤ ਦਾ ਜਸ਼ਨ ਮਨਾਉਣ ਲਈ ਆਯੋਜਿਤ ਇੱਕ ਸਮਾਗਮ ਦੌਰਾਨ ਹੋਈ ਭੀੜਭੜੱਕੇ ਵਿੱਚ 11 ਲੋਕਾਂ ਦੀ ਮੌਤ ਅਤੇ ਕਈ ਹੋਰਾਂ ਦੇ ਜ਼ਖਮੀ ਹੋਣ ਦੇ ਸਬੰਧ ਵਿੱਚ ਹੈ। ਕਰਨਾਟਕ ਸਰਕਾਰ ਵੱਲੋਂ ਵੀਰਵਾਰ ਨੂੰ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕਰਨ ਅਤੇ ਸੀਮੰਥ ਕੁਮਾਰ ਸਿੰਘ ਨੂੰ ਨਵਾਂ ਕਮਿਸ਼ਨਰ ਨਿਯੁਕਤ ਕਰਨ ਤੋਂ ਬਾਅਦ ਇਹ ਗ੍ਰਿਫਤਾਰੀ ਕੀਤੀ ਗਈ। ਬੈਂਗਲੁਰੂ ਪੁਲਿਸ ਨੇ ਵੀਰਵਾਰ ਨੂੰ ਦਰਜ ਕੀਤੀ ਗਈ ਆਪਣੀ ਐਫਆਈਆਰ ਵਿੱਚ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਆਰਸੀਬੀ ਨੂੰ ਐਮ. ਚਿੰਨਾਸਵਾਮੀ ਸਟੇਡੀਅਮ ਵਿਖੇ ਵਿਕਟਰੀ ਪਰੇਡ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ, ਜਿਸ ਦੇ ਆਸਪਾਸ ਭੀੜਭੜੱਕੇ ਕਾਰਨ ਜਾਨੀ ਨੁਕਸਾਨ ਹੋਇਆ। ਆਰਸੀਬੀ ਨੂੰ ਪਹਿਲੇ ਦੋਸ਼ੀ ਵਜੋਂ ਸੂਚੀਬੱਧ ਕੀਤਾ ਗਿਆ ਸੀ, ਨਾਲ ਹੀ ਫਰੈਂਚਾਇਜ਼ੀ ਦੇ ਇਵੈਂਟ ਸਾਥੀ ਡੀਐਨਏ ਐਂਟਰਟੇਨਮੈਂਟ ਅਤੇ ਕਰਨਾਟਕ ਸਟੇਟ ਕ੍ਰਿਕਟ ਐਸੋਸੀਏਸ਼ਨ (ਕੇਐਸਸੀਏ), ਜੋ ਸਟੇਡੀਅਮ ਪਰਿਸਰ ਦੀ ਜ਼ਿੰਮੇਵਾਰੀ ਸੰਭਾਲਦੀ ਹੈ, ਨੂੰ ਵੀ ਸ਼ਾਮਲ ਕੀਤਾ ਗਿਆ। ਬੈਂਗਲੂਰੂ ਪੁਲਿਸ ਦੇ ਅਨੁਸਾਰ, ਅਧਿਕਾਰੀ 4 ਜੂਨ ਨੂੰ ਸਵੇਰੇ 5:30 ਵਜੇ ਤੱਕ ਸਟੇਡੀਅਮ ਦੇ ਆਸਪਾਸ ਡਿਊਟੀ 'ਤੇ ਸਨ, ਜੋ ਕਿ ਆਰਸੀਬੀ ਦੀ ਆਈਪੀਐਲ ਫਾਈਨਲ ਜਿੱਤ ਤੋਂ ਅਗਲੇ ਦਿਨ ਸੀ, ਅਤੇ ਇੱਕ ਹੋਰ ਵੱਡੀ ਭੀੜ ਨੂੰ ਸੰਭਾਲਣ ਦੀ ਮੁਸ਼ਕਲ ਕਾਰਨ ਇਵੈਂਟ ਦੀ ਇਜਾਜ਼ਤ ਨਕਾਰ ਦਿੱਤੀ ਗਈ ਸੀ।



ਐਫਆਈਆਰ ਵਿੱਚ ਕਿਹਾ ਗਿਆ, "ਇਸ ਦੇ ਬਾਵਜੂਦ, ਕੇਐਸਸੀਏ, ਆਰਸੀਬੀ ਅਤੇ ਡੀਐਨਏ ਨੇ ਪੁਲਿਸ ਦੀਆਂ ਹਦਾਇਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਇਵੈਂਟ ਜਾਰੀ ਰੱਖਿਆ। ਪੁਲਿਸ ਦੇ ਅਨੁਸਾਰ, ਆਰਸੀਬੀ ਨੇ 4 ਜੂਨ ਨੂੰ ਬਿ Hemp://www.example.com/ ਕਿਸੇ ਅਧਿਕਾਰਤ ਇਜਾਜ਼ਤ ਦੇ ਆਪਣੇ ਸੋਸ਼ਲ ਮੀਡੀਆ ਅਤੇ ਵੈਬਸਾਈਟ 'ਤੇ ਜਸ਼ਨ ਅਤੇ ਵਿਕਟਰੀ ਪਰੇਡ ਦਾ ਐਲਾਨ ਕੀਤਾ, ਜਿਸ ਵਿੱਚ ਪ੍ਰਸ਼ੰਸਕਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ। ਜਦੋਂ ਇਹ ਖਬਰ ਟੀਵੀ ਚੈਨਲਾਂ ਅਤੇ ਸੋਸ਼ਲ ਮੀਡੀਆ 'ਤੇ ਫੈਲੀ, ਤਾਂ ਅਸੀਂ (ਪੁਲਿਸ) ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ ਅਤੇ ਸੁਰੱਖਿਆ ਅਤੇ ਜ਼ਰੂਰੀ ਪ੍ਰਬੰਧਾਂ ਦੀ ਮੰਗ ਕੀਤੀ। ਪੁਲਿਸ ਦੇ ਅਨੁਸਾਰ, ਆਰਸੀਬੀ ਵੱਲੋਂ ਆਪਣੇ ਸੋਸ਼ਲ ਮੀਡੀਆ ਚੈਨਲਾਂ 'ਤੇ ਮੁਫਤ ਐਂਟਰੀ ਪਾਸ ਪੋਸਟ ਕਰਨ ਨੇ ਸਥਿਤੀ ਨੂੰ ਹੋਰ ਵਿਗੜ ਦਿੱਤਾ, ਕਿਉਂਕਿ ਫਰੈਚਾਇਜ਼ੀ ਨੇ ਪੁਲਿਸ ਜਾਂ ਜਨਤਾ ਨੂੰ ਪਾਸ ਵੰਡਣ ਦੇ ਤਰੀਕੇ ਬਾਰੇ ਨਹੀਂ ਦੱਸਿਆ, ਜਿਸ ਕਾਰਨ ਬਾਹਰ ਇਕੱਠੇ ਹੋਏ ਪ੍ਰਸ਼ੰਸਕਾਂ ਵਿੱਚ ਉਲਝਣ ਪੈਦਾ ਹੋਈ। ਗ੍ਰਿਫਤਾਰੀ ਤੋਂ ਬਾਅਦ ਫਰੈਂਚਾਇਜ਼ੀ ਵੱਲੋਂ ਕੋਈ ਅਧਿਕਾਰਤ ਬਿਆਨ ਜਾਂ ਪ੍ਰਤੀਕਿਰਿਆ ਨਹੀਂ ਆਈ ਹੈ। ਵੀਰਵਾਰ ਸ਼ਾਮ ਨੂੰ, ਸੂਬਾ ਸਰਕਾਰ ਅਤੇ ਆਰਸੀਬੀ, ਜੋ ਕਿ ਸ਼ਰਾਬ ਦੀ ਦਿੱਗਜ ਕੰਪਨੀ ਡਾਇਜੀਓ ਦੀ ਮਲਕੀਅਤ ਹੈ, ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ 10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ, ਜਦਕਿ ਜ਼ਖਮੀਆਂ ਦੇ ਸਾਰੇ ਮੈਡੀਕਲ ਖਰਚੇ ਵੀ ਉਠਾਉਣ ਦਾ ਵਾਅਦਾ ਕੀਤਾ। ਈਐਸਪੀਐਨਕ੍ਰਿਕਇੰਫੋ ਨੇ ਸੋਸਲੇ ਅਤੇ ਆਰਸੀਬੀ ਤੋਂ ਟਿੱਪਣੀ ਲਈ ਸੰਪਰਕ ਕੀਤਾ ਹੈ।

## ਸਰਕਾਰੀ ਬੈਂਕ 'ਚੋਂ 52 ਕਰੋੜ ਦਾ ਸੋਨਾ ਗਾਇਬ

ਬੈਂਗਲੂਰੂ 6 ਜੂਨ। ਕਰਨਾਟਕ ਦੇ ਵਿਜੇਪੁਰਾ ਜ਼ਿਲ੍ਹੇ ਵਿੱਚ ਇੱਕ ਬੈਂਕ ਵਿੱਚੋਂ 52 ਕਰੋੜ ਰੁਪਏ ਦਾ ਸੋਨਾ ਚੋਰੀ ਹੋ ਗਿਆ। ਇਹ ਦੇਸ਼ ਵਿੱਚ ਸੋਨੇ ਦੀਆਂ ਸਭ ਤੋਂ ਵੱਡੀਆਂ ਚੋਰੀਆਂ ਵਿੱਚੋਂ ਇੱਕ ਹੈ। ਚੋਰਾਂ ਨੇ ਕੈਨਰਾ ਬੈਂਕ ਦੀ ਇੱਕ ਸ਼ਾਖਾ ਤੋਂ ਸੋਨਾ ਚੋਰੀ ਕੀਤਾ ਹੈ। ਇਹ ਘਟਨਾ ਮਈ ਦੇ ਆਖਰੀ ਹਫ਼ਤੇ ਵਾਪਰੀ। ਪੁਲਸ ਅਜੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਸ ਨੇ ਦੱਸਿਆ ਕਿ ਚੋਰੀ 23 ਮਈ ਨੂੰ ਵਿਜੇਪੁਰਾ ਜ਼ਿਲ੍ਹੇ ਦੇ ਮੰਗੁਲੀ ਵਿੱਚ ਕੈਨਰਾ ਬੈਂਕ ਦੀ ਸ਼ਾਖਾ ਵਿੱਚ ਹੋਈ ਸੀ। ਪਰ ਇਹ ਘਟਨਾ 26 ਮਈ ਨੂੰ ਸਾਹਮਣੇ ਆਈ। ਜਦੋਂ ਬੈਂਕ ਕਰਮਚਾਰੀ ਕੰਮ 'ਤੇ ਵਾਪਸ ਆਏ। ਚੋਰ 51 ਕਿਲੋ ਸੋਨੇ ਦੇ ਗਹਿਣੇ ਲੈ ਗਏ। ਪੁਲਸ ਅਜੇ ਤੱਕ ਇਹ ਪਤਾ ਨਹੀਂ ਲਗਾ ਸਕੀ ਹੈ ਕਿ ਚੋਰ ਸੋਨਾ ਕਿਵੇਂ ਚੋਰੀ ਕਰ ਕੇ ਲੈ ਗਏ? ਵਿਜੇਪੁਰਾ ਦੇ ਐਸਪੀ ਲਕਸ਼ਮਣ ਨਿੰਬਰਗੀ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਸੋਨੇ ਦੇ ਗਹਿਣੇ 23 ਮਈ ਨੂੰ ਸ਼ਾਮ 6 ਵਜੇ ਤੋਂ 25 ਮਈ ਨੂੰ ਸਵੇਰੇ 11.30 ਵਜੇ ਦੇ ਵਿਚਕਾਰ ਚੋਰੀ ਹੋਏ ਸਨ। ਉਨ੍ਹਾਂ ਕਿਹਾ ਕਿ ਅਸੀਂ ਮੁਲਜ਼ਮਾਂ ਨੂੰ ਫੜਨ ਲਈ ਅੱਠ ਟੀਮਾਂ ਬਣਾਈਆਂ ਹਨ। ਸਾਨੂੰ ਸ਼ੱਕ ਹੈ ਕਿ ਚੋਰੀ ਵਿੱਚ 6 ਤੋਂ 8 ਲੋਕ ਸ਼ਾਮਲ ਸਨ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਡਕੈਤੀ ਪਹਿਲਾਂ ਤੋਂ ਯੋਜਨਾਬੱਧ ਸੀ। ਚੋਰ ਡਕੈਤੀ ਨੂੰ ਅੰਜਾਮ ਦੇਣ ਲਈ ਲੰਬੇ ਵੀਕਐਂਡ ਦੀ ਉਡੀਕ ਕਰ ਰਹੇ ਸਨ। ਕਿਉਂਕਿ ਡਕੈਤੀ ਦਾ ਦਿਨ ਦੂਜਾ ਸ਼ਨੀਵਾਰ ਅਤੇ ਐਤਵਾਰ ਸੀ। ਅਧਿਕਾਰੀ ਨੇ ਕਿਹਾ ਕਿ ਚੋਰ ਨੇ ਬੈਂਕ ਵਿੱਚ ਦਾਖਲ ਹੋਣ ਲਈ ਨਕਲੀ ਚਾਬੀਆਂ ਦੀ ਵਰਤੋਂ ਕੀਤੀ। ਉਨ੍ਹਾਂ ਨੇ ਅਲਾਰਮ ਬੰਦ ਕਰ ਦਿੱਤਾ। ਉਨ੍ਹਾਂ ਨੇ ਸੀਸੀਟੀਵੀ ਕੈਮਰੇ ਵੀ ਬੰਦ ਕਰ ਦਿੱਤੇ। ਉਨ੍ਹਾਂ ਨੇ ਨੈੱਟਵਰਕ ਵੀਡੀਓ ਰਿਕਾਰਡਰ (ਐਨਵੀਆਰ) ਵੀ ਨਾਲ ਲੈ ਗਏ। ਉਨ੍ਹਾਂ ਨੇ ਸਿਰਫ਼ ਬੈਂਕ ਦੇ ਲਾਕਰ ਖੋਲ੍ਹੇ ਅਤੇ ਸੋਨਾ ਲੈ ਕੇ ਭੱਜ ਗਏ। ਵਿਜੇਪੁਰਾ ਪੁਲਸ ਨੇ ਕਿਹਾ ਕਿ ਡਕੈਤੀ ਤੋਂ ਬਾਅਦ, ਮੁਲਜ਼ਮਾਂ ਨੇ ਇੱਕ ਕਾਲੀ ਗੁੱਡੀ ਰੱਖੀ। ਅਜਿਹਾ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਨੇ ਅਪਰਾਧ ਵਾਲੀ ਥਾਂ 'ਤੇ ਕੋਈ ਰਸਮ ਨਿਭਾਈ ਹੋਵੇ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕਰਨਾਟਕ ਵਿੱਚ ਕਿਸੇ ਬੈਂਕ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਪਿਛਲੇ ਸਾਲ 28 ਅਕਤੂਬਰ ਨੂੰ, ਇੱਕ ਗਿਰੋਹ ਨੇ ਦਾਵਣਗੇਰੇ ਜ਼ਿਲ੍ਹੇ ਦੇ ਨਿਆਮਤੀ ਕਸਬੇ ਵਿੱਚ ਸਟੇਟ ਬੈਂਕ ਆਫ਼ ਇੰਡੀਆ (ਐਸਬੀਆਈ) ਦੀ ਸ਼ਾਖਾ ਤੋਂ 13 ਕਰੋੜ ਰੁਪਏ ਦੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਇਹ ਜਗ?ਹਾ ਬੰਗਲੂਰੂ ਤੋਂ 325 ਕਿਲੋਮੀਟਰ ਦੂਰ ਹੈ। ਦਾਵਣਗੇਰੇ ਪੁਲਸ ਨੇ ਬਾਅਦ ਵਿੱਚ ਇਸ ਅਪਰਾਧ ਵਿੱਚ ਸ਼ਾਮਲ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਸਾਲ 17 ਜਨਵਰੀ ਨੂੰ ਮੰਗਲੂਰੂ ਦੇ ਕੋਟੇਕਰ ਵਿਖੇ ਵਿਆਸਾਈ ਸੇਵਾ ਸਹਿਕਾਰੀ ਸੰਘ ਬੈਂਕ ਤੋਂ ਇੱਕ ਗਿਰੋਹ ਨੇ 12 ਕਰੋੜ ਰੁਪਏ ਦਾ ਸੋਨਾ ਲੁੱਟ ਲਿਆ। ਪੁਲਸ ਨੇ ਇਸ ਡਕੈਤੀ ਦੇ ਸਬੰਧ ਵਿੱਚ ਛੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

### NGT ਨੇ ਪੰਜਾਬ ਸਰਕਾਰ ਨੂੰ ਦਰਖ਼ਤਾਂ ਦੀ ਸੁਰੱਖਿਆ ਨੀਤੀ ਨੂੰ ਹੋਰ ਮਜ਼ਬੂਤ ਕਰਨ ਦੇ ਦਿੱਤੇ ਆਦੇਸ਼

ਚੰਡੀਗੜ੍ਹ 6 ਜੂਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ (NGT) ਨੇ ਪੰਜਾਬ ਸਰਕਾਰ ਨੂੰ ਦਰੱਖਤਾਂ ਦੀ ਸੁਰੱਖਿਆ ਨੀਤੀ ਨੂੰ ਹੋਰ ਮਜ਼ਬੂਤ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਫੈਸਲਾ ਜਲੰਧਰ ਦੀ ਇੱਕ ਰਹਾਇਸ਼ੀ ਕਾਲੋਨੀ ਵਿੱਚ ਦਰੱਖਤਾਂ ਦੀ ਗੈਰਕਾਨੂੰਨੀ ਕਟਾਈ ਮਗਰੋਂ ਦਰਜ ਹੋਈ ਸ਼ਿਕਾਇਤ 'ਤੇ ਸੁਣਵਾਈ ਦੌਰਾਨ ਲਿਆ ਗਿਆ। 2024÷ ਦੀ ਸਮੀਖਿਆ ਕਰਦਿਆਂ ਪਤਾ ਲਗਾਇਆ ਕਿ ਇਹ ਨੀਤੀ ਨਿੱਜੀ ਜ਼ਮੀਨ 'ਤੇ ਦਰੱਖਤਾਂ ਦੀ ਰੱਖਿਆ ਨਹੀਂ ਕਰਦੀ, ਜਿਸ ਕਾਰਨ ਗੈਰ ਕਾਨੂੰਨੀ ਕਟਾਈ ਨੂੰ ਰੋਕਣ ਵਿੱਚ ਰੁਕਾਵਟ ਆ ਰਹੀ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਸਕੱਤਰ ਨੇ ਮੰਨਿਆ ਕਿ ਸੂਬੇ 'ਚ ਦਰੱਖਤਾਂ ਦੀ ਗੈਰਕਾਨੂੰਨੀ ਕਟਾਈ ਨੂੰ ਰੋਕਣ ਲਈ ਫਿਲਹਾਲ ਕੋਈ ਢੁਕਵਾਂ ਕਾਨੂੰਨੀ ਢਾਂਚਾ ਨਹੀਂ ਹੈ। ਉਨ੍ਹਾਂ ਨੇ ਅਗਲੇ ਛੇ ਮਹੀਨਿਆਂ 'ਚ ਇੱਕ ਵਿਸਥਾਰਤ ਬਿੱਲ ਤਿਆਰ ਕਰਕੇ ਵਿਧਾਨ ਸਭਾ ਵਿੱਚ ਪੇਸ਼ ਕਰਨ ਦਾ ਭਰੋਸਾ ਦਿਵਾਇਆ ਹੈ। ਸ਼ਿਕਾਇਤਕਰਤਾ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਦਰੱਖਤਾਂ ਦੀ ਕਟਾਈ ਬਾਰੇ ਦਰਜ ਹੋਈਆਂ ਸ਼ਿਕਾਇਤਾਂ ਲਈ ਕੋਈ ਔਪਚਾਰਿਕ ਮਕੈਨਿਜ਼ਮ ਨਹੀਂ ਹੈ। ਇਸ ਤੋਂ ਇਲਾਵਾ ਸ਼ਿਕਾਇਤ 'ਚ ਸ਼ਹਿਰੀ ਖੇਤਰਾਂ ਵਿੱਚ ਦਰੱਖਤਾਂ ਦੀ ਘੱਟ ਗਿਣਤੀ ਬਾਰੇ ਵੀ ਦੱਸਿਆ ਗਿਆ ਹੈ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਹਨੇਰੀ-ਤੂਫ਼ਾਨ ਕਾਰਨ ਟੁੱਟੇ ਦਰੱਖਤਾਂ ਦੀ ਭਰਪਾਈ ਲਈ ਵੀ ਕੋਈ ਪ੍ਰਣਾਲੀ ਨਹੀਂ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਮੁੱਖ ਸਕੱਤਰ ਨੂੰ ਇਹ ਸਾਰੇ ਮੁੱਦੇ ਵਿਚਾਰਧੀਨ ਲੈਣ ਅਤੇ 10 ਅਕਤੂਬਰ ਨੂੰ ਹੋਣ ਵਾਲੀ ਅਗਲੀ ਸੁਣਵਾਈ ਤੋਂ ਪਹਿਲਾਂ ਕਾਰਵਾਈ ਦੀ ਰਿਪੋਰਟ ਪੇਸ਼ ਕਰਨ ਦੇ ਆਦੇਸ਼ ਦਿੱਤੇ ਹਨ।

## ਡਾ. ਅੰਬੇਡਕਰ ਦੀ ਤਸਵੀਰ ਨੂੰ ਆਪਣੇ ਰਾਜਨੀਤਿਕ ਲਾਭ ਲਈ ਵਰਤਿਆ ਗਿਆ : ਵਾਲਮੀਕਿ ਸਮਾਜ

**ਪਤਰ ਪਰੇਰਕ**

ਜਲੰਧਰ 6 ਜੂਨ। ਝਾੜੂ ਨੂੰ ਚੋਣ ਨਿਸ਼ਾਨ ਬਣਾਉਣ ਵਾਲੀ ਪਾਰਟੀ ਸਭ ਤੋਂ ਵਧੇਰੇ ਨੁਕਸਾਨ ਵੀ ਉਸੇ ਕੌਮ ਦਾ ਕਰ ਰਹੀ ਹੈ ਜਿਸ ਦੀ ਵੋਟ ਬਟੋਰਨ ਦੇ ਲਈ ਇਹ ਚੋਣ ਨਿਸ਼ਾਨ ਬਣਾਇਆ ਗਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਭਗਵਾਨ ਵਾਲਮੀਕਿ ਆਸ਼ਰਮ ਸ਼ਕਤੀ ਨਗਰ ਜਲੰਧਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਵਾਲਮੀਕਿ ਸਮਾਜ ਦੇ ਸੰਤਾਂ ਤੇ ਆਗੂਆਂ ਨੇ ਕੀਤਾ। ਇਸ ਮੌਕੇ ਬਾਬਾ ਮਲਕੀਤ ਨਾਥ ਧੂੰਨਾ ਸਾਹਿਬ ਪਾਵਨ ਵਾਲਮੀਕਿ ਤੀਰਥ ਅੰਮ੍ਰਿਤਸਰ, ਬਾਬਾ ਗਿਰਧਾਰੀ ਨਾਥ ਗਿਆਨ ਆਸ਼ਰਮ ਪਾਵਨ ਵਾਲਮੀਕਿ ਤੀਰਥ ਅੰਮ੍ਰਿਤਸਰ, ਧਰਮਦੂਤ ਦਰਸ਼ਨ 'ਰਤਨ' ਰਾਵਣ ਵਾਲਮੀਕਿ ਉਪਵਨ ਸੁਭਾਨਪੁਰ, ਵੀਰ ਵਿਪਨ ਸੱਭਰਵਾਲ ਚੇਅਰਮੈਨ ਭਗਵਾਨ ਵਾਲਮੀਕਿ ਸ਼ਕਤੀ ਆਸ਼ਰਮ ਜਲੰਧਰ, ਵੀਰ ਓਮ ਪ੍ਰਕਾਸ਼ ਗੱਬਰ, ਚੇਅਰਮੈਨ ਧੂਨਾ ਸਾਹਿਬ ਟਰੱਸਟ, ਬਾਬਾ ਮਹਾਨਾਥ ਜੀ ਵਾਲਮੀਕਿ ਧਰਮ ਪ੍ਰਚਾਰਕ, ਵੀਰੋਤਮ ਵਿਸ਼ਨ ਦਾਸ ਸਹੋਤਾ ਵਾਲਮੀਕਿ ਧਰਮ ਪ੍ਰਚਾਰਕ ਵੀਰ ਰਾਜੀਵ ਗੋਰਾ ਉਪ ਚੇਅਰਮੈਨ ਭਗਵਾਨ ਵਾਲਮੀਕਿ ਆਸ਼ਰਮ, ਸਮੂਹਿਕ ਰੂਪ ਨਾਲ ਵਾਲਮੀਕਿ ਕੌਮ ਦੇ ਲਈ ਆਪਣੀ ਚਿੰਤਾ ਪ੍ਰਗਟਾਈ। ਆਮ ਆਦਮੀ ਪਾਰਟੀ ਨੇ ਨਾ ਸਿਰਫ਼ ਝਾੜੂ ਦੀ ਵਰਤੋਂ ਕੀਤੀ ਹੈ, ਸਗੋਂ ਇਸ ਤੋਂ ਵੀ ਅੱਗੇ ਵਧ ਕੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਤਸਵੀਰ ਨੂੰ ਆਪਣੇ ਰਾਜਨੀਤਿਕ ਲਾਭ ਲਈ ਵਰਤਿਆ ਹੈ। ਇਸ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ। ਸਭ ਤੋਂ ਸ਼ਰਮਨਾਕ ਗੱਲ ਇਹ ਹੈ ਕਿ ਦਿੱਲੀ ਤੇ ਪੰਜਾਬ ਤੋਂ 13 ਲੋਕਾਂ ਨੂੰ ਰਾਜ ਸਭਾ ਭੇਜਿਆ ਗਿਆ ਸੀ, ਜਿਨ੍ਹਾਂ 'ਚੋਂ ਇੱਕ ਵੀ ਦਲਿਤ ਨਹੀਂ ਸੀ। ਕਲਪਨਾ ਕਰੋ ਕਿ ਜੇਕਰ ਰਾਖਵਾਂਕਰਨ ਨਾ ਹੁੰਦਾ ਤਾਂ ਇਹ ਪਾਰਟੀ ਸਾਡੇ ਨਾਲ ਕੀ ਕਰਦੀ? ਇਸਨੂੰ ਬਹੁਤ ਸ਼ਰਮਨਾਕ ਅਤੇ ਕੂਟਨੀਤਕ ਵੀ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ,



ਪਵਿੱਤਰ ਵਾਲਮੀਕਿ ਤੀਰਥ ਦੇ ਸ਼ਰਾਈਨ ਬੋਰਡ ਨੂੰ ਬਣਾਉਂਦੇ ਸਮੇਂ, ਮਰਿਆਦਾ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਗਈ ਜਦੋਂ ਵਾਲਮੀਕਿ ਤੀਰਥ ਦੇ ਸ਼ਰਾਈਨ ਬੋਰਡ ਵਿੱਚ ਵਾਲਮੀਕਿ ਭਾਈਚਾਰੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਸਾਡੀ ਮੰਗ ਹੈ ਕਿ ਵਾਲਮੀਕਿ ਤੀਰਥ ਦੇ ਸ਼ਰਾਈਨ ਬੋਰਡ ਨੂੰ ਤੁਰੰਤ ਭੰਗ ਕੀਤਾ ਜਾਵੇ ਅਤੇ ਨਵੇਂ ਬੋਰਡ ਵਿੱਚ, ਵਾਲਮੀਕਿ ਭਾਈਚਾਰੇ ਦੇ ਰਾਜਨੀਤਿਕ ਲੋਕਾਂ ਨੂੰ ਹੀ ਨਹੀਂ ਬਲਕਿ ਵਾਲਮੀਕਿ ਧਰਮ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ। ਐਡਵੋਕੇਟ ਜਨਰਲ ਦਫ਼ਤਰ ਵੱਲੋਂ 16-04-2025 ਨੂੰ ਜਾਰੀ ਕੀਤੇ ਗਏ ਇੱਕ ਇਸ਼ਤਿਹਾਰ ਦੇ ਅਨੁਸਾਰ, ਜਿਨ੍ਹਾਂ ਵੱਖ-ਵੱਖ ਥਾਵਾਂ ਨੂੰ ਬਾਹਰ ਕੱਢਿਆ ਗਿਆ ਸੀ, ਉਨ੍ਹਾਂ ਵਿੱਚੋਂ, ਖਾਸ ਕਰਕੇ ਵਾਲਮੀਕਿ/ਧਾਰਮਿਕ ਭਾਈਚਾਰੇ ਨੂੰ ਪੂਰੀ ਜਗ?ਹਾ ਨਹੀਂ ਦਿੱਤੀ ਗਈ। ਉਦਾਹਰਣ ਵਜੋਂ, ਸਹਾਇਕ ਐਡਵੋਕੇਟ ਜਨਰਲ ਦੀਆਂ 5 ਅਸਾਮੀਆਂ, ਐਡਵੋਕੇਟ ਜਨਰਲ ਦੀਆਂ 3 ਅਸਾਮੀਆਂ ਅਤੇ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਦੀ 1 ਅਹੁਦਾ ਖਾਲੀ ਛੱਡਿਆ ਗਿਆ ਸੀ। ਜਦੋਂ ਕਿ ਡਿਪਟੀ ਐਡਵੋਕੇਟ ਜਨਰਲ ਦੀਆਂ 7 ਅਸਾਮੀਆਂ ਹਨ ਅਤੇ ਇਹ ਸਾਰੀਆਂ ਖਾਲੀ ਛੱਡੀਆਂ ਗਈਆਂ ਸਨ। ਜਦੋਂ ਪੰਜਾਬ ਸਰਕਾਰ ਨੇ ਪੰਜਾਬ ਦੇ ਸਾਰੇ ਤੀਰਥ ਸਥਾਨਾਂ ਲਈ ਬੱਸ ਯਾਤਰਾ ਸ਼ੁਰੂ ਕੀਤੀ ਸੀ, ਤਾਂ ਵਾਲਮੀਕਿ ਤੀਰਥ ਦਾ ਨਾਮ ਇਸ ਵਿੱਚ ਸ਼ਾਮਲ ਨਹੀਂ ਸੀ। ਬਾਅਦ ਵਿੱਚ, ਲੋਕਾਂ ਦੇ ਇਤਰਾਜ਼ਾਂ ਕਾਰਨ, ਵਾਲਮੀਕਿ ਤੀਰਥ ਨੂੰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ, ਪਰ ਅੱਜ ਵੀ ਪਵਿੱਤਰ ਵਾਲਮੀਕਿ ਤੀਰਥ ਦੀ ਤਸਵੀਰ ਕਿਸੇ ਵੀ ਇਸ਼ਤਿਹਾਰ ਜਾਂ ਬੋਰਡ ਵਿੱਚ ਨਹੀਂ ਲਗਾਈ ਗਈ ਹੈ। ਕੀ ਇਹ ਧੋਖਾ ਹੈ ਜਾਂ ਜਾਤੀਵਾਦ, ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। ਵਾਲਮੀਕਿ ਸਮਾਜ ਨੇ ਕਿਹਾ ਕਿ ਸਾਡੀ ਮੰਗ ਹੈ ਕਿ ਵਾਲਮੀਕਿ ਤੀਰਥ ਬੋਰਡ ਦੇ ਸਾਰੇ ਗੈਰ-ਸਰਕਾਰੀ ਮੈਂਬਰ ਸਿਰਫ ਵਾਲਮੀਕਿ ਭਾਈਚਾਰੇ ਦੇ ਹੋਣੇ ਚਾਹੀਦੇ ਹਨ ਅਤੇ ਉਹ ਹੋਣੇ ਚਾਹੀਦੇ ਹਨ ਜਿਨ੍ਹਾਂ ਦੇ ਘਰਾਂ ਵਿੱਚ ਪਵਿੱਤਰ ਵਾਲਮੀਕਿ ਪ੍ਰਕਾਸ਼ ਦਿਵਸ 'ਤੇ ਦੀਪਮਾਲਾ ਹੁੰਦੀ ਹੈ। ਐਡਵੋਕੇਟ ਜਨਰਲ ਦਫ਼ਤਰ ਅਤੇ ਪੰਜਾਬ ਰਿਜ਼ਰਵੇਸ਼ਨ ਐਕਟ ਵੱਲੋਂ ਜਾਰੀ ਇਸ਼ਤਿਹਾਰ ਅਨੁਸਾਰ, ਸਾਰੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਬਾਕੀ ਵਿਭਾਗਾਂ ਵਿੱਚ ਵੀ ਅਜਿਹਾ ਹੀ ਕੀਤਾ ਜਾਣਾ ਚਾਹੀਦਾ ਹੈ।

### ਲਵ ਮੈਰਿਜ ਦਾ ਖੌਫ਼ਨਾਕ ਅੰਤ, ਪਤੀ ਨੇ ਪਤਨੀ ਨੂੰ ਦਿੱਤੀ ਰੂਹ ਕੰਬਾਊ ਮੌਤ

ਗੋਰਖਪੁਰ 6 ਜੂਨ। ਉੱਤਰ ਪ੍ਰਦੇਸ਼ 'ਚ ਗੋਰਖਪੁਰ ਜ਼ਿਲ੍ਹੇ ਦੇ ਸਹਿਜਨਵਾ ਇਲਾਕੇ 'ਚ ਇਕ ਵਿਅਕਤੀ ਨੇ ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਆਪਣੀ ਪਤਨੀ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕਰ ਦਿੱਤਾ ਅਤੇ ਬਾਅਦ 'ਚ ਪੁਲਸ ਸਟੇਸ਼ਨ ਜਾ ਕੇ ਆਤਮ ਸਮਰਪਣ ਕਰ ਦਿੱਤਾ। ਪੁਲਸ ਸੂਤਰਾਂ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਸੂਤਰਾਂ ਨੇ ਦੱਸਿਆ ਕਿ ਸਹਿਜਨਵਾ ਥਾਣਾ ਖੇਤਰ ਦੇ ਬਹਿਲਪਰ ਪਿੰਡ 'ਚ ਅੰਗਦ ਸ਼ਰਮਾ ਨਾਮ ਦੇ ਇਕ ਵਿਅਕਤੀ ਨੇ ਆਪਣੀ ਪਤਨੀ ਨੇਹਾ ਦਾ ਤੇਜ਼ਧਾਰ ਹਥਿਆਰ ਨਾਲ ਗਲਾ ਵੱਢ ਕੇ ਕਤਲ ਕਰ ਦਿੱਤਾ ਅਤੇ ਬਾਅਦ 'ਚ ਪੁਲਸ ਸਟੇਸ਼ਨ ਜਾ ਕੇ ਆਤਮ ਸਮਰਪਣ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਸ਼ਰਮਾ ਥਾਣੇ ਪਹੁੰਚਿਆ ਅਤੇ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪੁਲਸ ਮੌਕੇ 'ਤੇ ਪਹੁੰਚੀ ਤਾਂ ਨੇਹਾ ਦੀ ਖੂਨ ਨਾਲ ਲੱਥਪੱਥ ਲਾਸ਼ ਬਿਸਤਰ 'ਤੇ ਪਈ ਸੀ, ਜਿਸ ਤੋਂ ਬਾਅਦ ਸ਼ਰਮਾ ਨੂੰ ਹਿਰਾਸਤ 'ਚ ਲੈ ਲਿਆ ਗਿਆ। ਪੁਲਸ ਸੂਤਰਾਂ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਸ਼ਰਮਾ ਅਤੇ ਨੇਹਾ ਨੇ 2 ਸਾਲ ਪਹਿਲਾਂ ਆਪਣੇ ਪਰਿਵਾਰਾਂ ਦੀ ਮਰਜ਼ੀ ਖ਼?ਲਾਫ ਜਾ ਕੇ ਪ੍ਰੇਮ ਵਿਆਹ ਕੀਤਾ ਸੀ। ਉਨ੍ਹਾਂ ਦੱਸਿਆ ਕਿ ਸ਼ਰਮਾ ਨੂੰ ਸ਼ੱਕ ਸੀ ਕਿ ਨੇਹਾ ਦਾ ਕਿਸੇ ਹੋਰ ਵਿਅਕਤੀ ਨਾਲ ਨਾਜਾਇਜ਼ ਸੰਬੰਧ ਹੈ ਅਤੇ ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਹਮੇਸ਼ਾ ਝਗੜਾ ਹੁੰਦਾ ਸੀ। ਪੁਲਸ ਸੂਤਰਾਂ ਨੇ ਦੱਸਿਆ ਕਿ ਮੰਗਲਵਾਰ ਦੀ ਰਾਤ ਦੋਵਾਂ ਵਿਚਾਲੇ ਮੁੜ ਬਹਿਸ ਹੋਈ ਅਤੇ ਇਸੇ ਦੌਰਾਨ ਸ਼ਰਮਾ ਨੇ ਨੇਹਾ 'ਤੇ ਕਿਸੇ ਭਾਰੀ ਚੀਜ਼ ਨਾਲ ਹਮਲਾ ਕਰ ਦਿੱਤਾ ਅਤੇ ਫਿਰ ਗਲ?ਾ ਵੱਢ ਕੇ ਉਸ ਦਾ ਕਤਲ ਕਰ ਦਿੱਤਾ। ਵਧੀਕ ਪੁਲਸ ਸੁਪਰਡੈਂਟ-ਉੱਤਰੀ ਜਿਤੇਂਦਰ ਕੁਮਾਰ ਸ਼?ਰੀਵਾਸਤਵ ਨੇ ਦੱਸਿਆ ਕਿ ਨੇਹਾ ਦੇ ਪੇਕੇ ਦੇ ਲੋਕਾਂ ਦੀ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਇਕ ਐੱਫ.ਆਈ.ਆਰ. ਦਰਜ ਕੀਤੀ ਗਈ ਹੈ

### ਸੁਨੀਲ ਜਾਖੜ ਨੂੰ ਆਹ ਕੀ ਕਹਿ ਗਏ ਰਾਜਾ ਵੜਿੰਗ

ਚੰਡੀਗੜ੍ਹ 6 ਜੂਨ। ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵਲੋਂ ਅੱਜ ਪੰਜਾਬ ਕਾਂਗਰਸ ਭਵਨ ਵਿਖੇ ਸਾਰੇ ਹਲਕਿਆਂ ਦੇ ਕੋ-ਆਰਡੀਨੇਟਰਾਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੌਰਾਨ ਸਾਡਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਹੈ ਅਤੇ ਅਸੀਂ ਇਕ ਤਰਫ਼ਾ ਚੋਣ ਵੱਡੇ ਮਾਰਜਨ ਨਾਲ ਜਿੱਤਾਂਗੇ। ਰਾਜਾ ਵੜਿੰਗ ਨੇ ਸੁਨੀਲ ਜਾਖੜ 'ਤੇ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਇਨ੍ਹਾਂ ਨੂੰ ਦੁਬਾਰਾ ਸਵਿੱਟਜ਼ਰਲੈਂਡ ਭੇਜਣ ਦਾ ਕੰਮ ਕਰਾਂਗੇ। ਪਾਰਟੀ 'ਚ ਰਹਿ ਕੇ ਜਿਸ ਵਿਅਕਤੀ ਨੇ ਕਾਂਗਰਸ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ, ਉਸੇ ਤਰ੍ਹਾਂ ਦੀਆਂ ਸਾਜ਼ਿਸ਼ਾਂ ਉਹ ਅੱਜ ਵੀ ਰਚ ਰਹੇ ਹਨ। ਰਾਜਾ ਵੜਿੰਗ ਨੇ ਕਿਹਾ ਕਿ ਜਿਹੜੇ ਵਿਅਕਤੀ ਆਪਣੀਆਂ ਪਾਰਟੀਆਂ ਨਾਲ ਵਫ਼ਾਦਾਰ ਨਹੀਂ ਹਨ, ਉਹ ਖ਼ੁਦ ਨਾਲ ਵੀ ਵਫ਼ਾਦਾਰ ਨਹੀਂ ਹਨ। ਉਨ੍ਹਾਂ ਕਿਹਾ ਕਿ ਸੁਨੀਲ ਜਾਖੜ ਭਾਜਪਾ 'ਚ ਵੱਡਾ ਅਜਗਰ ਬਣ ਕੇ ਬੈਠਾ ਹੈ। ਆਸਤੀਨ ਦਾ ਸੱਪ ਦਾ ਜੇਕਰ ਡੰਗ ਮਾਰ ਦੇਵੇ ਤਾਂ ਬੰਦਾ ਫਿਰ ਵੀ ਬਚ ਜਾਂਦਾ ਹੈ, ਇਸੇ ਅਜਗਰ ਨੇ ਸਾਨੂੰ ਕੱਟਿਆ ਹੈ ਅਤੇ ਦੇਖ ਲਓ ਕਿ ਸਾਢੇ 3 ਸਾਲ ਦਾ ਸਾਡਾ ਹਾਲ ਕੀ ਹੈ। ਉਨ੍ਹਾਂ 'ਤੇ ਭਾਜਪਾ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਇਸ ਤਰ੍ਹਾਂ ਦਾ ਹੋਵੇ ਕਿ ਇਹ ਸਭ ਨੂੰ ਕੱਟ ਕੇ ਸਾਰਾ ਕੰਮ ਮੁਕਾ ਦੇਵੇ।

## ਹੁਣ ਪੰਜਾਬ 'ਚ ਨਸ਼ਾ ਸਮੱਗਲਰ ਹੋਣਗੇ 24 ਘੰਟੇ ਟਰੈਕ, ਪੰਜਾਬ ਪੁਲਸ ਅਪਣਾਏਗੀ ਇਹ ਸਖ਼ਤ ਸਿਸਟਮ

**ਪਤਰ ਪਰੇਰਕ**

ਜਲੰਧਰ/ਚੰਡੀਗੜ੍ਹ 5 ਜੂਨ। ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਕਿਹਾ ਹੈ ਕਿ ਪੰਜਾਬ ਨੂੰ ਪੂਰੀ ਤਰ੍ਹਾਂ ਨਸ਼ਾ ਮੁਕਤ ਬਣਾਉਣ ਲਈ ਹੁਣ ਜੀ.ਪੀ.ਐੱਸ. ਸਿਸਟਮ ਰਾਹੀਂ ਵੱਡੇ ਨਸ਼ਾ ਸਮੱਗਲਰਾਂ ਨੂੰ 24 ਘੰਟੇ ਟਰੈਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਪਰੋਕਤ ਪ੍ਰਣਾਲੀ ਜ਼ਮਾਨਤ 'ਤੇ ਜੇਲ੍ਹਾਂ ਵਿਚੋਂ ਬਾਹਰ ਆਏ ਨਸ਼ੀਲੇ ਪਦਾਰਥਾਂ ਦੇ ਸਮੱਗਲਰਾਂ ਨੂੰ ਟਰੈਕ ਕਰਨ ਲਈ ਅਪਣਾਈ ਜਾ ਰਹੀ ਹੈ, ਜਿਸ ਨਾਲ ਪੁਲਸ ਨੂੰ ਹੋਰ ਮਹੱਤਵਪੂਰਨ ਸੁਰਾਗ ਮਿਲਣਗੇ। ਉਨ੍ਹਾਂ ਦੱਸਿਆ ਕਿ ਭਾਰਤ-ਪਾਕਿ ਸਰਹੱਦ 'ਤੇ ਡਰੋਨ-ਆਧਾਰਿਤ ਨਸ਼ੀਲੇ ਪਦਾਰਥਾਂ, ਹਥਿਆਰਾਂ ਅਤੇ ਧਮਾਕਾਖੇਜ਼ ਸਮੱਗਰੀ ਦੀ ਸਮੱਗਲਿੰਗ ਨਾਲ ਨਜਿੱਠਣ ਲਈ ਉੱਨਤ ਐਂਟੀ-ਡਰੋਨ ਪ੍ਰਣਾਲੀਆਂ ਦੇ ਟ?ਰਾਇਲ ਕਰਨ ਉਪਰੰਤ ਪੰਜਾਬ ਸਰਕਾਰ ਨੇ ਇਸ ਉੱਨਤ ਪ੍ਰਣਾਲੀ ਨੂੰ ਸਥਾਪਿਤ ਕਰਨ ਸਬੰਧੀ ਆਰਡਰ ਦਿੱਤਾ ਹੈ। ਇਹ ਪ੍ਰਣਾਲੀਆਂ ਡਰੋਨਾਂ ਦਾ ਪਤਾ ਲਗਾਉਣ, ਪਛਾਣ ਕਰਨ ਅਤੇ ਬੇਅਸਰ ਕਰਨ ਲਈ ਤਿਆਰ ਕੀਤੀਆਂ ਗਈਆਂ ਹਨ, ਜਿਸ ਦਾ ਮਕਸਦ ਸਰਹੱਦ ਪਾਰੋਂ ਸਮੱਗਲਿੰਗ ਨੈੱਟਵਰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਸ਼ਟ ਕਰਨਾ ਹੈ। ਇਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵਾਰ-ਵਾਰ ਅਪਰਾਧ ਕਰਨ ਵਾਲੇ ਨਸ਼ਾ ਸਮੱਗਲਰਾਂ ਦੀ ਜ਼ਮਾਨਤ ਰੱਦ ਕਰਵਾਉਣ 'ਤੇ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਹੋਏ ਬੰਬ ਧਮਾਕੇ 'ਚ ਮਰਨ ਵਾਲੇ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ



ਅਤੇ ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਸ ਨੇ 8344 ਐੱਫ਼. ਆਈ. ਆਰਜ਼ ਦਰਜ ਕਰਕੇ 13,038 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ 1696 ਵੱਡੀਆਂ ਮੱਛੀਆਂ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੇ ਸਖ਼ਤੀ ਨਾਲ ਲਾਗੂ ਕੀਤੇ ਜਾਣ ਸਦਕਾ ਨਸ਼ਾ ਸਮੱਗਲਰਾਂ ਕੋਲੋਂ ਵੱਡੀ ਗਿਣਤੀ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ, ਜਿਨ੍ਹਾਂ 'ਚ 586 ਕਿੱਲੋਗ੍ਰਾਮ ਹੈਰੋਇਨ, 247 ਕਿੱਲੋਗ੍ਰਾਮ ਅਫ਼ੀਮ, 14 ਟਨ ਭੁੱਕੀ, 9 ਕਿੱਲੋਗ੍ਰਾਮ ਚਰਸ, 253 ਕਿੱਲੋਗ੍ਰਾਮ ਗਾਂਜਾ, 2.5 ਕਿੱਲੋਗ੍ਰਾਮ ਆਈਸ, 1.6 ਕਿੱਲੋਗ੍ਰਾਮ ਕੋਕੀਨ, 25.70 ਲੱਖ ਨਸ਼ੀਲੀਆਂ ਗੋਲ?ੀਆਂ/ਕੈਪਸੂਲ ਅਤੇ 10.76 ਕਰੋੜ ਰੁਪਏ ਦੀ ਡਰੱਗ ਮਨੀ ਸ਼ਾਮਲ ਹੈ। 144 ਨਸ਼ਾ ਸਮੱਗਲਰਾਂ ਦੀਆਂ 74.27 ਕਰੋੜ ਰੁਪਏ ਦੀਆਂ ਗੈਰ-ਕਾਨੂੰਨੀ ਢੰਗ ਨਾਲ ਹਾਸਲ ਕੀਤੀਆਂ ਜਾਇਦਾਦਾਂ ਨੂੰ ਫ?ਰੀਜ਼ ਕੀਤਾ ਗਿਆ ਹੈ, ਜਦਕਿ ਇਸ ਮੁਹਿੰਮ ਤਹਿਤ ਸਥਾਨਕ ਅਥਾਰਟੀਆਂ ਵੱਲੋਂ ਨਸ਼ਾ ਸਮੱਗਲਰਾਂ ਦੀਆਂ 104 ਗੈਰ-ਕਾਨੂੰਨੀ ਤੌਰ 'ਤੇ ਬਣਾਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ 48 ਵੱਡੇ ਹਵਾਲਾ ਸੰਚਾਲਕਾਂ ਦੀ ਗ੍ਰਿਫ਼ਤਾਰੀ ਨਾਲ ਹਵਾਲਾ ਨੈੱਟਵਰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਸ਼ਟ ਕਰ ਦਿੱਤਾ ਗਿਆ ਹੈ, ਜਿਸ ਦੇ ਨਤੀਜੇ ਵਜੋਂ 10.76 ਕਰੋੜ ਰੁਪਏ ਦੀ ਰਿਕਵਰੀ ਹੋਈ ਹੈ। ਡੀ. ਜੀ. ਪੀ. ਗੌਰਵ ਯਾਦਵ ਨੇ 'ਈਚ ਵਨ ਅਡਾਪਟ ਵਨ' ਪ੍ਰੋਗਰਾਮ ਦਾ ਵੀ ਐਲਾਨ ਕੀਤਾ, ਜਿਸ ਤਹਿਤ ਡੀ. ਜੀ. ਪੀ. ਰੈਂਕ ਤੋਂ ਲੈ ਕੇ ਹੇਠਲੇ ਰੈਂਕ ਦਾ ਹਰ ਪੁਲਸ ਅਧਿਕਾਰੀ ਇਕ ਨਸ਼ਾ ਪੀੜਤ ਨੂੰ ਗੋਦ ਲਏਗਾ ਅਤੇ ਉਸ ਦੇ ਨਸ਼ਾ ਛੁਡਾਉਣ ਅਤੇ ਪੁਨਰਵਾਸ 'ਤੇ ਧਿਆਨ ਕੇਂਦਰਿਤ ਕਰੇਗਾ।

## ਫਰਦ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਸਰਕਾਰ ਨੂੰ ਲਿਖਿਆ ਗਿਆ ਪੱਤਰ

**ਪਤਰ ਪਰੇਰਕ**

ਜਲੰਧਰ 6 ਜੂਨ। ਸਮੂਹ ਫਰਦ ਕੇਂਦਰ ਸਟਾਫ਼ ਪੰਜਾਬ ਵੱਲੋਂ ਸੂਬਾ ਸਰਕਾਰ ਨੂੰ ਇਕ ਬੇਨਤੀ ਪੱਤਰ ਲਿਖਿਆ ਗਿਆ ਹੈ। ਜਿਸ ਵਿਚ ਸਮੂਹ ਮੁਲਾਜ਼ਮਾਂ ਵੱਲੋਂ ਕਿਹਾ ਗਿਆ ਹੈ ਅਸੀਂ ਪੰਜਾਬ ਵਿੱਚ ਲਗਭਗ 900 ਤੋਂ ਵੱਧ ਫਰਦ ਕੇਂਦਰ ਮੁਲਾਜ਼ਮ। ਇਨ੍ਹਾਂ ਵਿੱਚ ਜ਼ਿਲ੍ਹਾ ਮੈਨੇਜਰ, ਓਪਰੇਟਰਸ ਅਤੇ ਇੰਜੀਨੀਅਰ ਹਨ, ਜੋਕਿ ਪਿਛਲੇ 18 ਸਾਲਾਂ ਤੋਂ ਫਰਦ ਕੇਂਦਰ ਵਿੱਚ ਆਪਣੀ ਸੇਵਾਵਾਂ ਦਫ਼ਤਰੀ ਅਤੇ ਫੀਲਡ ਵਿੱਚ ਤਨਦੇਹੀ ਨਾਲ ਨਿਭਾ ਰਹੇ ਹਾਂ। ਅੱਗੇ ਲਿਖਦੇ ਕਿਹਾ ਗਿਆ ਹੈ ਕਿ ਮੁਲਾਜ਼ਮਾਂ ਨੇ ਫਰਦ ਕੇਂਦਰ ਦੇ ਪ੍ਰਾਜੈਕਟ ਨੂੰ ਨੇਪਰੇ ਚੜਾਉਣ ਲਈ ਅਣਥੱਕ ਮਿਹਨਤ ਕੀਤੀ, ਦੂਰ ਦਰਾਜੇ ਪਿੰਡਾਂ ਤੋਂ ਆ ਕੇ ਬਹੁਤ ਘੱਟ ਤਨਖ਼ਾਹਾਂ 'ਤੇ ਦਿਨ-ਰਾਤ ਇਕ ਕਰਕੇ ਸਾਰੇ ਪੰਜਾਬ ਦਾ ਜ਼ਮੀਨੀ ਰਿਕਾਰਡ ਆਨਲਾਈਨ ਕੀਤਾ। ਫਰਦ ਕੇਂਦਰ ਲਗਭਗ ਸਾਰਾ ਸਟਾਫ਼ ਸ਼ੁਰੂ ਤੋਂ (2007) ਜਦੋਂ ਦਾ ਪ੍ਰਾਜੈਕਟ ਸ਼ੁਰੂ ਹੋਇਆ ਹੈ, ਇਸ ਪ੍ਰਾਜੈਕਟ ਦੇ ਨਾਲ ਜੁੜੇ ਹਨ ਅਤੇ ਸਿਰਫ਼ ਇਸ ਆਸ ਵਿੱਚ ਬੈਠੇ ਹਨ ਕਿ ਅੱਜ ਨਹੀਂ ਤਾਂ ਕੱਲ੍ਹ ਨੂੰ ਕੋਈ ਅਫ਼ਸਰ ਕੋਈ ਸਰਕਾਰ ਸਾਡੀ ਗੱਲ ਸੁਣੇਗੀ ਅਤੇ ਸਾਨੂੰ ਸਾਡੀ ਮਿਹਨਤ ਦਾ ਫਲ ਸਾਨੂੰ ਸਾਡੇ ਚੰਗੇ ਭਵਿੱਖ ਵਜੋਂ ਨਵਾਜਿਆ ਜਾਵੇਗਾ। ਅੱਗੇ ਲਿਖਦੇ ਉਨ੍ਹਾਂ ਕਿਹਾ ਕਿ ਹਰ ਸਾਲ ਜਮਾਂਬੰਦੀਆਂ ਦਾਖ਼ਲ ਦੇ ਸਮੇਂ ਦਿਨ-ਰਾਤ ਲਗਾ ਕੇ ਅਪਡੇਸ਼ਨਾਂ ਕਰਨੀਆਂ, ਜਦੋਂ ਗਰਦੋਰੀਆਂ ਨੂੰ ਆਨਲਾਈਨ ਕਰਨ ਦੇ ਸਮੇਂ ਸਰਕਾਰ ਨੇ ਟਾਰਗੇਟ ਦਿੱਤੇ ਸੀ, ਉਸ ਵੇਲੇ ਵੀ ਸਾਡੇ ਫਰਦ ਕੇਂਦਰ ਆਪਰੇਟਰਾਂ ਨੇ ਹਰ ਸ਼ਨੀਵਾਰ ਐਤਵਾਰ ਛੁੱਟੀ ਵਾਲੇ ਦਿਨ ਵੀ ਲਗਾ ਕੇ ਸਰਕਾਰ ਦੇ ਦਿੱਤੇ ਟਾਰਗੇਟ ਨੂੰ ਸਮੇਂ ਸਿਰ ਪੂਰਾ ਕੀਤਾ। ਕੋਵਿਡ ਦੌਰਾਨ ਜਦੋਂ ਸਾਰੇ ਵੱਡੇ ਅਫ਼ਸਰ ਘਰ ਬੈਠ ਕੇ ਆਪਣੀ ਫਾਈਲਾਂ ਸਾਈਨ ਕਰਦੇ ਸੀ, ਉਸ ਵੇਲੇ ਸਾਡੇ ਫਰਦ ਕੇਂਦਰ ਆਪਰੇਟਰਾਂ ਦੀਆਂ ਡਿਊਟੀਆਂ ਫੀਲਡ ਵਿੱਚ ਲੱਗੀਆਂ ਸਨ ਅਤੇ ਅਸੀਂ ਉਸ ਦੌਰਾਨ ਵੀ ਅੱਗੇ ਹੋ ਕੇ ਸਰਕਾਰ ਦੇ ਹੁਕਮਾਂ ਦੀ ਪਾਲਣਾ ਕੀਤੀ ਅਤੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ। ਜਦੋਂ ਵੀ ਚੋਣਾਂ ਆਉਂਦੀਆਂ ਹਨ, ਉਦੋਂ ਹਰ ਵਾਰ ਸਾਡੇ ਫਰਦ ਕੇਂਦਰ ਓਪਰੇਟਰਾਂ ਦੀ ਡਿਊਟੀ ਲਗਾਈ ਜਾਂਦੀ ਹੈ ਫਰਦ ਕੇਂਦਰ ਦੇ ਓਪਰੇਟਰਾਂ ਨੇ ਹਮੇਸ਼ਾ ਸਰਕਾਰ ਦੇ ਹੁਕਮਾਂ ਨੂੰ ਸਿਰ ਮੱਥੇ 'ਤੇ ਲਿਆ ਅਤੇ ਸਰਕਾਰ ਦੁਆਰਾ ਦਿੱਤਾ ਹੋਇਆ ਕੰਮ ਪੂਰੀ ਇਮਾਨਦਾਰੀ ਨਾਲ ਕੀਤਾ। ਇਹ ਤੋਂ ਇਲਾਵਾ ਤਹਿਤ ਚਾਹੇ ਕਿਸਾਨਾਂ ਦੀਆ ਐਂਟਰੀਆਂ ਜਾ ਡੀਡ ਸਕੈਨ ਆਦਿ ਜੋ ਸਾਡੇ ਜੌਬ ਸਕੋਪ ਤੋਂ ਬਾਹਰ ਦੇ ਕੰਮ ਸੀ ਅਸੀ ਸਾਰੇ ਕੰਮ ਸਰਕਾਰ ਦੇ ਹੁਕਮਾਂ ਅਨੁਸਾਰ ਕੀਤੇ। ਇਹ ਕਿ ਹੁਣ ਸਾਨੂੰ ਪਤਾ ਲੱਗਾ ਹੈ ਕਿ ਸਰਕਾਰ ਫਰਦ ਕੇਂਦਰ ਦੇ ਓਪਰੇਟਰਾਂ/ਮੁਲਾਜ਼ਮਾਂ ਨੂੰ ਘਰ ਭੇਜਣ ਦੀ ਤਿਆਰੀ ਕਰ ਚੁੱਕੀ ਹੈ ਸਾਡੀਆਂ ਸੇਵਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਇਸ ਫ਼?ਕਰ ਸਬੰਧੀ ਸਾਡਾ 5 ਮੈਂਬਰੀ ਕਮੇਟੀ 17 ਮਾਰਚ 2025 ਨੂੰ ਸਤਿਕਾਰਯੋਗ ਹਰਪ੍ਰੀਤ ਸੂਦਨ ਜੀ (ਰੈਵਨਿਊ ਸੈਕਟਰੀ ਪੰਜਾਬ) ਅਤੇ 26 ਮਾਰਚ 2025 ਨੂੰ ਸਤਿਕਾਰਯੋਗ ਸ਼੍ਰੀ ਅਨੁਰਾਗ ਵਰਮਾ ਜੀ ਪੰਜਾਬ ਅਤੇ ਦੂਜੀ ਵਾਰ ਸਤਿਕਾਰਯੋਗ ਹਰਪ੍ਰੀਤ ਸੂਦਨ ਜੀ (ਰੈਵਨਿਊ ਸੈਕਟਰੀ ਪੰਜਾਬ) ਜੀ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੇ ਸਾਨੂੰ ਭਰੋਸਾ ਦਿੱਤਾ ਸੀ ਕਿ ਅਸੀਂ ਤੁਹਾਡੀਆਂ ਸੇਵਾਵਾਂ ਨਹੀਂ ਖ਼ਤਮ ਕਰ ਰਹੇ ਅਤੇ ਤੁਹਾਡੇ ਲਈ ਸਾਡੇ ਕੋਲ ਰੋਡ ਮੈਪ ਤਿਆਰ ਹੈ। ਪਰ ਇਹ ਸਿਰਫ ਇਕ ਝੂਠ ਦਾ ਪੁਲੰਦਾ ਅਤੇ ਇਕ ਲਾਰਾ ਸਾਬਿਤ ਹੁੰਦਾ ਦਿੱਖ ਰਿਹਾ ਹੈ ਕਿਉਂਕਿ ਹੁਣ ਕੰਪਨੀ ਦੁਆਰਾ ਸਾਨੂੰ ਅਪ੍ਰੈਲ ਅਤੇ ਮਈ ਮਹੀਨੇ ਦੀ ਸੈਲਰੀ ਅਜੇ ਤੱਕ ਨਹੀਂ ਦਿੱਤੀ ਗਈ। ਇਸ ਸਬੰਧੀ ਜਦੋਂ ਅਸੀਂ ਆਪਣੇ ਕੰਪਨੀ ਕੰਪਿਊਟਰ ਲਿਮਟਿਡ ਦੇ ਅਧਿਕਾਰੀਆਂ ਨੂੰ ਤਨਖ਼ਾਹ ਸਬੰਧੀ ਪੁੱਛਿਆ ਅਤੇ ਉਨ੍ਹਾਂ ਨੇ ਸਾਨੂੰ ਦੱਸਿਆ ਕਿ 20 ਅਕਤੂਬਰ 2024 ਤੋਂ ਬਾਅਦ ਸਾਡਾ ਕੰਟਰੈਕਟ ਖ਼ਤਮ ਹੋ ਗਿਆ ਹੈ ਅਤੇ ਸਰਕਾਰ ਵੱਲੋਂ ਕੰਟਰੈਕਟ ਦੇ ਵਾਧੇ ਵਿੱਚ ਅਜੇ ਕੋਈ ਫੈਸਲਾ ਨਹੀਂ ਕੀਤਾ ਜਾ ਰਿਹਾ ਅਤੇ ਨਾ ਹੀ ਸਾਡੀ ਕੋਈ ਪੇਮੈਂਟ ਰਿਲੀਜ਼ ਕੀਤੀ ਗਈ ਹੈ ਜਿਸ ਕਰਕੇ ਕੰਪਨੀ ਨੇ ਸਾਨੂੰ ਅਪ੍ਰੈਲ ਅਤੇ ਮਈ ਦੀ ਤਨਖਾਹਾਂ ਦੇਣ ਵਿੱਚ ਅਸਮੱਰਥਤਾ ਵਿਖਾਈ ਹੈ। ਇਸ ਲਈ ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਕਿ ਸਾਨੂੰ ਓਪਰੇਟਰਾਂ ਨੂੰ ਜੋਕਿ ਪਹਿਲਾਂ ਹੀ ਬਹੁਤ ਘੱਟ ਤਨਖ਼ਾਹਾਂ ਵਿੱਚ ਗੁਜ਼ਾਰਾ ਕਰ ਰਹੇ ਹਨ ਅਤੇ ਲੰਬੇ ਸਮੇਂ ਤੋਂ ਫਰਦ ਕੇਂਦਰ ਨਾਲ ਜੁੜੇ ਹੋਣ ਕਰਕੇ ਸਾਨੂੰ ਕਿਸੇ ਹੋਰ ਫੀਲਡ ਦਾ ਤਜ਼ਰਬਾ ਵੀ ਨਹੀਂ ਹੈ ਅਤੇ 60% ਸਟਾਫ਼ ਜੋਕਿ ਓਵਰ ਏਜ ਵੀ ਹੋ ਚੁੱਕਿਆ ਹੈ। ਇਨ੍ਹਾਂ ਹਾਲਾਤ ਵਿੱਚ ਜੇਕਰ ਸਾਡੀ ਨੌਕਰੀ ਚਲੀ ਜਾਂਦੀ ਹੈ ਅਤੇ ਸਾਡੇ ਆਰਥਿਕ ਹਾਲਾਤ ਬੜੇ ਬਦਤਰ ਹੋ ਜਾਣਗੇ। ਅੱਗੇ ਲਿਖਦੇ ਉਨ੍ਹਾਂ ਕਿਹਾ ਕਿ ਸਾਡੀ ਹੱਥ ਜੋੜ ਕੇ ਬੇਨਤੀ ਹੈ ਕਿ ਸਾਨੂੰ ਲਗਭਗ 900 ਤੋਂ ਵੱਧ ਸਟਾਫ਼ ਨੂੰ ਬੇਰੋਜ਼ਗਾਰ ਨਾ ਕੀਤਾ ਜਾਵੇ, ਕਿਉਂਕਿ ਅਸੀਂ ਆਪਰੇਟਸ ਲੰਬੇ ਸਮੇਂ ਤੋਂ ਰੈਵੀਨਿਊ ਫੀਲਡ ਵਿੱਚ ਹੋਣ ਕਰਕੇ ਅਸੀਂ ਲੈਂਡ ਰਿਕਾਰਡ ਦਾ ਕੰਮ ਤਕਨੀਕੀ ਤੌਰ 'ਤੇ ਬੜੇ ਵਧੀਆ ਢੰਗ ਨਾਲ ਦੇਖ, ਸਮਝ ਅਤੇ ਚਲਾ ਸਕਦੇ ਹਾਂ। ਇਸ ਲਈ ਸਾਡੀਆਂ ਸੇਵਾਵਾਂ ਨੂੰ ਖ਼ਤਮ ਨਾ ਕੀਤਾ ਜਾਵੇ।

## ਪੰਜਾਬ ਪੁਲਸ ਨੇ ਕਿਸ਼ਨ ਗੈਂਗ ਦਾ ਤੋੜਿਆ ਲੱਕ, ਦੋ ਸਾਥੀਹਥਿਆਰਾਂ ਸਮੇਤ ਗ੍ਰਿਫ਼ਤਾਰ

ਅੰਮ੍ਰਿਤਸਰ 6 ਜੂਨ। ਅੰਮ੍ਰਿਤਸਰ 'ਚ ਵੱਧ ਰਹੀਆਂ ਕ੍ਰਾਈਮ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਲਗਾਤਾਰ ਅੰਮ੍ਰਿਤਸਰ ਪੁਲਸ ਵੱਲੋਂ ਹਰ ਤਰੀਕੇ ਦੀਆਂ ਸੰਭਵ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਤੇ ਨਾਕਾਬੰਦੀਆਂ ਕਰਕੇ ਸਖਤਾਈ ਕੀਤੀ ਜਾ ਰਹੀ ਹੈ। ਅੰਮ੍ਰਿਤਸਰ ਦੇ ਛੇਹਰਟਾ ਵਿਖੇ ਹੋਏ ਕੌਂਸਲਰ ਹਰਜਿੰਦਰ ਬਾਮਨ ਦੇ ਕਤਲ ਤੋਂ ਬਾਅਦ ਲਗਾਤਾਰ ਕਿਸ਼ਨ ਗੈਂਗ ਦੇ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ 'ਚ ਪੁਲਸ ਨੂੰ ਵੱਡੀ ਸਫ਼ਲਤਾ ਮਿਲ ਰਹੀ ਹੈ। ਜਿਸ ਦੇ ਚਲਦਿਆਂ ਅੰਮ੍ਰਿਤਸਰ ਥਾਣਾ ਮੋਹਕਮਪੁਰਾ ਦੀ ਪੁਲਸ ਨੂੰ ਉਸ ਸਮੇਂ ਵੱਡੀ ਸਫਲਤਾ ਹੱਥ ਲੱਗੀ ਜਦੋਂ ਉਨ੍ਹਾਂ ਨੇ ਜੰਡਿਆਲਾ ਗੁਰੂ ਦੇ ਕਿਸ਼ਨ ਗੈਂਗ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ। ਇਸ ਸਬੰਧੀ ਐੱਸਪੀ ਸਿਟੀ 3 ਜਗਰੂਪ ਕੌਰ ਬਾਠ ਨੇ ਦੱਸਿਆ ਕਿ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਪਛਾਣ ਚਾਂਦ ਆਨੰਦ ਤੇ ਬਚਿੱਤਰ ਸਿੰਘ ਉਰਫ ਲਿਖਾਰੀ ਦੇ ਰੂਪ 'ਚ ਹੋਈ ਹੈ, ਜੋ ਕਿ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਰਹਿਣ ਵਾਲੇ ਹਨ। ਜਿਨ੍ਹਾਂ ਕੋਲੋਂ ਇੱਕ ਪਿਸਤੌਲ 32 ਬੋਰ ਦੇਸੀ , ਚਾਰ ਜਿੰਦਾ ਕਾਰਤੂਸ ਅਤੇ 32 ਬੋਰ ਪਿਸਤੌਲ ਗਲੋਕਸ ਸਮੇਤ ਤਿੰਨ ਰੋਂਦ ਜਿੰਦਾ 09 ਐਮਐਮ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਨੂੰ ਥਾਣਾ ਮੋਹਕਮਪੁਰਾ ਦੀ ਪੁਲਸ ਨੇ ਸਨਸਟੀ ਮੋੜ ਤੋਂ ਨਾਕੇਬੰਦੀ ਕਰਕੇ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਮੁਲਜ਼ਮ ਜੰਡਿਆਲਾ ਗੁਰੂ ਦੇ ਕਿਸ਼ਨ ਜੋ ਇਸ ਸਮੇਂ ਦੁਬਈ 'ਚ ਰਹਿੰਦਾ ਹੈ, ਕੋਲੋਂ ਹਥਿਆਰ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਦੀ ਪਛਾਣ ਚਾਂਦ ਆਨੰਦ ਤੇ ਬਚਿੱਤਰ ਸਿੰਘ ਉਰਫ ਲਿਖਾਰੀ ਦੇ ਰੂਪ 'ਚ ਹੋਈ ਹੈ, ਜੋ ਕਿ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਖਰੀਦਦੇ ਸਨ ਅਤੇ ਮੋਹਕਮਪੁਰਾ ਇਲਾਕੇ ਵਿੱਚ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ। ਫਿਲਹਾਲ ਇਨ੍ਹਾਂ ਨੂੰ ਗ੍ਰਿਫਤਾਰ ਕਰਨ 'ਚ ਪੁਲਸ ਨੂੰ ਇੱਕ ਵੱਡੀ ਸਫਲਤਾ ਹਾਸਲ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਕਿਸ਼ਨ ਗੈਂਗ ਵੱਲੋਂ ਅੰਮ੍ਰਿਤਸਰ ਦੇ ਛੇਹਰਟਾ ਵਿਖੇ ਜੰਡਿਆਲਾ ਗੁਰੂ ਦੇ ਕੌਂਸਲਰ ਹਰਜਿੰਦਰ ਸਿੰਘ ਬਾਮਨ ਦਾ ਵੀ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ ਜਿਸ ਤੋਂ ਬਾਅਦ ਪੁਲਸ ਵੱਲੋਂ ਗੈਂਗ ਦੇ ਕਈ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਕਿਸ਼ਨ ਦੇ ਭਰਾ ਗੁਰਪ੍ਰੀਤ ਸਿੰਘ ਗੋਪੀ ਦਾ ਐਨਕਾਊਂਟਰ ਵੀ ਕੀਤਾ ਹੈ। ਜਿਸ ਤੋਂ ਬਾਅਦ ਲਗਾਤਾਰ ਹੀ ਪੁਲਸ ਹੁਣ ਕਿਸ਼ਨ ਗੈਂਗ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਦੇ ਵਿੱਚ ਸਫਲਤਾ ਹਾਸਲ ਕਰ ਰਹੀ ਹੈ।